17-OCT-PAGE-1.qxd 10/16/2024 10:12 PM Page 1

ਵੀਰਵਾਰ, 17 ਅਕਤੂਬਰ, 2024

1 ਕੱਤਕ { ਨਾਨਕਸ਼ਾਹੀ 556 / ਬਿਕਰਮੀ 2081

ਜਿਲਦ/VOL. : 73

ਅੰਕ/NO. : 137

# ਨਵਾਂ ਜ਼ਮਾਨਾ

DAILY NAWAN ZAMANA • THURSDAY, 17 OCTOBER, 2024 ਜਲੰਧਰ

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

**'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ**

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

## ਧਮਕੀਆਂ ਦਰਮਿਆਨ ਗਿਆਨੀ ਹਰਪ੍ਰੀਤ ਸਿੰਘ ਦਾ ਅਸਤੀਫ਼ਾ

### ਸ਼੍ਰੋਮਣੀ ਕਮੇਟੀ ਨੂੰ ਕੋਈ ਕਾਰਵਾਈ ਨਾ ਕਰਨ ਦਾ ਮਾਰਿਆ ਮਿਹਣਾ



**ਅੰਮ੍ਰਿਤਸਰ** : ਪੰਥਕ ਸਿਆਸਤ 'ਚ ਸੰਕਟ ਦਰਮਿਆਨ ਬੁੱਧਵਾਰ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਇਹ ਦੋਸ਼ ਲਾ ਕੇ ਅਸਤੀਫਾ ਦੇ ਦਿੱਤਾ ਕਿ ਉਨ੍ਹਾ ਨੂੰ ਧਮਕੀਆਂ ਮਿਲ ਰਹੀਆਂ ਹਨ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਈ ਕਾਰਵਾਈ ਨਹੀਂ ਕਰ ਰਹੀ। ਮੰਗਲਵਾਰ ਸਿੰਘ ਸਾਹਿਬਾਨ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੂੰ ਸਾਬਕਾ ਵਿਧਾਇਕ ਵਿਰਸਾ ਸਿੰਘ ਵਲਟੋਹਾ ਨੂੰ ਦਲ 'ਚੋਂ 10 ਸਾਲ ਲਈ ਕੱਢਣ ਦੇ ਦਿੱਤੇ ਆਦੇਸ਼ ਤੋਂ ਬਾਅਦ ਗਿਆਨੀ ਹਰਪ੍ਰੀਤ ਸਿੰਘ ਨੇ ਅਸਤੀਫਾ ਦਿੱਤਾ ਹੈ। ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਸੀ ਕਿ ਵਲਟੋਹਾ ਨੇ ਤਨਖਾਹੀਆ ਕਰਾਰ ਦਿੱਤੇ ਗਏ ਸੁਖਬੀਰ ਸਿੰਘ ਬਾਦਲ ਨੂੰ ਸਖਤ ਸਜ਼ਾ ਦੇਣ ਖਿਲਾਫ ਉਨ੍ਹਾ ਨੂੰ ਧਮਕਾਇਆ ਸੀ। ਵਲਟੋਹਾ ਨੇ ਗਿਆਨੀ ਹਰਪ੍ਰੀਤ ਸਿੰਘ ਦੇ ਰੋਲ 'ਤੇ ਸਵਾਲ ਚੁੱਕੇ ਸਨ। ਵਲਟੋਹਾ ਨੇ ਦੋਸ਼ ਲਾਇਆ ਸੀ ਕਿ ਉਹ ਭਾਜਪਾ ਤੇ ਆਰ ਐੱਸ ਐੱਸ ਦੇ ਪਿੱਠੂ ਹਨ।ਅਮਿਤ ਸ਼ਾਹ ਨਾਲ ਨੇੜਤਾ ਰੱਖਦੇ ਹਨ। ਪਤਿਤ ਸਿੱਖ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਬੇਟੇ ਦੇ ਵਿਆਹ ਵਿਚ ਸ਼ਾਮਲ ਹੋਏ। ਰਾਘਵ ਚੱਢਾ ਦੇ ਵਿਆਹ ਵਿਚ ਸ਼ਮੂਲੀਅਤ ਕੀਤੀ। ਇਹ ਸਾਰੇ ਦੋਸ਼ ਵਲਟੋਹਾ ਨੇ ਮੰਗਲਵਾਰ ਸ੍ਰੀ ਅਕਾਲ ਤਖਤ ਸਾਹਿਬ ਉਤੇ ਪੇਸ਼ ਹੋ ਕੇ ਦਿੱਤੇ ਸਪੱਸ਼ਟੀਕਰਨ 'ਚ ਵੀ ਲਾਏ ਸਨ। ਗਿਆਨੀ ਹਰਪ੍ਰੀਤ ਸਿੰਘ, ਜਿਹੜੇ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਵੀ ਰਹਿ ਚੁੱਕੇ ਹਨ, ਨੇ ਵੀਡੀਓ ਸੰਦੇਸ਼ ਵਿਚ ਭਾਵੁਕ ਹੁੰਦਿਆਂ ਕਿਹਾ—ਮੈਂ ਬੇਦਾਗ ਜਾ ਰਿਹਾ ਹਾਂ। ਸੇਵਾ ਦੌਰਾਨ ਜੇਕਰ ਮੇਰੇ ਕੋਲੋਂ ਕੋਈ ਗਲਤੀ ਹੋਈ ਹੋਵੇ ਤਾਂ ਮੈਂ ਖਿਮਾ ਦਾ ਯਾਚਕ ਹਾਂ। ਵਿਰਸਾ ਸਿੰਘ ਵਲਟੋਹਾ ਮੇਰੇ ਅਤੇ ਮੇਰੇ ਪਰਵਾਰ ਖਿਲਾਫ ਨਿੱਜੀ ਹਮਲੇ ਕਰ ਰਿਹਾ ਹੈ। ਮੈਨੂੰ ਵਲਟੋਹਾ ਵੱਲੋਂ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਵਲਟੋਹਾ ਦੀ ਪੁਸ਼ਤ-ਪਨਾਹੀ ਅਕਾਲੀ ਦਲ ਦਾ ਸੋਸ਼ਲ ਮੀਡੀਆ ਕਰ ਰਿਹਾ ਹੈ। ਵਲਟੋਹਾ ਨੇ ਹੁਣ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ ਹਨ। ਮੇਰੇ ਪਰਵਾਰ ਨੂੰ ਨੰਗਿਆਂ ਕਰਨ ਦੇ ਸੁਨੇਹੇ ਭਿਜਵਾਏ ਜਾ ਰਹੇ ਹਨ। ਮੇਰੀ ਜਾਤ ਤੱਕ ਪਰਖੀ ਗਈ। ਮੈਂ ਕਦੇ ਸੋਚਿਆ ਨਹੀਂ ਸੀ ਕਿ ਵਿਰਸਾ ਸਿੰਘ ਵਲਟੋਹਾ ਏਨਾ ਘਟੀਆ ਅਤੇ ਏਨਾ ਹੇਠਾਂ ਡਿੱਗੇਗਾ। ਇਹੋ ਜਿਹੇ ਹਾਲਾਤ ਵਿਚ ਅਸੀਂ ਤਖਤ ਦੀ ਸੇਵਾ ਨਹੀਂ ਕਰ ਸਕਦੇ। ਇਹ ਸਾਰੀਆਂ ਗੱਲਾਂ ਮੇਰੇ ਬਰਦਾਸ਼ਤ ਤੋਂ ਬਾਹਰ ਹਨ। ਇਸ ਸਭ ਦੇ ਬਾਵਜੂਦ ਮੇਰੀ ਸੰਸਥਾ ਸ਼੍ਰੋਮਣੀ ਕਮੇਟੀ ਇਸ ਸਾਰੇ ਮਾਮਲੇ ਵਿਚ ਚੁੱਪ ਹੈ। ਜਿੱਥੇ ਮੈਂ ਇਕ ਜਥੇਦਾਰ ਹਾਂ, ਉਥੇ ਮੈਂ ਧੀਆਂ ਦਾ ਪਿਓ ਵੀ ਹਾਂ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਉਨ੍ਹਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੂੰ ਆਪਣਾ ਅਸਤੀਫਾ ਭੇਜ ਦਿੱਤਾ ਹੈ ਅਤੇ ਪ੍ਰਵਾਨ ਕਰਨ ਦੀ ਬੇਨਤੀ ਕੀਤੀ ਹੈ। ਉਹ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਨੂੰ ਅਪੀਲ ਕਰਦੇ ਹਨ ਕਿ ਉਨ੍ਹਾ ● ਬਾਕੀ ਸਫ਼ਾ 2 'ਤੇ

## ਕੈਨੇਡਾ ਤੋਂ ਬਾਅਦ ਭਾਰਤ ਦਾ ਅਮਰੀਕਾ ਨਾਲ ਤਣਾਅ ਪੈਦਾ ਹੋਣ ਦਾ ਖਦਸ਼ਾ

**ਨਵੀਂ ਦਿੱਲੀ** : ਕੈਨੇਡਾ ਤੋਂ ਬਾਅਦ ਭਾਰਤ ਦਾ ਅਮਰੀਕਾ ਨਾਲ ਤਣਾਅ ਪੈਦਾ ਹੋਣ ਦਾ ਖਦਸ਼ਾ ਬਣ ਗਿਆ ਹੈ, ਕਿਉਂਕਿ ਅਮਰੀਕਾ ਨੇ ਸਿੱਖਸ ਫਾਰ ਜਸਟਿਸ ਦੇ ਖਾਲਿਸਤਾਨ ਪੱਖੀ ਆਗੂ ਗੁਰਪਤਵੰਤ ਸਿੰਘ ਪਨੂੰ ਦੇ ਕਤਲ ਦੀ ਨਾਕਾਮ ਸਾਜ਼ਿਸ਼ ਦੇ ਸੰਬੰਧ ਵਿਚ ਇਕ ਭਾਰਤੀ ਪੁਲਸ ਅਫਸਰ ਖਿਲਾਫ ਭਾਰਤ ਤੋਂ ਕਾਰਵਾਈ ਦੀ ਮੰਗ ਕੀਤੀ ਹੈ। ਅਮਰੀਕਾ ਦੇ ਨਿਆਂ ਵਿਭਾਗ ਨੇ ਇਸ ਮਾਮਲੇ ਵਿਚ ਇਸ ਭਾਰਤੀ ਅਫਸਰ ਵੱਲ ਉਂਗਲ ਉਠਾਈ ਹੈ।

'ਕੁਝ ਖਾਸ ਵਿਅਕਤੀਆਂ' ਦੀਆਂ ਸਰਗਰਮੀਆਂ ਦੀ ਜਾਂਚ ਲਈ ਕਾਇਮ ਭਾਰਤੀ ਜਾਂਚ ਕਮੇਟੀ ਪਹਿਲਾਂ ਹੀ ਅਮਰੀਕੀ ਰਾਜਧਾਨੀ ਵਾਸ਼ਿੰਗਟਨ ਡੀ ਸੀ ਪੁੱਜੀ ਹੋਈ ਹੈ, ਜਿਸ ਵਿਚ ਉਪ ਕੌਮੀ ਸੁਰੱਖਿਆ ਸਲਾਹਕਾਰ ਵੀ ਸ਼ਾਮਲ ਹਨ।

ਅਮਰੀਕੀ ਵਿਦੇਸ਼ ਵਿਭਾਗ ਨੇ ਇਸ ਸੰਬੰਧੀ ਕਿਹਾ ਹੈ—ਭਾਰਤੀ ਧਿਰ 14 ਅਕਤੂਬਰ ਨੂੰ ਉਸ ਵਿਅਕਤੀ ਬਾਰੇ ਸਰਗਰਮੀ ਨਾਲ ਜਾਂਚ ਕਰ ਰਹੀ ਸੀ, ਜਿਸ ਦੀ ਬੀਤੇ ਸਾਲ ਅਮਰੀਕੀ ਨਿਆਂ ਵਿਭਾਗ ਦੇ ਦੋਸ਼ਾਂ ਵਿਚ 'ਭਾਰਤ ਸਰਕਾਰ ਦੇ ਉਸ ਮੁਲਾਜ਼ਮ' ਵਜੋਂ ਸ਼ਨਾਖਤ ਕੀਤੀ ਗਈ ਸੀ, ਜਿਸ ਨੇ ਨਿਊ ਯਾਰਕ ਸਿਟੀ ਵਿਚ ਇਕ ਅਮਰੀਕੀ ਨਾਗਰਿਕ (ਪਨੂੰ) ਦੀ ਹੱਤਿਆ ਦੀ ਨਾਕਾਮ ਸਾਜ਼ਿਸ਼ ਘੜੀ ਸੀ।

ਨਿਆਂ ਵਿਭਾਗ ਵੱਲੋਂ ਇਸ ਭਾਰਤੀ ਮੁਲਾਜ਼ਮ ਨੂੰ 'ਸੀ ਸੀ-1' ਕੋਡ ਨਾਂਅ ਦਿੱਤਾ ਗਿਆ ਹੈ। ਸੂਤਰਾਂ ਮੁਤਾਬਕ 'ਸੀ ਸੀ-1' ਇਕ ਪੁਲਸ ਅਫਸਰ ਹੈ, ਜਿਹੜਾ ਉਸ ਵੇਲੇ ਉੱਤਰੀ ਅਮਰੀਕਾ ਵਿਚ ਤਾਇਨਾਤ ਸੀ ਤੇ ਹੁਣ ਭਾਰਤ ਵਿਚ ਤਾਇਨਾਤ ਹੈ। ਅਮਰੀਕੀ ਵਿਦੇਸ਼ ਵਿਭਾਗ ਨੇ ਹੋਰ ਕਿਹਾ—ਇਸ ਤੋਂ ਇਲਾਵਾ, ਭਾਰਤ ਨੇ ਅਮਰੀਕਾ ਨੂੰ ਦੱਸਿਆ ਹੈ ਕਿ ਉਸ ਵੱਲੋਂ ਇਕ ਸਾਬਕਾ ਸਰਕਾਰੀ ਮੁਲਾਜ਼ਮ ਦੇ ਹੋਰ ਸੰਬੰਧਾਂ ਦੀ ਵੀ ਜਾਂਚ ਕੀਤੀ ਜਾ ਰਹੀ ਹੈ ਅਤੇ ਲੋੜ ਪੈਣ ਉਤੇ ਇਸ ਸੰਬੰਧੀ ਅਗਲੇਰੇ ਕਦਮ ਚੁੱਕੇ ਜਾਣਗੇ।

ਇਸ ਤੋਂ ਇਲਾਵਾ ਬੀਤੇ ਸਤੰਬਰ ਮਹੀਨੇ ਅਮਰੀਕਾ ਦੀ ਨਿਊ ● ਬਾਕੀ ਸਫ਼ਾ 2 'ਤੇ

## ਉਮਰ ਅਬਦੁੱਲਾ ਨੇ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ, ਸੁਰਿੰਦਰ ਚੌਧਰੀ ਉਪ ਮੁੱਖ ਮੰਤਰੀ



**ਸ੍ਰੀਨਗਰ** : ਨੈਸ਼ਨਲ ਕਾਨਫਰੰਸ ਦੇ ਆਗੂ ਉਮਰ ਅਬਦੁੱਲਾ ਨੇ ਬੁੱਧਵਾਰ ਕੇਂਦਰ ਸ਼ਾਸਤ ਪ੍ਰਦੇਸ਼ ਜੰਮੂ ਅਤੇ ਕਸ਼ਮੀਰ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ। ਉਪ ਰਾਜਪਾਲ ਮਨੋਜ ਸਿਨਹਾ ਨੇ ਉਨ੍ਹਾ ਨੂੰ ਅਹੁਦੇ ਅਤੇ ਰਾਜ਼ਦਾਰੀ ਦੀ ਸਹੁੰ ਚੁਕਾਈ। ਉਮਰ ਅਬਦੁੱਲਾ ਨੇ ਦੂਜੀ ਵਾਰ ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਵਜੋਂ ਅਹੁਦਾ ਸੰਭਾਲਿਆ ਹੈ। ਇਸ ਤੋਂ ਪਹਿਲਾਂ ਉਹ 2009 ਤੋਂ 2014 ਤੱਕ ਮੁੱਖ ਮੰਤਰੀ ਰਹੇ ਸਨ, ਜਦੋਂ ਜੰਮੂ-ਕਸ਼ਮੀਰ ਨੂੰ ਪੂਰੇ ਰਾਜ ਦਾ ਦਰਜਾ ਹਾਸਲ ਸੀ। ਪਹਿਲਾਂ ਉਨ੍ਹਾ ਦੇ ਦਾਦਾ ਸ਼ੇਖ ਅਬਦੁੱਲਾ ਤੇ ਪਿਤਾ ਫਾਰੂਕ ਅਬਦੁੱਲਾ ਵੀ ਮੁੱਖ ਮੰਤਰੀ ਰਹਿ ਚੁੱਕੇ ਹਨ।

ਉਮਰ ਅਬਦੁੱਲਾ ਤੋਂ ਬਾਅਦ ਪੰਜ ਮੰਤਰੀਆਂ ਨੇ ਵੀ ਸਹੁੰ ਚੁੱਕੀ, ਜਿਨ੍ਹਾਂ ਵਿਚ ਸਕੀਨਾ ਮਸੂਦ (ਈਟੂ), ਜਾਵੇਦ ਡਾਰ, ਜਾਵੇਦ ਰਾਣਾ, ਸੁਰਿੰਦਰ ਕੁਮਾਰ ਚੌਧਰੀ ਅਤੇ ਸਤੀਸ਼ ਸ਼ਰਮਾ ਸ਼ਾਮਲ ਹਨ। ਈਟੂ ਤੇ ਡਾਰ ਕਸ਼ਮੀਰ ਵਾਦੀ ਅਤੇ ਰਾਣਾ, ਚੌਧਰੀ ਤੇ ਸ਼ਰਮਾ ਜੰਮੂ ਖਿੱਤੇ ਨਾਲ ਸੰਬੰਧਤ ਹਨ। ਨੌਸ਼ਹਿਰਾ ਹਲਕੇ ਵਿਚ ਭਾਜਪਾ ਦੇ ਪ੍ਰਧਾਨ ਰਵਿੰਦਰ ਰੈਣਾ ਨੂੰ ਹਰਾਉਣ ਵਾਲੇ ਸੁਰਿੰਦਰ ਕੁਮਾਰ ਚੌਧਰੀ ਉਪ ਮੁੱਖ ਮੰਤਰੀ ਹੋਣਗੇ। ਪਾਰਟੀਆਂ ਬਦਲਦੇ ਰਹਿਣ ਵਾਲੇ ਚੌਧਰੀ ਪਿਛਲੇ ਸਾਲ ਹੀ ਭਾਜਪਾ ਤੋਂ ਨੈਸ਼ਨਲ ਕਾਨਫਰੰਸ 'ਚ ਆਏ ਸਨ। ਜੰਮੂ ਖੇਤਰ ਤੋਂ ਨੈਸ਼ਨਲ ਕਾਨਫਰੰਸ ਦੇ ਇੱਕੋ-ਇੱਕ ਹਿੰਦੂ ਚਿਹਰੇ ਨੂੰ ਉਪ ਮੁੱਖ ਮੰਤਰੀ ਇਸ ਕਰਕੇ ਬਣਾਇਆ ਗਿਆ ਹੈ, ਕਿਉਂਕਿ ਪਾਰਟੀ ਇਹ ਸੁਨੇਹਾ ਦੇਣਾ ਚਾਹੁੰਦੀ ਹੈ ਕਿ ਉਹ ਜੰਮੂ ਵਾਲਿਆਂ ਦਾ ਵੀ ਬਰਾਬਰ ਖਿਆਲ ਰੱਖੇਗੀ। ਸਕੀਨਾ ਈਟੂ ਵਾਹਦ ਮਹਿਲਾ ਮੰਤਰੀ ਹੈ। ਉਹ 2008 ਵਿਚ ਵੀ ਮੰਤਰੀ ਬਣੀ ਸੀ। ਸਤੀਸ਼ ਸ਼ਰਮਾ ਛੰਬ ਤੋਂ ਆਜ਼ਾਦ ਜਿੱਤੇ ਹਨ। ਤਿੰਨ ਹੋਰ ਮੰਤਰੀਆਂ ਦੇ ਅਹੁਦੇ ਖਾਲੀ ਹਨ, ਜਿਹੜੇ ਬਾਅਦ 'ਚ ਭਰੇ ਜਾਣਗੇ।

ਨੈਸ਼ਨਲ ਕਾਨਫਰੰਸ ਦੀ ਚੋਣ ਭਾਈਵਾਲ ਕਾਂਗਰਸ ਨੇ ਹਾਲ ਦੀ ਘੜੀ ਸਰਕਾਰ ਵਿਚ ਸ਼ਾਮਲ ਹੋਣ ਤੋਂ ਨਾਂਹ ਕਰ ਦਿੱਤੀ ਹੈ। ਜੰਮੂ-ਕਸ਼ਮੀਰ ਕਾਂਗਰਸ ਦੇ ਪ੍ਰਧਾਨ ਤਾਰਿਕ ਹਮੀਦ ਕਰਾ ਨੇ ਕਿਹਾ ਕਿ ਕਾਂਗਰਸ ਫਿਲਹਾਲ ਵਜ਼ਾਰਤ ਵਿਚ ਸ਼ਾਮਲ ਨਹੀਂ ਹੋਵੇਗੀ, ਕਿਉਂਕਿ ਜੰਮੂ-ਕਸ਼ਮੀਰ ਨੂੰ ਰਾਜ ਦਾ ਦਰਜਾ ਨਾ ਦਿੱਤੇ ਜਾਣ ਕਾਰਨ ਉਹ ਨਾਖੁਸ਼ ਹੈ।

ਸਹੁੰ-ਚੁੱਕ ਸਮਾਗਮ ਵਿਚ ਇੰਡੀਆ ਗੱਠਜੋੜ ਦੇ ਆਗੂਆਂ ਨੇ ਹੁੰਮ-ਹੁਮਾ ਕੇ ਸ਼ਿਰਕਤ ਕੀਤੀ। ਸ਼ੇਰ-ਏ-ਕਸ਼ਮੀਰ ਕੌਮਾਂਤਰੀ ਕਨਵੈਨਸ਼ਨ ਸੈਂਟਰ ਵਿਚ ਹੋਏ ਸਮਾਗਮ ਵਿਚ ਰਾਹੁਲ ਗਾਂਧੀ, ਪ੍ਰਿਅੰਕਾ ਗਾਂਧੀ, ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ, ਸਮਾਜਵਾਦੀ ਪਾਰਟੀ ਮੁਖੀ ਅਖਿਲੇਸ਼ ਯਾਦਵ, ਭਾਰਤੀ ਕਮਿਊਨਿਸਟ ਪਾਰਟੀ ਦੇ ਜਨਰਲ ਸਕੱਤਰ ਡੀ ਰਾਜਾ, ਮਾਰਕਸੀ ਪਾਰਟੀ ਦੇ ਜਨਰਲ ਸਕੱਤਰ ਪ੍ਰਕਾਸ਼ ਕਰਤ, ਡੀ ਐੱਮ ਕੇ ਦੀ ਕਨੀਮੋਝੀ ਅਤੇ ਐੱਨ ਸੀ ਪੀ ਦੀ ਸੁਪ੍ਰੀਆ ਸੂਲੇ ਹਾਜ਼ਰ ਸਨ। ਪੀ ਡੀ ਪੀ ਮੁਖੀ ਮਹਿਬੂਬਾ ਮੁਫਤੀ ਨੇ ਵੀ ਹਾਜ਼ਰੀ ਭਰੀ। ਅਬਦੁੱਲਾ ਪਰਵਾਰ ਵੱਲੋਂ ਉਮਰ ਦੇ ਪਿਤਾ ਫਾਰੂਕ ਅਬਦੁੱਲਾ, ਮਾਤਾ ਮੌਲੀ ਅਬਦੁੱਲਾ, ਉਨ੍ਹਾਂ ਦੀਆਂ ਦੋ ਭੈਣਾਂ ਤੇ ਦੋ ਪੁੱਤਰ ਪੁੱਜੇ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਉਮਰ ਅਬਦੁੱਲਾ ਨੂੰ ਵਧਾਈ ਦਿੰਦਿਆਂ ਕਿਹਾ ਹੈ ਕਿ ਕੇਂਦਰ ਜੰਮੂ-ਕਸ਼ਮੀਰ ਦੀ ਤਰੱਕੀ ਲਈ ਉਨ੍ਹਾ ਅਤੇ ਉਨ੍ਹਾ ਦੀ ਟੀਮ ਨਾਲ ਮਿਲ ਕੇ ਕੰਮ ਕਰੇਗਾ।

## ਕਣਕ ਦੀ ਐੱਮ ਐੱਸ ਪੀ 2425 ਤੇ ਸੂਰਜਮੁਖੀ ਦੀ 5940 ਰੁਪਏ

**ਨਵੀਂ ਦਿੱਲੀ** : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਵਾਲੀ ਆਰਥਕ ਮਾਮਲਿਆਂ ਦੀ ਕੈਬਨਿਟ ਕਮੇਟੀ ਨੇ ਬੁੱਧਵਾਰ ਮਾਰਕੀਟਿੰਗ ਸੀਜ਼ਨ 2025-26 ਲਈ ਸਾਰੀਆਂ ਲਾਜ਼ਮੀ ਹਾੜ੍ਹੀ ਫਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ (ਐੱਮ ਐੱਸ ਪੀ) 'ਚ ਵਾਧੇ ਨੂੰ ਮਨਜ਼ੂਰੀ ਦੇ ਦਿੱਤੀ।

ਕਣਕ ਦੀ ਐੱਮ ਐੱਸ ਪੀ 150 ਰੁਪਏ ਵਧ ਕੇ 2425 ਰੁਪਏ ਹੋ ਗਈ ਹੈ। ਇਹ ਵਾਧਾ 6.59 ਫੀਸਦੀ ਹੈ।

ਰੇਪਸੀਡ ਅਤੇ ਸਰ੍ਹੋਂ ਦੀ ਐੱਮ ਐੱਸ ਪੀ 300 ਰੁਪਏ ਵਧ ਕੇ 5950 ਰੁਪਏ ਪ੍ਰਤੀ ਕੁਇੰਟਲ, ਮਸਰ ਦੀ 275 ਰੁਪਏ ਵਧ ਕੇ 6700 ਰੁਪਏ, ਛੋਲਿਆਂ ਦੀ 210 ਰੁਪਏ ਵਧ ਕੇ 5650 ਰੁਪਏ, ਸੂਰਜਮੁਖੀ ਦੀ 140 ਰੁਪਏ ਵਧ ਕੇ 5940 ਰੁਪਏ ਅਤੇ ਜੌਂ ਦੀ 130 ਰੁਪਏ ਵਧ ਕੇ 1980 ਰੁਪਏ ਹੋ ਗਈ ਹੈ।

## ਸੈਣੀ ਸਰਬਸੰਮਤੀ ਨਾਲ ਆਗੂ ਚੁਣੇ ਗਏ



**ਪੰਚਕੂਲਾ (ਕ੍ਰਿਸ਼ਨ ਗਰਗ)**- ਨਾਇਬ ਸਿੰਘ ਸੈਣੀ ਨੂੰ ਸਰਬਸੰਮਤੀ ਨਾਲ ਬੁੱਧਵਾਰ ਹਰਿਆਣਾ ਭਾਜਪਾ ਵਿਧਾਇਕ ਦਲ ਦਾ ਨੇਤਾ ਚੁਣ ਲਿਆ ਗਿਆ। ਵਿਧਾਇਕਾਂ ਦੀ ਮੀਟਿੰਗ ਦੌਰਾਨ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਮੋਹਨ ਯਾਦਵ ਕੇਂਦਰੀ ਅਬਜ਼ਰਵਰ ਵਜੋਂ ਸ਼ਾਮਲ ਹੋਏ। ਸੈਣੀ ਦੇ ਨਾਂਅ ਦੀ ਤਜਵੀਜ਼ ਵਿਧਾਇਕ ਕ੍ਰਿਸ਼ਨ ਕੁਮਾਰ ਬੇਦੀ ਅਤੇ ਅਨਿਲ ਵਿੱਜ ਨੇ ਰੱਖੀ ਅਤੇ ਐਲਾਨ ਸ਼ਾਹ ਨੇ ਕੀਤਾ। ਸੈਣੀ ਵੀਰਵਾਰ ਮੁੱਖ ਮੰਤਰੀ ਵਜੋਂ ਸਹੁੰ ਚੁੱਕਣਗੇ।

## ਰਾਜ ਚੋਣ ਕਮਿਸ਼ਨਰ ਨੂੰ ਹਟਾਉਣ ਦੀ ਮੰਗ 'ਤੇ ਨੋਟਿਸ ਜਾਰੀ

**ਚੰਡੀਗੜ੍ਹ** : ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਬੁੱਧਵਾਰ ਰਾਜ ਕਮਲ ਚੌਧਰੀ ਨੂੰ ਰਾਜ ਚੋਣ ਕਮਿਸ਼ਨਰ ਦੇ ਅਹੁਦੇ ਤੋਂ ਹਟਾਉਣ ਦੀ ਮੰਗ ਕਰਨ ਵਾਲੀ ਪਟੀਸ਼ਨ 'ਤੇ ਮੁੱਖ ਸਕੱਤਰ ਰਾਹੀਂ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕੀਤਾ। ਪਟੀਸ਼ਨ 'ਚ ਚੌਧਰੀ ਨੂੰ ਇਸ ਆਧਾਰ 'ਤੇ ਹਟਾਉਣ ਦੀ ਮੰਗ ਕੀਤੀ ਗਈ ਹੈ ਕਿ ਉਹ ਇਸ ਅਹੁਦੇ 'ਤੇ ਰਹਿਣ ਦੇ ਅਯੋਗ ਹਨ, ਕਿਉਂਕਿ ਉਹ ਹੁਣ ਸੇਵਾਮੁਕਤ ਆਈ ਏ ਐੱਸ ਅਧਿਕਾਰੀ ਹਨ। ਅਗਲੀ ਸੁਣਵਾਈ 22 ਜਨਵਰੀ ਨੂੰ ਹੋਵੇਗੀ।

## ਭਾਰਤ ਵੱਲੋਂ ਖੇਤਰੀ ਇਮਾਨਦਾਰੀ 'ਤੇ ਜ਼ੋਰ

**ਇਸਲਾਮਾਬਾਦ** : ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਪਾਕਿਸਤਾਨ 'ਚ ਸ਼ੰਘਾਈ ਸਹਿਯੋਗ ਸੰਮੇਲਨ ਵਿਚ ਬੋਲਦਿਆਂ ਕਿਹਾ ਕਿ ਜੇ ਸੀਮਾ ਪਾਰ ਗਤੀਵਿਧੀਆਂ ਅੱਤਵਾਦ, ਕੱਟੜਵਾਦ ਅਤੇ ਵੱਖਵਾਦ ਦੀਆਂ ਤਿੰਨ ਬੁਰਾਈਆਂ 'ਤੇ ਅਧਾਰਤ ਹੋਣਗੀਆਂ ਤਾਂ ਵਪਾਰ, ਊਰਜਾ ਅਤੇ ਸੰਪਰਕ ਸੁਵਿਧਾ ਜਿਹੇ ਖੇਤਰਾਂ ਵਿਚ ਸਹਿਯੋਗ ਵਧਣ ਦੀ ਸੰਭਾਵਨਾ ਨਹੀਂ ਹੈ। ਜੈਸ਼ੰਕਰ ਨੇ ਕਿਹਾ ਕਿ ਵਪਾਰ ਅਤੇ ਸੰਪਰਕ ਪਹਿਲੂਆਂ ਵਿਚ ਖੇਤਰੀ ਇਮਾਨਦਾਰੀ ਅਤੇ ਪ੍ਰਭੂਸੱਤਾ ਨੂੰ ਮਾਨਤਾ ਦਿੱਤੀ ਜਾਣੀ ਚਾਹੀਦੀ ਹੈ ਅਤੇ ਭਰੋਸੇ ਦੀ ਘਾਟ 'ਤੇ ਇਮਾਨਦਾਰੀ ਨਾਲ ਚਰਚਾ ਕਰਨ ਦੀ ਲੋੜ ਹੈ।

## ਸਾਈਕਲ ਫਰੇਮ 'ਚ ਸੋਨੇ ਦੀ ਸਮੱਗਲਿੰਗ

**ਕੋਲਕਾਤਾ** : ਪੱਛਮੀ ਬੰਗਾਲ ਦੇ ਮੁਰਸ਼ਿਦਾਬਾਦ ਜ਼ਿਲ੍ਹੇ 'ਚ ਭਾਰਤ-ਬੰਗਲਾਦੇਸ਼ ਸਰਹੱਦ ਨੇੜੇ ਬੀ ਐੱਸ ਐੱਫ ਨੇ ਸਾਈਕਲਾਂ ਦੇ ਫਰੇਮਾਂ 'ਚ ਲੁਕੋਏ 2.75 ਕਿਲੋ ਸੋਨੇ ਸਮੇਤ ਤਿੰਨ ਭਾਰਤੀ ਕਿਸਾਨਾਂ ਨੂੰ ਗ੍ਰਿਫਤਾਰ ਕੀਤਾ ਹੈ। ਸੋਨੇ ਦੀ ਕੀਮਤ ਲਗਭਗ 1.98 ਕਰੋੜ ਰੁਪਏ ਹੈ। ਫਰੇਮਾਂ 'ਚ 15 ਸੋਨੇ ਦੇ ਬਿਸਕੁਟ ਅਤੇ 8 ਸੋਨੇ ਦੇ ਟੁਕੜੇ ਮਿਲੇ।

## ਪਰਾਲੀ ਸਾੜਨ ਵਾਲਿਆਂ ਵਿਰੁੱਧ ਕੇਸ ਨਾ ਚਲਾਉਣ 'ਤੇ ਪੰਜਾਬ ਤੇ ਹਰਿਆਣਾ ਦੇ ਮੁੱਖ ਸਕੱਤਰ ਤਲਬ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਬੁੱਧਵਾਰ ਪਰਾਲੀ ਸਾੜਨ ਵਾਲਿਆਂ 'ਤੇ ਮੁਕੱਦਮਾ ਨਾ ਚਲਾਉਣ ਕਾਰਨ ਹਰਿਆਣਾ ਅਤੇ ਪੰਜਾਬ ਸਰਕਾਰਾਂ ਦੀ ਝਾੜ-ਝੰਬ ਕੀਤੀ ਅਤੇ ਰਾਜਾਂ ਦੇ ਮੁੱਖ ਸਕੱਤਰਾਂ ਨੂੰ 23 ਅਕਤੂਬਰ ਨੂੰ ਪੇਸ਼ ਹੋਣ ਲਈ ਸੰਮਨ ਜਾਰੀ ਕੀਤੇ। ਜਸਟਿਸ ਅਭੈ ਐੱਸ ਓਕਾ, ਅਹਸਾਨੂਦੀਨ ਅਮਾਨੁੱਲ੍ਹਾ ਅਤੇ ਆਗਸਟੀਨ ਜਾਰਜ ਮਸੀਹ ਦੀ ਬੈਂਚ ਨੇ ਹਵਾ ਗੁਣਵੱਤਾ ਪ੍ਰਬੰਧਨ ਕਮਿਸ਼ਨ (ਸੀ ਏ ਕਿਊ ਐੱਮ) ਨੂੰ ਉਲੰਘਣਾ ਕਰਨ ਵਾਲਿਆਂ ਵਿਰੁੱਧ ਕਾਰਵਾਈ ਕਰਨ 'ਚ ਅਸਫਲ ਰਹਿਣ ਲਈ ਹਰਿਆਣਾ ਅਤੇ ਪੰਜਾਬ ਸਰਕਾਰ ਦੇ ਅਧਿਕਾਰੀਆਂ ਵਿਰੁੱਧ ਦੰਡਕਾਰੀ ਕਾਰਵਾਈ ਕਰਨ ਦੇ ਨਿਰਦੇਸ਼ ਵੀ ਦਿੱਤੇ ਹਨ।

ਬੈਂਚ ਨੇ ਟਿੱਪਣੀ ਕੀਤੀ—ਇਹ ਕੋਈ ਸਿਆਸੀ ਮਾਮਲਾ ਨਹੀਂ ਹੈ, ਜੇ ਮੁੱਖ ਸਕੱਤਰ ਕਿਸੇ ਦੇ ਇਸ਼ਾਰੇ 'ਤੇ ਕੰਮ ਕਰ ਰਹੇ ਹਨ, ● ਬਾਕੀ ਸਫ਼ਾ 2 'ਤੇ

## ਕੈਨੇਡੀਅਨ ਏਅਰ ਫੋਰਸ ਦੇ ਜਹਾਜ਼ 'ਚ ਅਮਰੀਕਾ ਗਏ

**ਓਟਾਵਾ** : ਏਅਰ ਇੰਡੀਆ ਦੀ ਅਮਰੀਕਾ ਦੇ ਸ਼ਹਿਰ ਸ਼ਿਕਾਗੋ ਜਾਣ ਵਾਲੀ ਉਡਾਣ ਨੂੰ ਬੀਤੇ ਦਿਨ ਕੈਨੇਡਾ ਦੇ ਇਕਾਲੁਇਟ ਹਵਾਈ ਅੱਡੇ ਵੱਲ ਮੋੜੇ ਜਾਣ ਦੇ 18 ਘੰਟਿਆਂ ਤੋਂ ਵੱਧ ਸਮੇਂ ਬਾਅਦ ਇਸ ਦੇ ਫਸੇ ਹੋਏ 191 ਯਾਤਰੀਆਂ ਨੂੰ ਕੈਨੇਡੀਅਨ ਏਅਰ ਫੋਰਸ ਦੇ ਜਹਾਜ਼ ਰਾਹੀਂ ਸ਼ਿਕਾਗੋ ਵੱਲ ਰਵਾਨਾ ਕੀਤਾ ਗਿਆ। ਜਹਾਜ਼ 'ਚ ਚਾਲਕ ਦਲ ਦੇ 20 ਮੈਂਬਰਾਂ ਸਮੇਤ 211 ਲੋਕ ਸਵਾਰ ਸਨ।

## ਅੱਜ-ਨਾਮਾ

ਮਹਾਰਾਸ਼ਟਰ ਵਿੱਚ ਚੋਣਾਂ ਦੀ ਬਾਤ ਚੱਲੀ,
ਲੀਡਰ ਲੱਗੇ ਆ ਹੋਵਣ ਸਰਗਰਮ ਬੇਲੀ।
ਬੋਲੀ ਜਿਨ੍ਹਾਂ ਦੀ ਅੱਖੜ ਸੀ ਬੜੀ ਕਹਿੰਦੇ,
ਬੋਲਣ ਲੱਗ ਪਏ ਬੋਲ ਉਹ ਨਰਮ ਬੇਲੀ।
ਸਾਲ ਪੰਜ ਤੇ ਅੰਨ੍ਹੀ ਜਿਹੀ ਪਾਈ ਬਾਹਲੀ,
ਚੋਣਾਂ ਦੀ ਬਹਿਸ ਹੈ ਖੋਲ੍ਹਦੀ ਭਰਮ ਬੇਲੀ।
ਖੁੱਲ੍ਹਦੇ ਭੇਦ, ਜਵਾਬ ਕੋਈ ਅਹੁੜਦਾ ਨਾ,
ਮੀਡੀਆ ਆਏ ਤੇ ਆਂਵਦੀ ਸ਼ਰਮ ਬੇਲੀ।
ਹਰ ਇੱਕ ਰਾਜ ਦੇ ਅੰਦਰ ਹੀ ਹੋਏ ਏਦਾਂ,
ਫਿਰ ਵੀ ਆਗੂ ਨਹੀਂ ਭਲੀ ਗੁਜ਼ਾਰਦੇ ਈ।
ਮੌਕਾ ਮਿਲੇ ਤਾਂ ਝਿਜਕ ਨਹੀਂ ਠੱਗੀਆਂ ਤੋਂ,
ਜਿੱਧਰ ਨੂੰ ਦਾਅ ਲੱਗਾ, ਚੂੰਡਾਂ ਮਾਰਦੇ ਈ।

-ਤੀਸ ਮਾਰ ਖਾਂ

## ਦੋ ਜਹਾਜ਼ਾਂ 'ਚ ਬੰਬ ਦੀ ਧਮਕੀ

**ਅਹਿਮਦਾਬਾਦ** : ਮੁੰਬਈ ਤੋਂ ਦਿੱਲੀ ਜਾਣ ਵਾਲੇ ਇੰਡੀਗੋ ਜਹਾਜ਼ 'ਚ ਬੰਬ ਹੋਣ ਦੀ ਸੂਚਨਾ ਤੋਂ ਬਾਅਦ ਉਸ ਨੂੰ ਮੰਗਲਵਾਰ ਰਾਤ ਰਸਤਾ ਬਦਲ ਕੇ ਅਹਿਮਦਾਬਾਦ ਉਤਾਰਿਆ ਗਿਆ। ਜਾਂਚ ਦੌਰਾਨ ਸੂਚਨਾ ਗਲਤ ਸਾਬਤ ਹੋਈ। ਜਦੋਂ ਜਹਾਜ਼ ਨੇ ਉਡਾਣ ਭਰੀ ਤਾਂ ਇਕ ਅਗਿਆਤ ਵਿਅਕਤੀ ਨੇ ਸੋਸ਼ਲ ਮੀਡੀਆ ਰਾਹੀਂ ਜਹਾਜ਼ 'ਚ ਬੰਬ ਹੋਣ ਬਾਰੇ ਦਾਅਵਾ ਕੀਤਾ। ਜਹਾਜ਼ 'ਚ 200 ਯਾਤਰੀ ਅਤੇ ਚਾਲਕ ਦਲ ਦੇ ਮੈਂਬਰ ਸਨ। ਜਹਾਜ਼ ਨੂੰ ਬੁੱਧਵਾਰ ਸਵੇਰੇ ਕਰੀਬ 8 ਵਜੇ ਦਿੱਲੀ ਲਈ ਰਵਾਨਾ ਕੀਤਾ ਗਿਆ।

ਦਿੱਲੀ ਤੋਂ ਬੇਂਗਲੂਰੂ ਜਾਣ ਵਾਲੇ ਅਕਾਸਾ ਏਅਰ ਦੇ ਜਹਾਜ਼ ਨੂੰ ਵੀ ਬੁੱਧਵਾਰ ਬੰਬ ਦੀ ਧਮਕੀ ਕਾਰਨ ਮੋੜਨਾ ਪਿਆ। ਉਸ ਵਿਚ 174 ਮੁਸਾਫਰ, ਤਿੰਨ ਨਿੱਕੇ ਬੱਚੇ ਤੇ 7 ਅਮਲੇ ਦੇ ਮੈਂਬਰ ਸਵਾਰ ਸਨ।




## ਤਰਸੇਮ ਗੋਇਲ ਅਖਿਲ ਭਾਰਤੀ ਉਦਯੋਗ ਵਪਾਰ ਮੰਡਲ ਦੇ ਸੂਬਾਈ ਸੀਨੀਅਰ ਮੀਤ ਪ੍ਰਧਾਨ ਬਣੇ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ)**-ਅਖਿਲ ਭਾਰਤੀ ਉਦਯੋਗ ਵਪਾਰ ਮੰਡਲ ਪੰਜਾਬ ਦੇ ਸੂਬਾ ਪ੍ਰਧਾਨ ਰਾਧੇ ਸ਼ਿਆਮ ਆਹੂਜਾ ਨੇ ਤਰਸੇਮ ਗੋਇਲ ਨੂੰ ਸੂਬਾਈ ਸੀਨੀਅਰ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ।ਉਪਰੋਕਤ ਵਿਸ਼ੇ 'ਤੇ ਜਾਣਕਾਰੀ ਦਿੰਦਿਆਂ ਸੂਬਾਈ ਚੇਅਰਮੈਨ ਕ੍ਰਿਸ਼ਨ ਲਾਲ ਜਸੂਜਾ ਤੇ ਸੂਬਾਈ ਕਨਵੀਨਰ ਰਾਜੀਵ ਗੋਇਲ ਬਿੱਟੂ ਬਾਦਲ ਨੇ ਦੱਸਿਆ ਕਿ ਸਾਡੇ ਨਾਲ ਗੱਲਬਾਤ ਕਰਨ ਉਪਰੰਤ ਸੂਬਾ ਪ੍ਰਧਾਨ ਰਾਧੇ ਸ਼ਿਆਮ ਆਹੂਜਾ ਨੇ ਤਰਸੇਮ ਗੋਇਲ ਨੂੰ ਸੂਬਾਈ ਸੀਨੀਅਰ ਮੀਤ ਪ੍ਰਧਾਨ ਨਿਯੁਕਤ ਕੀਤਾ ਹੈ।ਇਸੇ ਤਰ੍ਹਾਂ ਤਰਸੇਮ ਗੋਇਲ ਨੂੰ ਅਖਿਲ ਭਾਰਤੀ ਉਦਯੋਗ ਵਪਾਰ ਮੰਡਲ ਪੰਜਾਬ ਦਾ ਸੂਬਾਈ ਸੀਨੀਅਰ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ।ਇਸੇ ਤਰ੍ਹਾਂ ਰਾਧੇਸ਼ਿਆਮ ਆਹੂਜਾ, ਸੂਬਾਈ ਚੇਅਰਮੈਨ ਕ੍ਰਿਸ਼ਨ ਲਾਲ ਜਸੂਜਾ ਤੇ ਸੂਬਾਈ ਕਨਵੀਨਰ ਰਾਜੀਵ ਗੋਇਲ ਬਿੱਟੂ ਬਾਦਲ ਦਾ ਧੰਨਵਾਦ ਕਰਦਿਆਂ ਭਰੋਸਾ ਦਿਵਾਇਆ ਕਿ ਉਹ ਜਥੇਬੰਦੀ ਵੱਲੋਂ ਉਨ੍ਹਾਂ ਨੂੰ ਸੌਂਪੇ ਗਏ ਅਹੁਦੇ ਨੂੰ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਣਗੇ।ਤਰਸੇਮ ਗੋਇਲ ਨੇ ਕਿਹਾ ਕਿ ਉਹ ਵਪਾਰੀਆਂ ਨੂੰ ਵਪਾਰ ਵਿੱਚ ਆ ਰਹੀਆਂ ਸਾਰੀਆਂ ਮੁਸ਼ਕਲਾਂ ਦੇ ਹੱਲ ਲਈ ਹਰ ਸੰਭਵ ਯਤਨ ਕਰਨਗੇ।ਇਸ ਮੌਕੇ ਸੂਬਾਈ ਸਰਪ੍ਰਸਤ ਅਸ਼ਵਨੀ ਅੱਤਰੀ ਤੇ ਸੂਬਾਈ ਸਕੱਤਰ ਪ੍ਰਮੋਦ ਗੁਪਤਾ ਹਾਜ਼ਰ ਹੋਏ।

## ਕਲਾਲਵਾਲਾ ਦਾ ਸਰਬਪੱਖੀ ਵਿਕਾਸ ਸਾਡਾ ਉਦੇਸ਼ : ਦੇਵਰਾਜ ਸਿੰਘ

### ਸਰਪੰਚ ਦੀ ਚੋਣ ਜਿੱਤਣ 'ਤੇ ਕੀਤਾ ਪਿੰਡ ਵਾਸੀਆਂ ਸਮੇਤ ਸਰਕਾਰ ਦਾ ਧੰਨਵਾਦ



**ਸਿਰਸਾ (ਸੁਰਿੰਦਰ ਪਾਲ ਸਿੰਘ)** : ਖੇਤਰ ਦੇ ਪਿੰਡ ਕਲਾਲਵਾਲਾ (ਰਿਜ਼ਰਵ) ਅਧੀਨ ਸਰਪੰਚ ਦੀ ਚੋਣ ਦੌਰਾਨ ਜਿੱਤ ਚੁੱਕੇ ਦੇਵਰਾਜ ਸਿੰਘ ਨੇ ਸਮੂਹ ਨਗਰ ਨਿਵਾਸੀਆ ਦਾ ਧੰਨਵਾਦ ਕਰਦੇ ਕਿਹਾ ਕਿ ਉਹ ਪਿੰਡ ਦੇ ਸਰਵਪੱਖੀ ਵਿਕਾਸ ਲਈ ਯਤਨਸ਼ੀਲ ਰਹਿਣਗੇ। ਸਰਪੰਚ ਦੇਵਰਾਜ ਸਿੰਘ ਨੇ ਕਿਹਾ ਕਿ ਪਿੰਡ ਦੇ ਸਕੂਲ ਨੂੰ ਅੱਪਗਰੇਡ ਕਰਵਾਉਣਾ, ਪਿੰਡ ਦੀਆਂ ਗਲੀਆਂ ਨਾਲੀਆਂ ਤੇ ਸੀਵਰੇਜ ਸਿਸਟਮ ਵਿੱਚ ਸੁਧਾਰ, ਕੰਪਿਊਟਰ ਲੈਬ, ਲਾਇਬਰੇਰੀ, ਵਾਟਰ ਵਰਕਸ ਦਾ ਸਾਫ ਸੁਥਰਾ ਪਾਣੀ, ਹਰ ਤਰ੍ਹਾਂ ਦੇ ਖੇਡ ਮੁਕਾਬਲੇ, ਵਾਤਾਵਰਨ ਨੂੰ ਸਾਫ ਰੱਖਣ ਲਈ ਪੇੜ ਪੌਦੇ, ਬਜ਼ੁਰਗਾਂ ਦੀ ਸਿਹਤ ਸੰਭਾਲ ਲਈ ਡਾਕਟਰਾਂ ਦੇ ਕੈਂਪ ਪਿੰਡ ਵਿਚ ਨਸ਼ਾ ਬੰਦੀ, ਆਟਾ ਦਾਲ ਸਕੀਮ, ਬੁਢਾਪਾ ਪੈਨਸ਼ਨ, ਮਨਰੇਗਾ ਸਕੀਮ ਅਧੀਨ ਰੁਜ਼ਗਾਰ, ਪਿੰਡ ਦੀ ਖਾਲੀ ਜਗ੍ਹਾ 'ਤੇ ਪਾਰਕ, ਖਾਲ੍ਹਾਂ ਤੇ ਸੂਇਆਂ ਦੀ ਮੁਰੰਮਤ, ਨਿਗਰਾਨੀ ਲਈ ਸੀ ਸੀ ਟੀ ਵੀ ਕੈਮਰੇ, ਬਜ਼ੁਰਗਾਂ ਦੀ ਸਿਹਤ ਸੰਭਾਲ ਲਈ ਡਾਕਟਰਾਂ ਦੇ ਕੈਂਪ ਲਾਏ ਜਾਣਗੇ। ਇਸ ਜਿੱਤ 'ਤੇ ਪਿੰਡ ਕਾਲਵਾਲਾ ਦੇ ਮੈਂਬਰ ਅਮਰਜੀਤ ਸਿੰਘ ਸੈਕਟਰੀ, ਜਗਸੀਰ ਸਿੰਘ, ਸਾਵਨ ਸਿੰਘ, ਜਸਵੀਰ ਕੌਰ ਤੇ ਅਮ੍ਰਿਤ ਪਾਲ ਸਿੰਘ ਅਤੇ ਗੁਲਾਬ ਸਿੰਘ ਨੇ ਵੀ ਜਿੱਤ 'ਤੇ ਪਿੰਡ ਵਸੀਆਂ ਨੂੰ ਵਧਾਈਆਂ ਦਿੱਤੀਆਂ।

## ਮੀਰਪੁਰ ਗੈਸ ਸਟੇਸ਼ਨ ਏਰੀਏ 'ਚ ਫੋਟੋਗ੍ਰਾਫੀ 'ਤੇ ਪਬੰਦੀ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਜ਼ਿਲ੍ਹਾ ਮੈਜਿਸਟਰੇਟ ਫਤਹਿਗੜ੍ਹ ਸਾਹਿਬ ਡਾ. ਸੋਨਾ ਥਿੰਦ ਨੇ ਭਾਰਤੀ ਨਾਗਰਿਕ ਸੁਰੱਖਿਆ ਸਹਿੰਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਗੈਸ ਸਟੇਸ਼ਨ ਪਿੰਡ ਮੀਰਪੁਰ, ਤਹਿਸੀਲ ਤੇ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਨੂੰ ਫੋਟੋਗ੍ਰਾਫੀ ਲਈ ਵਰਜਿਤ ਸਥਾਨ ਘੋਸ਼ਿਤ ਕੀਤਾ ਹੈ।ਸੀਨੀਅਰ ਮੈਨੇਜਰ, ਗੇਲ ਇੰਡੀਆ ਲਿਮ:, ਗੇਲ ਭਵਨ, 16 ਬਿਕਾਜੀ ਕਾਮਾ ਪਲੇਸ ਨਵੀਂ ਦਿੱਲੀ ਦੇ ਬਿਨੈ ਪੱਤਰ ਨੂੰ ਮੁੱਖ ਰੱਖਦੇ ਹੋਏ ਪਿੰਡ ਮੀਰਪੁਰ ਵਿਖੇ ਸਥਾਪਿਤ ਗੈਸ ਸਟੇਸ਼ਨ ਦੀ ਸੁਰੱਖਿਆ ਨੂੰ ਵੇਖਦੇ ਹੋਏ ਪਿੰਡ ਮੀਰਪੁਰ ਦੇ ਗੈਸ ਸਟੇਸ਼ਨ ਨੂੰ ਫੋਟੋਗ੍ਰਾਫੀ ਲਈ ਵਰਜਿਤ ਸਥਾਨ ਐਲਾਨਿਆ ਗਿਆ ਹੈ।ਮਨਾਹੀ ਦੇ ਇਹ ਹੁਕਮ 11 ਦਸੰਬਰ 2024 ਤੱਕ ਲਾਗੂ ਰਹਿਣਗੇ।

## ਗੁਰਦੀਪ ਸਿੰਘ ਦੀਪਾ ਬਣੇ ਤੋਲਾਵਾਲ ਦੇ ਸਰਪੰਚ



**ਚੀਮਾ ਮੰਡੀ (ਰਵਿੰਦਰ ਚੀਮਾ)**-ਪਿਛਲੇ ਦਿਨੀਂ ਹੋਈਆਂ ਪੰਚਾਇਤ ਚੋਣਾਂ ਵਿੱਚੋਂ ਤੋਲਾਵਾਲ ਦੇ ਗੁਰਦੀਪ ਸਿੰਘ ਦੀਪਾ ਨੇ ਆਪਣੇ ਵਿਰੋਧੀ ਉਮੀਦਵਾਰ ਨੂੰ ਤਕਰੀਬਨ 1400 ਵੋਟਾਂ ਨਾਲ ਹਰਾ ਕੇ ਜਿੱਤ ਪ੍ਰਾਪਤ ਕੀਤੀ ਹੈ। ਇਸ ਮੌਕੇ ਉਨ੍ਹਾ ਸਾਰੇ ਪਿੰਡ ਵਾਸੀਆਂ ਦਾ ਧੰਨਵਾਦ ਕੀਤਾ ਤੇ ਉਨ੍ਹਾਂ ਨਾਲ ਸਾਰੇ ਨਵੇਂ ਚੁਣੇ ਹੋਏ ਪੰਚ ਵੀ ਹਾਜ਼ਰ ਸਨ ਅਤੇ ਉਨ੍ਹਾਂ ਪਿੰਡਾਂ ਵਾਸੀਆਂਨੂੰ ਵਿਸ਼ਵਾਸ ਦਿਵਾਇਆ ਕਿ ਜਿਨ੍ਹਾਂ ਲੋਕਾਂ ਨੇ ਸਾਡੇ ਉਪਰ ਵਿਸ਼ਵਾਸ ਪ੍ਰਗਟ ਕੀਤਾ ਹੈ, ਅਸੀਂ ਕਦੇ ਵੀ ਉਨ੍ਹਾਂ ਦਾ ਵਿਸ਼ਵਾਸ ਟੁੱਟਨ ਨਹੀਂ ਦਿਆਂਗੇ ਅਤੇ ਪਿੰਡ ਦੇ ਵਿਕਾਸ ਲਈ ਹਰ ਕੰਮ ਪਹਿਲ ਦੇ ਅਧਾਰ 'ਤੇ ਕਰਾਂਗੇ। ਇਸ ਮੌਕੇ ਨਵੇਂ ਚੁਣੇ ਪੰਚ ਤੇ ਸਮੂਹ ਨਗਰ ਨਿਵਾਸੀ ਹਾਜ਼ਰ ਸਨ।

## ਗੁਰਦੀਪ ਬਾਬਾ ਬਣੇ ਛਾਪਾ ਦੇ ਸਰਪੰਚ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਬਲਾਕ ਮਹਿਲ ਕਲਾਂ ਦੇ ਪਿੰਡ ਛਾਪਾ 'ਚ ਗੁਰਦੀਪ ਸਿੰਘ ਬਾਬਾ ਨੇ ਸਰਪੰਚੀ ਦੀ ਚੋਣ ਜਿੱਤੀ ਹੈ।ਜੇਤੂ ਰਹੇ ਸਰਪੰਚ ਸਿੰਘ ਨੇ ਵੋਟਰਾਂ ਤੇ ਸਪੋਟਰਾਂ ਦਾ ਧੰਨਵਾਦ ਕੀਤਾ।ਗੁਰਦੀਪ ਸਿੰਘ ਬਾਬਾ ਨੇ ਕਿਹਾ ਕਿ ਉਹ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਵਿਕਾਸ ਕਾਰਜ ਪਹਿਲ ਦੇ ਆਧਾਰ 'ਤੇ ਕਰਵਾਉਣਗੇ।ਪਿੰਡ ਦੇ ਲੋਕਾਂ ਨੇ ਸਰਪੰਚ ਗੁਰਦੀਪ ਸਿੰਘ ਨੂੰ ਵਧਾਈਆਂ ਦਿੱਤੀਆਂ ਹਨ।

## ਗਿੱਦੜਬਾਹਾ ਜ਼ਿਮਨੀ ਚੋਣ ਲਈ ਡੀ ਸੀ ਵੱਲੋਂ ਸਹਿਯੋਗ ਦੀ ਮੰਗ



**ਮਲੋਟ (ਗੁਰਮੀਤ ਸਿੰਘ ਮੱਕੜ)** : ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਡਿਪਟੀ ਕਮਿਸ਼ਨਰ ਨੇ ਹਲ਼ਕਾ ਗਿੱਦੜਬਾਹਾ ਦੀ ਜ਼ਿਮਨੀ ਚੋਣ ਸਬੰਧੀ ਇੱਕ ਪ੍ਰੈੱਸ ਕਾਨਫਰੰਸ ਕੀਤੀ, ਜਿਨ੍ਹਾਂ ਨੇ ਦੱਸਿਆ ਕਿ ਜਿਲ੍ਹੇ ਵਿੱਚ ਚੋਣ ਜਾਬਤਾ ਲੱਗ ਚੁੱਕਾ ਹੈ। ਉਨ੍ਹਾ ਦੱਸਿਆ ਕਿ ਇਸ ਹਲਕੇ ਵਿੱਚ ਕੁੱਲ 173 ਪੋਲਿੰਗ ਬੂਥ ਹਨ ਤੇ ਹਲਕੇ ਵਿਚ 166484 ਵੋਟਰ ਹਨ। ਉਨ੍ਹਾਂ ਕਿਹਾ ਕਿ ਉਹ ਸਾਰੀਆਂ ਰਾਜਨੀਤਕ ਪਾਰਟੀਆਂ ਨਾਲ ਮੁਲਾਕਾਤ ਕਰਕੇ ਇਹ ਦੱਸਣ ਜਾ ਰਹੇ ਹਨ ਕਿ ਚੋਣ ਜਾਬਤਾ ਲਾਗੂ ਹੋ ਗਿਆ ਹੈ ਅਤੇ ਪ੍ਰਸ਼ਾਸਨ ਵੱਲੋਂ ਜ਼ਿਮਨੀ ਚੋਣ ਲਈ ਸਿਵਲ ਤੇ ਪੁਲਸ ਪ੍ਰਸ਼ਾਸਨ ਵੱਲੋਂ ਪੂਰੇ ਪ੍ਰਬੰਧ ਕਰ ਲਏ ਗਏ ਹਨ। ਉਨ੍ਹਾਂ ਹਲਕੇ ਦੇ ਲੋਕਾਂ ਤੋਂ ਸਹਿਯੋਗ ਦੀ ਮੰਗ ਕਰਦੇ ਹੋਏ ਕਿ ਇਹ ਚੋਣਾਂ ਸ਼ਾਂਤੀਪੂਰਨ ਕਾਰਵਾਈਆਂ ਜਾਣ।

## ਅੱਜ ਆਂਡੇ, ਮੀਟ ਦੀਆਂ ਦੁਕਾਨਾਂ ਤੇ ਅਹਾਤੇ ਬੰਦ ਰੱਖਣ ਦੇ ਹੁਕਮ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ)**-ਰਾਜੇਸ਼ ਤ੍ਰਿਪਾਠੀ ਜ਼ਿਲ੍ਹਾ ਮੈਜਿਸਟਰੇਟ ਸ੍ਰੀ ਮੁਕਤਸਰ ਸਾਹਿਬ ਨੇ ਭਾਰਤੀਯ ਨਾਗਰਿਕ ਸੁਰੱਖਿਆ ਸਹਿੰਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਈਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ 17 ਅਕਤੂਬਰ 2024 ਨੂੰ ਭਗਵਾਨ ਵਾਲਮੀਕਿ ਜੀ ਦੇ ਪ੍ਰਗਟ ਦਿਵਸ ਮੌਕੇ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੀ ਹਦੂਦ ਅੰਦਰ ਆਂਡੇ, ਮੀਟ ਦੀਆਂ ਦੁਕਾਨਾਂ ਤੇ ਅਹਾਤਿਆਂ ਨੂੰ ਬੰਦ ਰੱਖਣ ਦੇ ਹੁਕਮ ਜਾਰੀ ਕੀਤੇ ਗਏ ਹਨ। ਹੁਕਮਾਂ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਸਖਤ ਕਾਰਵਾਈ ਅਮਲ 'ਚ ਲਿਆਂਦੀ ਜਾਵੇਗੀ।

## ਸੁਖਚੈਨ ਸਿੰਘ ਧਾਰੀਵਾਲ ਕਲਾਂ ਦੇ ਸਰਪੰਚ ਬਣੇ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਬਲਾਕ ਧਾਰੀਵਾਲ ਦੇ ਪਿੰਡ ਧਾਰੀਵਾਲ ਕਲਾਂ ਵਿੱਚ ਸੁਖਚੈਨ ਸਿੰਘ ਆਪਣੇ ਵਿਰੋਧੀ ਨੂੰ 238 ਵੋਟਾਂ ਦੇ ਫਰਕ ਨਾਲ ਹਰਾ ਕੇ ਪਿੰਡ ਦੇ ਸਰਪੰਚ ਬਣੇ ਹਨ, ਜਦਕਿ ਪੰਚਾਂ ਵਿੱਚ ਹਰਵਿੰਦਰ ਕੌਰ, ਨਰਿੰਦਰ ਕੌਰ, ਅਮਰੀਕ ਸਿੰਘ, ਰਾਜਵਿੰਦਰ ਕੌਰ, ਬੱਬੀ, ਜਿੰਦਰ ਸਿੰਘ, ਕੁਲਵੰਤ ਸਿੰਘ ਅਤੇ ਹਰਦੀਪ ਸਿੰਘ ਜੇਤੂ ਰਹੇ ਹਨ। ਇਸ ਮੌਕੇ ਉਘੇ ਸਮਾਜਸੇਵੀ ਬਾਬਾ ਅਜੈਬ ਸਿੰਘ ਨੇ ਪਿੰਡ ਦੇ ਨਵੇਂ ਸਰਪੰਚ ਸੁਖਚੈਨ ਸਿੰਘ ਦਾ ਹਾਰ ਅਤੇ ਸਿਰਪਾਓ ਪਾ ਕੇ ਸਨਮਾਨ ਕਰਕੇ ਮੂੰਹ ਮਿੱਠਾ ਕਰਵਾਇਆ ਅਤੇ ਸਮੁੱਚੀ ਪੰਚਾਇਤ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਬਿਨਾਂ ਕਿਸੇ ਪੱਖਪਾਤ ਪਿੰਡ ਦੇ ਵਿਕਾਸ ਕਾਰਜਾਂ ਅਤੇ ਸਮਾਜਿਕ ਬੁਰਾਈਆਂ ਦੂਰ ਕਰਨ ਲਈ ਇਕਜੁੱਟ ਹੋ ਕੇ ਉਪਰਾਲੇ ਕਰਨ ਦੀ ਉਮੀਦ ਜਤਾਈ। ਆਮ ਆਦਮੀ ਪਾਰਟੀ ਨਾਲ ਸਬੰਧਤ ਨਵੇਂ ਸਰਪੰਚ ਸੁਖਚੈਨ ਸਿੰਘ ਨੇ ਸਮੂਹ ਪਿੰਡ ਵਾਸੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਬਿਨਾਂ ਕਿਸੇ ਭੇਦਭਾਵ ਦੇ ਪਾਰਟੀਬਾਜ਼ੀ ਤੋਂ ਉਪਰ ਉੱਠ ਕੇ ਪਿੰਡ ਦੇ ਵਿਕਾਸ ਕਾਰਜਾਂ ਨੂੰ ਤਰਜੀਹ ਦੇਣਗੇ। ਇਸ ਮੌਕੇ ਸਰਪੰਚ ਸੁਖਚੈਨ ਸਿੰਘ ਦੇ ਪਿਤਾ ਮਲੂਕ ਸਿੰਘ, ਮਾਤਾ ਕੁਲਵੰਤ ਕੌਰ, ਪਤਨੀ ਮਨਪ੍ਰੀਤ ਕੌਰ, ਭੈਣ ਸੰਦੀਪ ਕੌਰ ਤੋਂ ਇਲਾਵਾ ਬਾਬਾ ਅਜੈਬ ਸਿੰਘ, ਸੁਰਜੀਤ ਸਿੰਘ ਫੌਜੀ, ਸਾਬਕਾ ਸਰਪੰਚ ਗੁਰਨਾਮ ਸਿੰਘ, ਮੰਗਲ ਸਿੰਘ, ਹਰਜੀਤ ਸਿੰਘ, ਲਖਵਿੰਦਰ ਸਿੰਘ, ਕਸ਼ਮੀਰ ਸਿੰਘ, ਨਿਰਮਲ ਸਿੰਘ, ਸਰਦੂਲ ਸਿੰਘ, ਕੁਲਜੀਤ ਕੌਰ, ਬਲਬੀਰ ਕੌਰ ਖਾਲਸਾ, ਹਰਜੀਤ ਕੌਰ, ਸਤਿੰਦਰ ਕੌਰ, ਕੁਲਵਿੰਦਰ ਕੌਰ, ਗੁਰਵਿੰਦਰ ਕੌਰ, ਹਰਜਿੰਦਰ ਕੌਰ ਚੀਮਾ, ਰਾਜਵਿੰਦਰ ਕੌਰ, ਸੋਨੀਆਂ, ਕੰਵਲਜੀਤ ਕੌਰ, ਮਨਜਿੰਦਰ ਕੌਰ, ਦਰਸ਼ਨ ਕੌਰ, ਅਮਰਜੀਤ ਕੌਰ ਆਦਿ ਸਮੇਤ ਹੋਰ ਵੀ ਪਿੰਡ ਵਾਸੀ ਹਾਜ਼ਰ ਸਨ।

# ਖ਼ੁਸ਼ਹਾਲ ਪੰਜਾਬ ਦੀ ਸਿਰਜਣਾ ਲਈ ਭਗਵਾਨ ਵਾਲਮੀਕਿ ਦੇ ਨਕਸ਼ੇ-ਕਦਮ 'ਤੇ ਚੱਲੋ : ਮੁੱਖ ਮੰਤਰੀ

☛ 'ਕਰੁਨਾ ਸਾਗਰ' ਭਗਵਾਨ ਵਾਲਮੀਕਿ ਜੀ ਦੇ ਪ੍ਰਗਟ ਦਿਵਸ ਸੰਬੰਧੀ ਜਲੰਧਰ ਵਿੱਚ ਸ਼ੋਭਾ ਯਾਤਰਾ 'ਚ ਕੀਤੀ ਸ਼ਿਰਕਤ

☛ ਪੰਜਾਬ ਭਰ 'ਚ ਸਫ਼ਾਈ ਸੇਵਕਾਂ ਦੀਆਂ ਸੇਵਾਵਾਂ ਰੈਗੂਲਰ ਕਰਨ ਲਈ ਸਰਕਾਰ ਕਰ ਰਹੀ ਹੈ ਵਿਚਾਰ



**ਜਲੰਧਰ, (ਸ਼ੈਲੀ ਐਲਬਰਟ/ ਇਕਬਾਲ ਸਿੰਘ ਉੱਭੀ)** 'ਕਰੁਨਾ ਸਾਗਰ' ਭਗਵਾਨ ਵਾਲਮੀਕਿ ਜੀ ਦੇ ਪ੍ਰਗਟ ਦਿਵਸ ਦੇ ਸ਼ੁੱਭ ਮੌਕੇ ਉਤੇ ਪੰਜਾਬ ਦੇ ਲੋਕਾਂ ਨੂੰ ਵਧਾਈ ਦਿੰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪ੍ਰਗਤੀਸ਼ੀਲ ਤੇ ਖ਼ੁਸ਼ਹਾਲ ਪੰਜਾਬ ਬਣਾਉਣ ਲਈ ਲੋਕਾਂ ਨੂੰ ਭਗਵਾਨ ਵਾਲਮੀਕਿ ਜੀ ਦੇ ਨਕਸ਼ੇ-ਕਦਮ ਉਤੇ ਚੱਲਣ ਦੀ ਅਪੀਲ ਕੀਤੀ।

ਭਗਵਾਨ ਵਾਲਮੀਕਿ ਜੀ ਦੇ ਪ੍ਰਗਟ ਦਿਵਸ ਸੰਬੰਧੀ ਸ਼ੋਭਾ ਯਾਤਰਾ ਵਿੱਚ ਸ਼ਾਮਲ ਹੋਣ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਭਗਵਾਨ ਵਾਲਮੀਕਿ ਜੀ ਮਹਾਰਾਜ ਸੰਸਕ੍ਰਿਤ ਭਾਸ਼ਾ ਦੇ ਪਿਤਾਮਾ ਸਨ ਅਤੇ ਉਹ ਵਿਸ਼ਵ ਦੇ ਆਦਿ ਕਵੀ ਹਨ, ਜਿਨ੍ਹਾ ਆਪਣੀ ਅਮਰ ਤੇ ਮਹਾਨ ਰਚਨਾ 'ਰਾਮਾਇਣ' ਰਾਹੀਂ ਬਦੀ ਉਤੇ ਨੇਕੀ ਦੀ ਜਿੱਤ ਦਾ ਸੰਦੇਸ਼ ਦਿੱਤਾ। ਇਹ ਮਹਾਨ ਮਹਾਂਕਾਵਿ ਸਦੀਆਂ ਤੋਂ ਲੋਕਾਂ ਨੂੰ ਜੀਵਨ ਜਾਚ ਸਿਖਾ ਰਿਹਾ ਹੈ ਅਤੇ ਲੋਕਾਂ ਲਈ ਨੈਤਿਕ ਕਦਰਾਂ-ਕੀਮਤਾਂ ਪੱਖੋਂ ਚਾਨਣ ਮੁਨਾਰਾ ਹੈ, ਜੋ ਅਜੋਕੇ ਪਦਾਰਥਵਾਦੀ ਸਮਾਜ ਵਿੱਚ ਜ਼ਿਆਦਾ ਪ੍ਰਸੰਗਿਕ ਹੈ। ਮਾਨ ਨੇ ਕਿਹਾ ਕਿ ਭਗਵਾਨ ਵਾਲਮੀਕਿ ਜੀ ਨੇ ਸਮਾਜ ਵਿੱਚ ਬਰਾਬਰੀ ਦੇ ਨਾਲ-ਨਾਲ ਸੂਬੇ ਜਾਂ ਸਮਾਜ ਨੂੰ ਆਦਰਸ਼ ਬਣਾਉਣ ਲਈ ਇਕ ਆਦਰਸ਼ ਵਿਅਕਤੀ, ਆਦਰਸ਼ ਸ਼ਾਸਕ ਅਤੇ ਆਦਰਸ਼ ਲੋਕਾਈ ਨੂੰ ਕਿਹੜੀਆਂ ਕਦਰਾਂ-ਕੀਮਤਾਂ ਉਤੇ ਚੱਲਣਾ ਚਾਹੀਦਾ ਹੈ, ਉਸ ਦਾ ਵਰਣਨ ਕੀਤਾ ਹੈ।

ਸਮਾਜ ਦੀ ਸੱਭਿਆਚਾਰਕ ਵਿਰਾਸਤ ਵਿੱਚ ਭਗਵਾਨ ਵਾਲਮੀਕਿ ਜੀ ਦੇ ਲਾਮਿਸਾਲ ਯੋਗਦਾਨ ਨੂੰ ਚੇਤੇ ਕਰਦਿਆਂ ਮੁੱਖ ਮੰਤਰੀ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਮਹਾਂਰਿਸ਼ੀ ਵਾਲਮੀਕਿ ਜੀ ਵੱਲੋਂ ਦਿਖਾਏ ਰਾਹ ਅਤੇ ਉੱਚ ਆਦਰਸ਼ਾਂ ਉਤੇ ਚੱਲਣ, ਤਾਂ ਜੋ ਬਰਾਬਰੀ ਵਾਲੇ ਸਮਾਜ ਦੀ ਸਿਰਜਣਾ ਹੋ ਸਕੇ। ਮਾਨ ਨੇ ਕਿਹਾ ਕਿ ਭਗਵਾਨ ਵਾਲਮੀਕਿ ਜੀ ਦੁਆਰਾ ਰਚਿਤ ਮਹਾਨ ਮਹਾਂਕਾਵਿ ਰਾਮਾਇਣ ਸਦੀਆਂ ਤੋਂ ਮਨੁੱਖਤਾ ਨੂੰ ਸੱਚ ਤੇ ਆਦਰਸ਼ ਕਦਰਾਂ-ਕੀਮਤਾਂ ਸਿਖਾ ਰਿਹਾ ਹੈ। ਭਵਿੱਖੀ ਨਸਲਾਂ ਲਈ ਆਪਣੀ ਅਮੀਰ ਸੱਭਿਆਚਾਰਕ ਵਿਰਾਸਤ ਨੂੰ ਸੰਭਾਲੀ ਰੱਖਣ ਲਈ ਸੂਬਾ ਸਰਕਾਰ ਦਾ ਫ਼ਰਜ਼ ਦੁਹਰਾਉਂਦਿਆਂ ਉਨ੍ਹਾ ਕਿਹਾ ਕਿ ਜਿਹੜੇ ਦੇਸ਼ ਆਪਣੇ ਸੱਭਿਆਚਾਰ ਤੇ ਵਿਰਾਸਤ ਨੂੰ ਭੁੱਲ ਜਾਂਦੇ ਹਨ, ਉਹ ਸਮਾਂ ਬੀਤਣ ਨਾਲ ਖ਼ਤਮ ਹੋ ਜਾਂਦੇ ਹਨ।

ਲੋਕਾਂ ਨੂੰ ਭਗਵਾਨ ਵਾਲਮੀਕਿ ਜੀ ਵੱਲੋਂ ਦਿਖਾਏ ਰਾਹ ਤੇ ਉੱਚ ਆਦਰਸ਼ਾਂ ਉਤੇ ਚੱਲਣ ਦਾ ਹੋਕਾ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਖ਼ੁਸ਼ਹਾਲ ਪੰਜਾਬ ਬਣਾਉਣ ਲਈ ਇਹ ਸਮੇਂ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਭਗਵਾਨ ਵਾਲਮੀਕਿ ਜੀ ਦੀ ਬਖ਼ਸ਼ਿਸ਼ ਪ੍ਰਾਪਤ ਪੰਜਾਬ ਦੀ ਧਰਤੀ ਉਤੇ ਆਪਣੇ ਆਸ਼ਰਮ ਵਿੱਚ ਉਨ੍ਹਾਂ ਸ੍ਰੀ ਰਾਮ ਚੰਦਰ ਜੀ ਦੇ ਪੁੱਤਰਾਂ ਲਵ ਤੇ ਕੁਸ਼ ਨੂੰ ਸਿਖਲਾਈ ਦਿੱਤੀ। ਮਾਨ ਨੇ ਕਿਹਾ ਕਿ ਭਗਵਾਨ ਵਾਲਮੀਕਿ ਜੀ ਦੇ ਜੀਵਨ ਤੇ ਫਲਸਫ਼ੇ ਬਾਰੇ ਲੋਕਾਈ ਨੂੰ ਜਾਣੂੰ ਕਰਵਾਉਣ ਲਈ ਸੂਬਾ ਸਰਕਾਰ ਵਚਨਬੱਧ ਹੈ ਅਤੇ ਇਸ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

ਪਵਿੱਤਰ ਰਾਮਾਇਣ ਵਿੱਚ ਭਗਵਾਨ ਵਾਲਮੀਕਿ ਵੱਲੋਂ ਦਰਸਾਈਆਂ ਸਿੱਖਿਆਵਾਂ ਦੀ ਅਹਿਮੀਅਤ ਦੀ ਨਿਸ਼ਾਨਦੇਹੀ ਕਰਦਿਆਂ ਮੁੱਖ ਮੰਤਰੀ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸੱਚ ਤੇ ਨੈਤਿਕ ਕਦਰਾਂ-ਕੀਮਤਾਂ ਉਤੇ ਚੱਲਣ ਦਾ ਰਾਹ ਅਪਨਾਉਣ। ਉਨ੍ਹਾਂ ਕਿਹਾ ਕਿ ਸਾਨੂੰ ਸਭ ਨੂੰ ਇਹ ਪਵਿੱਤਰ ਮੌਕਾ ਭਾਈਚਾਰਕ ਸਾਂਝ, ਫਿਰਕੂ ਸਦਭਾਵਨਾ ਅਤੇ ਅਮਨ ਨਾਲ ਮਨਾਉਣਾ ਚਾਹੀਦਾ ਹੈ। ਮਾਨ ਨੇ ਕਿਹਾ ਕਿ ਉਹ ਖ਼ੁਸ਼ਕਿਸਮਤ ਹਨ ਕਿ ਉਨ੍ਹਾ ਨੂੰ ਭਗਵਾਨ ਵਾਲਮੀਕਿ ਜੀ ਦੇ ਪ੍ਰਗਟ ਦਿਵਸ ਸੰਬੰਧੀ ਹੋਈ ਇਸ ਸ਼ੋਭਾ ਯਾਤਰਾ ਵਿੱਚ ਸ਼ਾਮਲ ਹੋਣ ਦਾ ਮੌਕਾ ਮਿਲਿਆ ਹੈ। ਇਸ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਭਰ ਦੇ ਸਫ਼ਾਈ ਸੇਵਕਾਂ ਦੀਆਂ ਸੇਵਾਵਾਂ ਨੂੰ ਰੈਗੂਲਰ ਕਰਨ ਲਈ ਪਹਿਲਾਂ ਹੀ ਨੀਤੀ ਉਤੇ ਵਿਚਾਰ ਕਰ ਰਹੀ ਹੈ। ਇਸ ਸੰਬੰਧੀ ਪਹਿਲਾਂ ਹੀ ਇਕ ਉੱਚ ਪੱਧਰੀ ਕਮੇਟੀ ਬਣਾਈ ਗਈ ਹੈ, ਤਾਂ ਕਿ ਇਸ ਨਾਲ ਸੰਬੰਧਤ ਸਾਰੀਆਂ ਧਿਰਾਂ ਨੂੰ ਭਰੋਸੇ ਵਿੱਚ ਲੈ ਕੇ ਇਕ ਵਿਹਾਰਕ ਢਾਂਚਾ ਬਣਾਇਆ ਜਾਵੇ। ਸਮਾਜ ਦੇ ਹਰੇਕ ਵਰਗ ਦੀ ਭਲਾਈ ਲਈ ਸੂਬਾ ਸਰਕਾਰ ਵਚਨਬੱਧ ਹੈ।

## ਨੌਜਵਾਨ ਦੀ ਰਸਤੇ 'ਚ ਘੇਰ ਕੇ ਕੁੱਟਮਾਰ, ਕੇਸ ਦਰਜ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** : ਇੱਕ ਨਿੱਜੀ ਕੰਪਨੀ ਵਿੱਚ ਮੈਨੇਜਰ ਵਜੋਂ ਕੰਮ ਕਰ ਰਹੇ ਪਿੰਡ ਮਾਜਰੀ ਸੋਢੀਆਂ ਦੇ ਨੌਜਵਾਨ ਨੂੰ ਰਸਤੇ 'ਚ ਘੇਰ ਕੇ ਸੱਟਾਂ ਮਾਰੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਸਿਵਲ ਹਸਪਤਾਲ ਫ਼ਤਹਿਗੜ੍ਹ ਸਾਹਿਬ ਵਿਖੇ ਜ਼ੇਰੇ ਇਲਾਜ ਗੁਰਪ੍ਰੀਤ ਸਿੰਘ (32) ਵਾਸੀ ਪਿੰਡ ਮਾਜਰੀ ਸੋਢੀਆਂ ਨੇ ਦੱਸਿਆ ਕਿ ਉਹ ਖਰੜ ਵਿਖੇ ਰਿਲਾਇੰਸ ਕੰਪਨੀ ਵਿੱਚ ਡਿਪਾਰਟਮੈਂਟ ਮੈਨੇਜਰ ਵਜੋਂ ਕੰਮ ਕਰਦਾ ਹੈ ਤੇ ਹਰ ਰੋਜ਼ ਸਵੇਰੇ ਆਪਣੇ ਪਿੰਡ ਤੋਂ ਡਿਊਟੀ 'ਤੇ ਜਾਂਦਾ ਹੈ ਤੇ ਰਾਤ ਨੂੰ ਕਰੀਬ 11 ਵਜੇ ਵਾਪਸ ਪਿੰਡ ਪਹੁੰਚਦਾ ਹੈ। ਗੁਰਪ੍ਰੀਤ ਸਿੰਘ ਨੇ ਦੱਸਿਆ ਕਿ 14 ਅਕਤੂਬਰ ਦੀ ਰਾਤ ਘਰ ਨੂੰ ਜਾਂਦੇ ਹੋਏ ਜਦੋਂ ਉਹ ਪਿੰਡ ਖੋਜੇਮਾਜਰਾ ਕਰਾਸ ਕਰਕੇ ਮਾਜਰੀ ਸੋਢੀਆਂ ਵਾਲੀ ਸੜਕ 'ਤੇ ਪੁੱਜਾ ਤਾਂ ਪਿੱਛੋਂ ਮੋਟਰਸਾਈਕਲ 'ਤੇ ਸਵਾਰ ਹੋ ਕੇ ਤੇਜ਼ ਰਫ਼ਤਾਰ ਨਾਲ ਆਏ ਦੋ ਨਾਮਾਲੂਮ ਵਿਅਕਤੀਆਂ ਨੇ ਚਾਕੂ ਤੇ ਰਾਡ ਨਾਲ ਹਮਲਾ ਕਰਕੇ ਉਸ ਨੂੰ ਜ਼ਖਮੀ ਕਰ ਦਿੱਤਾ। ਗੁਰਪ੍ਰੀਤ ਸਿੰਘ ਦੇ ਬਿਆਨਾਂ 'ਤੇ ਦੋ ਨਾਮਾਲੂਮ ਵਿਅਕਤੀਆਂ ਵਿਰੁੱਧ ਮੁਕੱਦਮਾ ਦਰਜ ਕਰਕੇ ਥਾਣਾ ਸਰਹਿੰਦ ਦੀ ਪੁਲਸ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

## ਬਾਬਾ ਫ਼ਰੀਦ ਸੀਨੀ. ਸੈਕੰ. ਸਕੂਲ ਵੱਲੋਂ ਮਾਪੇ-ਅਧਿਆਪਕ ਮਿਲਣੀ

**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਬਾਬਾ ਫ਼ਰੀਦ ਸੀਨੀਅਰ ਸੈਕੰਡਰੀ ਸਕੂਲ ਬਠਿੰਡਾ ਵੱਲੋਂ ਮਾਪੇ-ਅਧਿਆਪਕ ਮਿਲਣੀ ਕਰਵਾਈ ਗਈ, ਜਿਸ ਵਿੱਚ ਸਕੂਲ ਦੇ ਪ੍ਰਿੰਸੀਪਲ ਨੇ ਆਏ ਹੋਏ ਮਹਿਮਾਨਾਂ ਦਾ ਨਿੱਘਾ ਸਵਾਗਤ ਕੀਤਾ। ਇਸ ਮਾਪੇ-ਅਧਿਆਪਕ ਮਿਲਣੀ ਵਿੱਚ ਸਕੂਲ ਦੇ ਵਿਦਿਆਰਥੀਆਂ ਦੇ ਮਾਪਿਆਂ ਨੇ ਸ਼ਿਰਕਤ ਕੀਤੀ।

ਇਸ ਮਾਪੇ-ਅਧਿਆਪਕ ਮਿਲਣੀ ਦਾ ਹਰ ਇੱਕ ਕਾਰਜ ਹੈੱਡ ਟੀਚਿੰਗ ਅਸਿਸਟੈਂਟਾਂ (ਟੀ.ਏ.) ਨੇ ਸੰਭਾਲਿਆ ਤੇ ਬਾਖ਼ੂਬੀ ਨਿਭਾਇਆ। ਇਸ ਨਵੀਨਤਾਕਾਰੀ ਪਹੁੰਚ ਦਾ ਉਦੇਸ਼ ਵਿਦਿਆਰਥੀਆਂ ਵਿੱਚ ਅਗਵਾਈ ਦੇ ਹੁਨਰ, ਜ਼ਿੰਮੇਵਾਰੀ, ਨਾਗਰਿਕ ਜਾਗਰੂਕਤਾ ਤੇ ਮਿਸਾਲੀ ਸ਼ਹਿਰੀ ਨਾਗਰਿਕ ਬਣਨ ਲਈ ਸ਼ਕਤੀ ਪ੍ਰਦਾਨ ਕਰਨਾ ਸੀ। ਇਸ ਮੌਕੇ ਸਕੂਲ ਦੇ ਨੋਟਿਸ ਬੋਰਡਾਂ ਨੂੰ ਸਜਾਇਆ ਗਿਆ ਤੇ ਸਭ ਤੋਂ ਪਹਿਲਾਂ ਆਏ ਹੋਏ ਮਾਪਿਆਂ ਨੂੰ ਰਿਫਰੈਸ਼ਮੈਂਟ ਦਿੱਤੀ ਗਈ। ਇਸ ਉਪਰੰਤ ਵਿਦਿਆਰਥੀਆਂ ਦੇ ਵਿਸ਼ੇ ਮੁਤਾਬਿਕ ਅਧਿਆਪਕਾਂ ਨਾਲ ਮਿਲਣੀ ਕਰਵਾਈ ਗਈ, ਜਿਸ ਦੌਰਾਨ ਵਿਦਿਆਰਥੀਆਂ ਦੀ ਪ੍ਰਗਤੀ ਰਿਪੋਰਟ ਤੇ ਉੱਤਰ ਪੱਤਰੀਆਂ ਮਾਪਿਆਂ ਨਾਲ ਸਾਂਝੀਆਂ ਕੀਤੀਆਂ ਗਈਆਂ। ਇਸ ਦੇ ਨਾਲ ਹੀ ਸਕੂਲ ਦੀ ਪ੍ਰਤਿਭਾਸ਼ਾਲੀ ਆਰਟ ਟੀਚਰ ਮਿਸ ਕਿਰਨਦੀਪ ਕੌਰ ਦੀ ਅਗਵਾਈ ਹੇਠ ਉਨ੍ਹਾਂ ਦੇ ਵਿਦਿਆਰਥੀਆਂ ਨੇ ਇੱਕ ਪ੍ਰਭਾਵਸ਼ਾਲੀ ਕਲਾ ਪ੍ਰਦਰਸ਼ਨੀ-2024 ਦਾ ਆਯੋਜਨ ਕੀਤਾ। ਇਸ ਪ੍ਰਦਰਸ਼ਨੀ ਵਿੱਚ ਵਿਦਿਆਰਥੀਆਂ ਦੀ ਸਿਰਜਣਤਮਕਤਾ ਤੇ ਹੁਨਰ ਨੂੰ ਦਰਸਾਉਂਦੀ ਸ਼ਾਨਦਾਰ ਕਲਾਕਾਰੀ ਦੀ ਪੇਸ਼ਕਾਰੀ ਕੀਤੀ ਗਈ। ਮਾਪਿਆਂ ਨੇ ਵਿਦਿਆਰਥੀਆਂ ਦੇ ਇਸ ਹੁਨਰ ਦੀ ਬਹੁਤ ਪ੍ਰਸੰਸਾ ਕੀਤੀ। ਮਾਪਿਆਂ ਨੇ ਅਧਿਆਪਕਾਂ ਨਾਲ ਆਪਣੇ ਬੱਚਿਆਂ ਦੇ ਚੰਗੇ ਭਵਿੱਖ ਲਈ ਲੋੜੀਂਦੇ ਮਾਰਗ ਦਰਸ਼ਨ ਉੱਪਰ ਵਿਚਾਰ ਵਟਾਂਦਰਾ ਕੀਤਾ। ਮਾਪਿਆਂ ਨੂੰ ਇਸ ਮਿਲਣੀ ਰਾਹੀਂ ਆਪਣੇ ਬੱਚਿਆਂ ਦੀ ਕਾਰਗੁਜ਼ਾਰੀ ਦਾ ਗਿਆਨ ਹੋਇਆ, ਜਿਸ ਦੀ ਉਨ੍ਹਾਂ ਨੇ ਭਰਪੂਰ ਸ਼ਲਾਘਾ ਕੀਤੀ।

ਮਾਪਿਆਂ ਨੇ ਸਕੂਲ ਦੇ ਪ੍ਰਿੰਸੀਪਲ ਡਾ. ਬਲਜਿੰਦਰ ਸਿੰਘ ਸਿੱਧੂ ਤੇ ਖਾਸ ਕਰ ਅਧਿਆਪਕਾਂ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਕਰ ਕੇ ਹੀ ਸਾਡ ਬੱਚਿਆਂ ਦੇ ਉੱਜਵਲ ਭਵਿੱਖ ਦਾ ਨਿਰਮਾਣ ਹੋ ਰਿਹਾ ਹੈ। ਇਸ ਮੌਕੇ ਬੀ.ਐੱਫ.ਜੀ.ਆਈ. ਦੇ ਚੇਅਰਮੈਨ ਡਾ. ਗੁਰਮੀਤ ਸਿੰਘ ਧਾਲੀਵਾਲ ਤੇ ਮੈਨੇਜਿੰਗ ਡਾਇਰੈਕਟਰ ਸ੍ਰੀਮਤੀ ਪਰਮਜੀਤ ਕੌਰ ਧਾਲੀਵਾਲ ਨੇ ਵੀ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ।

## ਨਵੇਂ ਬਣੇ ਸਰਪੰਚ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਕੰਮ ਕਰਨ : ਖੁੱਡੀਆਂ

**ਲੰਬੀ/ਮਲੋਟ, (ਗੁਰਮੀਤ ਸਿੰਘ ਮੱਕੜ)** : ਪੰਜਾਬ ਦੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੂੰ ਕੱਲ੍ਹ ਹੋਈਆਂ ਪੰਚਾਇਤੀ ਚੋਣਾਂ ਦੇ ਨਤੀਜਿਆਂ ਵਿੱਚ ਨਵੇਂ ਬਣੇ ਸਰਪੰਚ ਉਨ੍ਹਾਂ ਦੇ ਪਿੰਡ ਆਏ, ਜਿਨ੍ਹਾਂ ਦਾ ਸਵਾਗਤ ਕਰਦੇ ਹੋਏ ਉਨ੍ਹਾਂ ਨੂੰ ਵਧਾਈ ਦਿੰਦੇ ਹੋਏ ਪਿੰਡ ਦੇ ਵਿਕਾਸ ਤੇ ਤਰੱਕੀ ਲਈ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਕੰਮ ਕਰਨ ਦੀ ਅਪੀਲ ਕੀਤੀ। ਝੋਨੇ ਦੀ ਖਰੀਦ ਲਈ ਸ਼ੈਲਰ ਮਾਲਕਾਂ ਨੂੰ ਆ ਰਹੀ ਮੁਸ਼ਕਲ 'ਤੇ ਉਨ੍ਹਾ ਕਿਹਾ ਕਿ ਇਸ ਬਾਬਤ ਕੇਂਦਰ ਨਾਲ ਗੱਲਬਾਤ ਹੋ ਚੁੱਕੀ ਹੈ ਤੇ ਜਲਦ ਇਸ ਦਾ ਮਸਲਾ ਹੱਲ ਹੋ ਜਾਵੇਗਾ। ਇਸ ਤੋਂ ਇਲਾਵਾ ਝੋਨੇ ਦੀ ਖਰੀਦ ਦੇ ਪ੍ਰਬੰਧ ਮੁਕੰਮਲ ਹਨ ਕਿਸਾਨ ਨੂੰ ਕਿਸੇ ਤਰ੍ਹਾਂ ਦੀ ਕੋਈ ਮੁਸ਼ਕਲ ਨਹੀਂ ਆਵੇਗੀ। ਪਰਾਲੀ ਜਲਾਉਣ ਦੇ ਮੁੱਦੇ 'ਤੇ ਉਨ੍ਹਾਂ ਕਿਹਾ ਕਿ ਪਿਛਲੇ ਸਾਲ 50 ਪ੍ਰਤੀਸ਼ਤ ਇਸ ਦਾ ਹੱਲ ਹੋ ਗਿਆ ਸੀ, ਇਸ ਵਾਰ ਉਸ ਤੋਂ ਵੀ ਵੱਧ ਹੋ ਜਾਵੇਗਾ ਤੇ ਪਰਾਲੀ ਸੰਭਾਲਣ ਲਈ ਕਈ ਤਰ੍ਹਾਂ ਦੇ ਇਤਜ਼ਾਮ ਕੀਤੇ ਗਏ ਹਨ।

## ...ਸਫ਼ਾ 1 ਦੇ ਬਾਕੀ

### ...ਕੈਨੇਡਾ ਤੋਂ ਬਾਅਦ

ਯਾਰਕ ਸਥਿਤ ਇਕ ਸੰਘੀ ਅਦਾਲਤ ਨੇ ਪਨੂੰ ਵੱਲੋਂ ਦਾਇਰ ਇਕ ਮੁਕੱਦਮੇ ਦੇ ਆਧਾਰ ਉਤੇ ਭਾਰਤ ਸਰਕਾਰ, ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਅਤੇ ਹੋਰਨਾਂ ਖਿਲਾਫ ਸੰਮਨ ਜਾਰੀ ਕੀਤੇ ਸਨ। ਦੂਜੇ ਪਾਸੇ ਭਾਰਤੀ ਵਿਦੇਸ਼ ਮੰਤਰਾਲੇ ਨੇ ਇਸ ਕਾਰਵਾਈ ਨੂੰ ਪੂਰੀ ਤਰ੍ਹਾਂ ਨਾਵਾਜਬ ਅਤੇ ਬੇਬੁਨਿਆਦ ਦੋਸ਼ਾਂ ਉਤੇ ਆਧਾਰਤ ਕਰਾਰ ਦਿੱਤਾ ਸੀ। ਸੰਮਨਾਂ ਵਿਚ ਭਾਰਤ ਸਰਕਾਰ ਤੇ ਡੋਵਾਲ ਤੋਂ ਇਲਾਵਾ ਰਾਅ ਦੇ ਸਾਬਕਾ ਮੁਖੀ ਸਾਮੰਤ ਗੋਇਲ, ਰਾਅ ਦੇ ਬੰਦੇ ਵਿਕਰਮ ਯਾਦਵ ਅਤੇ ਭਾਰਤੀ ਕਾਰੋਬਾਰੀ ਨਿਖਿਲ ਗੁਪਤਾ ਦੇ ਨਾਂਅ ਵੀ ਹਨ। ਗੌਰਤਲਬ ਹੈ ਕਿ ਨਿਖਿਲ ਗੁਪਤਾ ਇਸ ਮਾਮਲੇ ਵਿਚ ਪਹਿਲਾਂ ਹੀ ਅਮਰੀਕਾ ਦੀ ਹਿਰਾਸਤ ਵਿਚ ਹੈ।

ਅਮਰੀਕਾ ਨੇ ਮੰਗਲਵਾਰ ਦੋਸ਼ ਲਾਇਆ ਕਿ ਭਾਰਤ ਪਿਛਲੇ ਸਾਲ ਵੱਖਵਾਦੀ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਦੀ ਜਾਂਚ 'ਚ ਕੈਨੇਡਾ ਦਾ ਸਹਿਯੋਗ ਨਹੀਂ ਕਰ ਰਿਹਾ ਹੈ। ਅਮਰੀਕੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਮੈਥਯੂ ਮਿਲਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ—ਕੈਨੇਡਾ ਮਾਮਲੇ ਦੀ ਗੱਲ ਕਰੀਏ ਤਾਂ ਅਸੀਂ ਸਪੱਸ਼ਟ ਕਰ ਦਿੱਤਾ ਹੈ ਕਿ ਮਾਮਲਾ ਬਹੁਤ ਗੰਭੀਰ ਹੈ, ਅਸੀਂ ਚਾਹੁੰਦੇ ਹਾਂ ਕਿ ਭਾਰਤ ਸਰਕਾਰ ਕੈਨੇਡਾ ਨਾਲ ਜਾਂਚ 'ਚ ਸਹਿਯੋਗ ਕਰੇ। ਜ਼ਾਹਰ ਹੈ, ਉਨ੍ਹਾਂ ਨੇ ਇਹ ਰਸਤਾ ਨਹੀਂ ਚੁਣਿਆ ਹੈ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਇਕ ਦਿਨ ਪਹਿਲਾਂ ਦੋਸ਼ ਲਾਏ ਸਨ ਕਿ ਪਿਛਲੇ ਸਾਲ ਜੂਨ ਵਿਚ ਨਿੱਝਰ ਦੀ ਹੱਤਿਆ ਵਿਚ ਭਾਰਤ ਸਰਕਾਰ ਦੇ ਅਧਿਕਾਰੀ ਸ਼ਾਮਲ ਸਨ। ਟਰੂਡੋ ਨੇ ਦਾਅਵਾ ਕੀਤਾ ਕਿ ਦੇਸ਼ ਦੀ ਕੌਮੀ ਪੁਲਸ ਫੋਰਸ ਰਾਇਲ ਕੈਨੇਡੀਅਨ ਮਾਊਂਟਿਡ ਪੁਲਸ ਕੋਲ ਸਪੱਸ਼ਟ ਅਤੇ ਪੱਕੇ ਸਬੂਤ ਹਨ ਕਿ ਭਾਰਤ ਸਰਕਾਰ ਦੇ ਏਜੰਟ ਜਨਤਕ ਸੁਰੱਖਿਆ ਲਈ ਮਹੱਤਵਪੂਰਨ ਖਤਰਾ ਪੈਦਾ ਕਰਨ ਵਾਲੀਆਂ ਗਤੀਵਿਧੀਆਂ 'ਚ ਸ਼ਾਮਲ ਰਹੇ ਹਨ ਅਤੇ ਹੁਣ ਵੀ ਸ਼ਾਮਲ ਹਨ।

### ਪਰਾਲੀ ਸਾੜਨ ਵਾਲਿਆਂ...

ਤਾਂ ਅਸੀਂ ਉਨ੍ਹਾਂ ਵਿਰੁੱਧ ਵੀ ਸੰਮਨ ਜਾਰੀ ਕਰਾਂਗੇ। ਅਗਲੇ ਬੁੱਧਵਾਰ ਅਸੀਂ ਮੁੱਖ ਸਕੱਤਰਾਂ ਨੂੰ ਨਿੱਜੀ ਤੌਰ 'ਤੇ ਬੁਲਾ ਰਹੇ ਹਾਂ ਅਤੇ ਸਭ ਕੁਝ ਸਮਝਾਉਣ ਜਾ ਰਹੇ ਹਾਂ। ਬੈਂਚ ਨੇ ਅੱਗੇ ਕਿਹਾ—ਕੁਝ ਨਹੀਂ ਕੀਤਾ ਗਿਆ, ਪੰਜਾਬ ਸਰਕਾਰ ਨਾਲ ਵੀ ਅਜਿਹਾ ਹੀ ਹੈ। ਇਹ ਰਵੱਈਆ ਪੂਰੀ ਤਰ੍ਹਾਂ ਅਪਮਾਨਜਨਕ ਹੈ।

ਪੰਜਾਬ ਸਰਕਾਰ ਦੀ ਆਲੋਚਨਾ ਕਰਦਿਆਂ ਸੁਪਰੀਮ ਕੋਰਟ ਨੇ ਕਿਹਾ ਕਿ ਪਿਛਲੇ ਤਿੰਨ ਸਾਲਾਂ 'ਚ ਇੱਕ ਵੀ ਮੁਕੱਦਮਾ ਨਹੀਂ ਚਲਾਇਆ ਗਿਆ। ਪੰਜਾਬ ਸਰਕਾਰ ਵੱਲੋਂ ਕਿਸਾਨਾਂ ਨੂੰ ਟਰੈਕਟਰ ਮੁਹੱਈਆ ਕਰਵਾਉਣ ਲਈ ਕੇਂਦਰ ਤੋਂ ਫੰਡ ਮੰਗਣ ਦਾ ਕੋਈ ਯਤਨ ਨਹੀਂ ਕੀਤਾ ਗਿਆ।

ਬੈਂਚ ਨੇ ਕਿਹਾ ਕਿ ਸੀ ਏ ਕਿਊ ਐੱਮ ਵੀ ਬੋੜਾ ਬਾਘ ਬਣ ਗਿਆ ਹੈ। ਸੁਪਰੀਮ ਕੋਰਟ ਨੇ ਇਸ ਤੋਂ ਪਹਿਲਾਂ ਗੁਆਂਢੀ ਰਾਜਾਂ 'ਚ ਫਸਲਾਂ ਦੀ ਰਹਿੰਦ-ਖੂੰਹਦ ਨੂੰ ਸਾੜਨ ਕਾਰਨ ਦਿੱਲੀ 'ਚ ਹਵਾ ਪ੍ਰਦੂਸ਼ਣ ਨੂੰ ਰੋਕਣ 'ਚ ਅਸਫਲ ਰਹਿਣ ਲਈ ਸੀ ਏ ਕਿਊ ਐੱਮ ਨੂੰ ਘੇਰਿਆ ਸੀ ਅਤੇ ਕਿਹਾ ਸੀ ਕਿ ਇਸ ਨੂੰ ਆਪਣੀ ਪਹੁੰਚ 'ਚ ਹੋਰ ਸਰਗਰਮ ਹੋਣ ਦੀ ਲੋੜ ਹੈ।

### ਧਮਕੀਆਂ ਦਰਮਿਆਨ ...

ਨੂੰ ਜਿਹੜੀ ਵੀ ਸਹੂਲਤ ਅਤੇ ਸੁਰੱਖਿਆ ਮੁਹੱਈਆ ਕਰਵਾਈ ਗਈ ਹੈ, ਉਹ ਵਾਪਸ ਕਰਦੇ ਹਨ, ਉਹ ਇਸ ਨੂੰ ਅਫੋਰਡ ਨਹੀਂ ਕਰ ਸਕਦੇ। ਉਹ ਇਕ ਨਿਮਾਣੇ ਸਿੱਖ ਵਾਂਗ ਛੋਟੇ ਜਿਹੇ ਘਰ ਵਿਚ ਰਹਿੰਦੇ ਹਨ। ਉਨ੍ਹਾ ਅੱਗੇ ਕਿਹਾ—ਮੈਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਮੈਨੂੰ ਪੜ੍ਹਾਇਆ ਅਤੇ ਮੁਕਤਸਰ ਸਾਹਿਬ ਦਾ ਹੈੱਡ ਗ੍ਰੰਥੀ ਬਣਾਇਆ। ਮੈਨੂੰ ਤਖਤ ਸ੍ਰੀ ਦਮਦਮਾ ਸਾਹਿਬ ਦੀ ਸੇਵਾ ਦਿੱਤੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਵਜੋਂ ਵੀ ਸੇਵਾ ਦਿੱਤੀ। ਮੈਂ ਮਾਣ ਨਾਲ ਕਹਿੰਦਾ ਹਾਂ ਕਿ ਸਿੱਖ ਸੰਸਥਾਵਾਂ ਵੱਲੋਂ ਮੇਰੇ ਸਿਰ 'ਤੇ ਰੱਖੀ ਗਈ ਪੱਗ ਨੂੰ ਮੈਂ ਮਾਣ ਨਾਲ ਘਰ ਲੈ ਕੇ ਜਾ ਰਿਹਾ ਹਾਂ, ਇਸ ਨੂੰ ਕੋਈ ਦਾਗ ਤੱਕ ਨਹੀਂ ਲੱਗਣ ਦਿੱਤਾ, ਮੈਂ ਬੇਦਾਗ ਹੋ ਕੇ ਘਰ ਜਾ ਰਿਹਾ ਹਾਂ।ਇਸੇ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੇ ਵਿਰਸਾ ਸਿੰਘ ਵਲਟੋਹਾ ਦਾ ਅਸਤੀਫਾ ਪ੍ਰਵਾਨ ਕਰ ਲਿਆ ਹੈ। ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਭੂੰਦੜ ਨੂੰ ਵਲਟੋਹਾ ਨੂੰ ਦਸ ਸਾਲਾਂ ਲਈ ਪਾਰਟੀ ਵਿੱਚੋਂ ਕੱਢਣ ਦਾ ਹੁਕਮ ਦਿੱਤਾ ਸੀ। ਇਸ ਤੋਂ ਪਹਿਲਾਂ ਕਿ ਪਾਰਟੀ ਕੋਈ ਫੈਸਲਾ ਲੈਂਦੀ, ਵਲਟੋਹਾ ਨੇ ਖੁਦ ਪਾਰਟੀ ਦੇ ਸਾਰੇ ਅਹੁਦਿਆਂ ਤੋਂ ਅਸਤੀਫਾ ਦੇ ਦਿੱਤਾ, ਜਿਸ ਨੂੰ ਭੂੰਦੜ ਨੇ ਬੁੱਧਵਾਰ ਸਵੀਕਾਰ ਕਰ ਲਿਆ। ਪਿਛਲੇ ਦਿਨੀਂ ਵਲਟੋਹਾ ਨੇ ਜਥੇਦਾਰਾਂ 'ਤੇ ਭਾਜਪਾ ਤੇ ਆਰ ਐੱਸ ਐੱਸ ਦਾ ਦਬਾਅ ਹੋਣ ਸੰਬੰਧੀ ਬਿਆਨ ਦਿੱਤਾ ਸੀ, ਜਿਸ 'ਤੇ ਜਥੇਦਾਰਾਂ ਨੇ ਵਲਟੋਹਾ ਤੋਂ ਸਪੱਸ਼ਟੀਕਰਨ ਮੰਗਿਆ ਸੀ। ਸਪੱਸ਼ਟੀਕਰਨ ਤੋਂ ਸੰਤੁਸ਼ਟ ਨਾ ਹੋ ਕੇ ਸਿੰਘ ਸਾਹਿਬਾਨ ਨੇ ਵਲਟੋਹਾ ਖਿਲਾਫ ਸਖਤ ਐਕਸ਼ਨ ਲਿਆ।

## ਭੋਗ 'ਤੇ ਵਿਸ਼ੇਸ਼

## ਅਗਾਂਹਵਧੂ ਸੋਚ ਦੇ ਮਾਲਕ ਸਨ ਜਸਮੇਲ ਕੌਰ ਧਾਲੀਵਾਲ



ਮੋਗਾ-ਮਾਤਾ ਜਸਮੇਲ ਕੌਰ ਦਾ ਜਨਮ 1940 ਵਿਚ ਮਾਤਾ ਸਦਾ ਕੌਰ ਦੀ ਕੁੱਖੋਂ ਹੋਇਆ ਅਤੇ ਪਿਤਾ ਨੱਥਾ ਸਿੰਘ ਸੇਠ ਜੋ ਕਿ ਇਲਾਕੇ ਵਿਚ ਮੰਨੇ-ਪ੍ਰਮੰਨੇ ਗਰੀਬਾਂ ਦੀ ਮਦਦ ਕਰਨ ਵਾਲੇ ਅਤੇ ਅਗਾਂਹਵਧੂ ਸੋਚ ਵਾਲੇ ਅਤੇ ਵੈਦ ਦਾ ਕੰਮ ਸਿਰਫ਼ ਸੇਵਾ ਲਈ ਕਰਦੇ, ਬਿਨਾਂ ਕਿਸੇ ਨੂੰ ਕੋਈ ਪੈਸਾ ਲਿਆ ਅਤੇ ਕੋਟਕਪੂਰਾ ਵਿਚ ਚੋਟੀ ਦੇ ਆੜ੍ਹਤੀਆਂ ਹੋਣ ਦੇ ਨਾਲ ਦਿਆਨਤਦਾਰ ਚਾਰ ਵਿਅਕਤੀਆਂ ਵਿਚ ਨਾਂਅ ਆਉਂਦਾ ਸੀ। ਬਚਪਨ ਤੋਂ ਲੈ ਕੇ ਧਰਮ ਪ੍ਰਤੀ ਸ਼ਰਧਾ ਰੱਖਣਾ ਅਤੇ ਸਰਲ ਅਤੇ ਸਾਫ਼-ਸੁਥਰੀ ਸੋਚ 'ਤੇ ਚੱਲਣ ਵਾਲਾ ਉਨ੍ਹਾਂ ਦਾ ਸੁਭਾਅ ਇਸ ਤਰ੍ਹਾਂ ਬਣ ਗਿਆ। ਉਨ੍ਹਾਂ ਦਾ ਵਿਆਹ 1962 ਵਿਚ ਫਰੀਦਕੋਟ ਦੇ ਨਾਲ ਲਗਦੇ ਪਿੰਡ ਭਾਣੇ ਵਿਚ ਗੁਰਦਿਆਲ ਸਿੰਘ ਧਾਲੀਵਾਲ ਦੇ ਵੱਡੇ ਬੇਟੇ ਅਮਰ ਸਿੰਘ ਧਾਲੀਵਾਲ ਨਾਲ ਹੋਇਆ। ਮਾਤਾ ਜਸਮੇਲ ਕੌਰ ਨੇ ਆਪਣੇ ਸਹੁਰੇ ਪਰਵਾਰ ਵਿਚ ਅਤੇ ਆਪਣੇ ਦਿਓਰਾਂ ਦਰਸ਼ਨ ਸਿੰਘ, ਅਜਮੇਰ ਸਿੰਘ ਅਤੇ ਸ਼ੇਰ ਸਿੰਘ ਅਤੇ ਨਨਾਣਾਂ ਨਾਲ ਸਾਰੀ ਜ਼ਿੰਦਗੀ ਬੜੇ ਵਧੀਆ ਤਰੀਕੇ ਨਾਲ ਨਿਭਾਈ। ਉਨ੍ਹਾਂ ਦੇ ਤਿੰਨ ਬੇਟਿਆਂ 'ਚ ਰਵਿੰਦਰ ਸਿੰਘ ਧਾਲੀਵਾਲ ਵੈਟਰਨਰੀ ਅਫ਼ਸਰ ਬਣੇ ਅਤੇ ਨੂੰਹ ਡਾ. ਹਰਵੀਨ ਕੌਰ ਡਿਪਟੀ ਡਾਇਰੈਕਟਰ ਮੋਗਾ ਲੱਗੇ ਹੋਏ ਹਨ ਅਤੇ ਦੂਸਰੇ ਬੇਟੇ ਇੰਸਪੈਕਟਰ ਪੁਸ਼ਪਿੰਦਰ ਸਿੰਘ ਪੱਪੀ ਪੰਜਾਬ ਪੁਲਸ ਵਿਚ ਲੁਧਿਆਣੇ ਡਿਊਟੀ ਕਰ ਰਿਹਾ ਹੈ ਅਤੇ ਨੂੰਹ ਸੁਖਜੀਤ ਕੌਰ ਜੋ ਕਿ ਘਰ ਦੇ ਕੰਮ ਦੇ ਨਾਲ ਮਾਤਾ ਜੀ ਦੀ ਦੇਖਭਾਲ ਦਾ ਧਿਆਨ ਰੱਖਦੀ ਅਤੇ ਆਪਣੀਆਂ ਬੇਟੀਆਂ ਨਵਨੂਰ ਕੌਰ ਅਤੇ ਅਨੁਰੀਤ ਨੂੰ ਉਚ ਸਿੱਖਿਆ ਦਿਵਾ ਰਹੀ ਹੈ। ਤੀਸਰਾ ਬੇਟਾ ਜਸਵਿੰਦਰ ਸਿੰਘ ਅਤੇ ਨੂੰਹ ਜਸਵੀਰ ਕੌਰ ਗੁਰੂ ਗ੍ਰੰਥ ਸਾਹਿਬ ਜੀ ਤੋਂ ਸੇਧ ਲੈ ਕੇ ਗੁਰਸਿੱਖੀ ਜੀਵਨ ਬਿਤਾ ਰਹੇ ਹਨ ਅਤੇ ਉਨ੍ਹਾਂ ਦਾ ਬੇਟਾ ਹਰਮੀਤ ਸਿੰਘ ਕੈਨੇਡਾ ਵਿਚ ਆਪਣਾ ਵਧੀਆ ਬਿਜ਼ਨਸ ਕਰ ਰਿਹਾ ਹੈ। ਵੱਡਾ ਪੋਤਰਾ ਡਾ. ਰਵਰਾਜ ਸਿੰਘ ਧਾਲੀਵਾਲ ਆਯੁਰਵੈਦਿਕ ਡਰੋਲੀ ਭਾਈ ਵਿਖੇ ਸੇਵਾ ਨਿਭਾ ਰਿਹਾ ਹੈ ਅਤੇ ਉਹ ਆਪਣੀ ਡਿਊਟੀ ਦੇ ਨਾਲ ਆਪਣੇ ਦਾਦੀ ਜੀ ਅਤੇ ਦਾਦਾ ਜੀ ਦੀ ਸੇਵਾ ਕਰ ਰਹੇ ਹਨ। ਮਾਤਾ ਜੀ ਵਲੋਂ ਲੜਕੀ ਕਰਮਜੀਤ ਕੌਰ ਨੂੰ ਗੋਦ ਲਿਆ ਸੀ ਅਤੇ ਉਸ ਦਾ ਸਭ ਪਾਲਣ ਪੋਸ਼ਣ ਕੀਤਾ। ਮਾਤਾ ਜੀ ਨੇ ਆਪਣੇ ਪੁੱਤਰ ਇੰਸਪੈਕਟਰ ਪੁਸ਼ਪਿੰਦਰ ਸਿੰਘ ਪੱਪੀ ਅਤੇ ਨੂੰਹਾਂ ਨੂੰ ਸੇਵਾ ਸਿਮਰਨ ਅਤੇ ਨਾਮ ਜਪਣ ਵੱਲ ਪ੍ਰੇਰਿਤ ਕੀਤਾ। ਬੀਤੇ ਦਿਨ ਮਾਤਾ ਸਰਦਾਰਨੀ ਜਸਮੇਲ ਕੌਰ ਧਾਲੀਵਾਲ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ਼ ਗਏ। ਉਨ੍ਹਾਂ ਨਮਿੱਤ ਰੱਖੇ ਗਏ ਸ੍ਰੀ ਸਹਿਜ ਪਾਠ ਦਾ ਭੋਗ ਅੱਜ 17 ਅਕਤੂਬਰ, ਦਿਨ ਵੀਰਵਾਰ ਨੂੰ ਗੁਰਦੁਆਰਾ ਵਿਸ਼ਵਕਰਮਾ ਭਵਨ ਸਾਹਮਣੇ ਆਈ.ਟੀ.ਆਈ ਮੋਗਾ ਵਿਖੇ 12 ਤੋਂ 1 ਵਜੇ ਤੱਕ ਹੋਵੇਗਾ।

**ਇਕਬਾਲ ਸਿੰਘ ਖਹਿਰਾ**

## ਸ੍ਰੀ ਹੇਮਕੁੰਟ ਸਕੂਲ ਦੇ ਵਿਦਿਆਰਥੀਆਂ ਨੂੰ ਵੰਡਰ ਲੈਂਡ ਦੀ ਕਰਵਾਈ ਸੈਰ

### ਬੱਚਿਆਂ ਦੇ ਮਾਨਸਿਕ ਤੇ ਸਰੀਰਕ ਵਿਕਾਸ ਲਈ ਇਹੋ ਜਿਹੀਆਂ ਗਤੀਵਿਧੀਆਂ ਜ਼ਰੂਰੀ : ਚੇਅਰਮੈਨ ਸੰਧੂ



**ਕੋਟ ਈਸੇ ਖਾਂ (ਅਰੋੜਾ)**-ਇਲਾਕੇ ਦੀ ਨਾਮਵਰ ਸੰਸਥਾ ਸ੍ਰੀ ਹੇਮਕੁੰਟ ਸੀਨੀ. ਸੈਕੰ. ਸਕੂਲ ਕੋਟ ਈਸੇ ਖਾਂ ਦੇ ਵਿਦਿਆਰਥੀਆਂ ਨੇ ਹਾਲ ਹੀ ਵਿੱਚ ਜਲੰਧਰ ਸਥਿਤ ਵੰਡਰ ਲੈਂਡ ਟੂਰ ਦਾ ਆਨੰਦ ਮਾਣਿਆ।ਪ੍ਰਿੰਸੀਪਲ ਰਮਨਜੀਤ ਕੌਰ ਤੇ ਸਮੂਹ ਸਟਾਫ਼ ਦੇ ਸਹਿਯੋਗ ਅਤੇ ਦੇਖ-ਰੇਖ ਸਦਕਾ ਇਹ ਟੂਰ ਸੰਭਵ ਹੋਇਆ, ਜਿਸ ਵਿੱਚ ਤੀਸਰੀ ਕਲਾਸ ਤੋਂ ਬਾਰਵੀਂ ਕਲਾਸ ਤੱਕ ਦੇ ਵਿਦਿਆਰਥੀਆਂ ਨੇ ਵੰਡਰ ਲੈਂਡ ਵਿੱਚ ਵੱਖ-ਵੱਖ ਝੂਲਿਆਂ ਦਾ ਆਨੰਦ ਮਾਣਿਆ।ਬੱਚਿਆਂ ਨੇ ਵਾਟਰ ਪਾਰਕ ਵਿੱਚ ਵੀ ਕਈ ਗਤੀਵਿਧੀਆਂ ਜਿਵੇਂ ਕਿ ਰੇਨ ਡਾਂਸ, ਤੈਰਾਕੀ ਸਲਾਈਡ ਆਦਿ ਦਾ ਆਨੰਦ ਮਾਣਿਆ।ਇਸ ਤੋਂ ਇਲਾਵਾ, ਡਿਸਕੋ ਵਿੱਚ ਬੱਚਿਆਂ ਨੇ ਗੀਤਾਂ 'ਤੇ ਡਾਂਸ ਕਰ ਕੇ ਖੂਬ ਮਨੋਰੰਜਨ ਕੀਤਾ।ਹੇਮਕੁੰਟ ਸੰਸਥਾਵਾਂ ਦੇ ਚੇਅਰਮੈਨ ਕੁਲਵੰਤ ਸਿੰਘ ਸੰਧੂ ਤੇ ਐੱਮ. ਡੀ. ਮੈਡਮ ਰਣਜੀਤ ਕੌਰ ਸੰਧੂ ਨੇ ਕਿਹਾ ਕਿ ਅਜਿਹੀਆਂ ਗਤੀਵਿਧੀਆ ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਬਹੁਤ ਜ਼ਰੂਰੀ ਹਨ, ਕਿਉਂਕਿ ਇਹ ਬੱਚਿਆਂ ਦੇ ਮਾਨਸਿਕ ਵਿਕਾਸ ਵਿੱਚ ਯੋਗਦਾਨ ਪਾਉਂਦੀਆਂ ਹਨ ਅਤੇ ਉਨ੍ਹਾਂ ਨੂੰ ਤਣਾਅ ਮੁਕਤ ਕਰਾਉਂਦੀਆਂ ਹਨ। ਚੇਅਰਮੈਨ ਕੁਲਵੰਤ ਸਿੰਘ ਸੰਧੂ ਨੇ ਕਿਹਾ ਕਿ ਬੱਚਿਆਂ ਨੂੰ ਸਿਲੇਬਸ ਦੇ ਨਾਲ ਨਾਲ ਵੱਖ-ਵੱਖ ਤਜਰਬੇ ਪ੍ਰਦਾਨ ਕੀਤੇ ਜਾਣ।ਇਸ ਤਰ੍ਹਾਂ ਦੇ ਟੂਰ ਬੱਚਿਆਂ ਦੇ ਆਤਮ ਵਿਸ਼ਵਾਸ ਨੂੰ ਵਧਾਉਂਦੇ ਹਨ ਤੇ ਉਨ੍ਹਾਂ ਨੂੰ ਜੀਵਨ ਵਿੱਚ ਨਵੀਂ ਸੂਝ-ਬੂਝ ਪੈਦਾ ਕਰਦੇ ਹਨ।ਇਸ ਸਮੇਂ ਬੱਚਿਆਂ ਦੇ ਨਾਲ ਕੋ-ਆਰਡੀਨੇਟਰ, ਸਟਾਫ ਮੈਂਬਰ ਤੇ ਬੱਚੇ ਹਾਜ਼ਰ ਸਨ।ਬੱਚਿਆਂ ਦੇ ਚਿਹਰੇ 'ਤੇ ਖਿੜੀ ਮੁਸਕਾਨ ਨੇ ਇਹ ਸਪੱਸ਼ਟ ਕੀਤਾ ਕਿ ਟੂਰ ਕਿੰਨਾ ਸਫ਼ਲ ਰਿਹਾ।ਇਸ ਮੌਕੇ ਸਕੂਲ ਸਟਾਫ਼ ਮੈਂਬਰਾਂ ਨੇ ਬੱਚਿਆਂ ਦੀ ਪੂਰੀ ਦੇਖ-ਭਾਲ ਕੀਤੀ ਤੇ ਉਨ੍ਹਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ।ਪ੍ਰਿੰਸੀਪਲ ਮੈਡਮ ਰਮਨਜੀਤ ਕੌਰ ਨੇ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਕਿਹਾ ਕਿ ਸਾਡੇ ਸਕੂਲ ਦਾ ਮਕਸਦ ਸਿਰਫ਼ ਕਿਤਾਬੀ ਸਿੱਖਿਆ ਹੀ ਨਹੀਂ, ਸਗੋਂ ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਹਰ ਤਰ੍ਹਾਂ ਦੀ ਸਹੂਲਤ ਪ੍ਰਦਾਨ ਕਰਨਾ ਹੈ।

## ਭਗਵਾਨ ਵਾਲਮੀਕੀ ਜੀ ਦੇ ਪ੍ਰਗਟ ਦਿਵਸ ਸੰਬੰਧੀ ਸ਼ੋਭਾ ਯਾਤਰਾ



**ਗੁਰੂ ਹਰ ਸਹਾਏ (ਫਕੀਰ ਚੰਦ ਸਿਕਰੀ)**-ਭਗਵਾਨ ਵਾਲਮੀਕੀ ਮਹਾਰਾਜ ਜੀ ਦੇ ਪ੍ਰਗਟ ਦਿਵਸ ਨੂੰ ਮੁੱਖ ਰੱਖਦਿਆਂ ਹੋਇਆ ਸ਼ੋਭਾ ਯਾਤਰਾ ਬੜੀ ਸ਼ਰਧਾ ਤੇ ਧੂਮਧਾਮ ਨਾਲ ਗੁਰੂ ਹਰਸਹਾਏ ਦੇ ਆਦਰਸ਼ ਨਗਰ ਵਿਖੇ ਬਣੇ ਵਾਲਮੀਕੀ ਮੰਦਰ ਤੋਂ ਕੱਢੀ ਗਈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਵਾਲਮੀਕੀ ਮਹਾਂਪੰਚਾਇਤ ਦੇ ਪੰਜਾਬ ਪ੍ਰਧਾਨ ਸਾਮ ਲਾਲ ਬਿੱਟੂ ਨੇ ਦੱਸਿਆ ਕਿ ਹਰ ਸਾਲ ਹੀ ਉਨ੍ਹਾਂ ਵੱਲੋਂ ਭਗਵਾਨ ਵਾਲਮੀਕੀ ਜੀ ਦੇ ਪ੍ਰਗਟ ਦਿਵਸ ਦੇ ਸਬੰਧ ਵਿੱਚ ਸ਼ੋਭਾ ਯਾਤਰਾ ਕੱਢੀ ਜਾਂਦੀ ਹੈ, ਜੋ ਕਿ ਇਸ ਵਾਰ ਵੀ ਕੱਢੀ ਗਈ। ਇਸ ਸ਼ੋਭਾ ਯਾਤਰਾ ਨੂੰ ਮੰਦਰ ਤੋਂ ਚੱਲਣ ਤੋਂ ਪਹਿਲਾਂ ਜੋਤੀ ਪ੍ਰਚੰਡ ਦੀ ਰਸਮ ਵਾਈਸ ਚੇਅਰਮੈਨ ਅਮੀ ਲਾਲ ਤੇ ਜੈ ਗੋਪਾਲ ਵੱਲੋਂ ਕੀਤੀ ਗਈ। ਇਸੇ ਤਰ੍ਹਾਂ ਰਿਬਨ ਕੱਟਣ ਦੀ ਰਸਮ ਪੰਜਾਬ ਪ੍ਰਧਾਨ ਸ਼ਾਮ ਨਾਲ ਬਿੱਟੂ ਵੱਲੋਂ ਕੀਤੀ ਗਈ ਤੇ ਉਸ ਤੋਂ ਬਾਅਦ ਮੰਦਰ ਤੋਂ ਸ਼ੋਭਾ ਯਾਤਰਾ ਰਵਾਨਾ ਕੀਤੀ ਗਈ, ਜੋ ਕਿ ਵੱਖ-ਵੱਖ ਬਾਜ਼ਾਰਾਂ ਵਿੱਚ ਹੁੰਦੇ ਵਾਪਸ ਮੰਦਰ ਵਿਖੇ ਆ ਕੇ ਸਮਾਪਤ ਹੋਈ। ਇਸ ਮੌਕੇ ਵਾਲਮੀਕੀ ਮਹਾਂਪੰਚਾਇਤ ਦੇ ਆਗੂ ਸਤਪਾਲ ਐਡਵਾਈਜ਼ਰ, ਬੁੱਧਰਾਮ ਪ੍ਰੈੱਸ ਸਕੱਤਰ, ਜ਼ਿਲ੍ਹਾ ਪ੍ਰਧਾਨ ਪ੍ਰੇਮ ਕੁਮਾਰ, ਸੁਰਜੀਤ ਕੁਮਾਰ, ਬਿੱਟੂ ਪ੍ਰਧਾਨ, ਪਿਆਰੇ ਲਾਲ ਸੀਨੀਅਰ ਆਗੂ, ਚਿਮਲ ਲਾਲ ਸਲਾਹਕਾਰ, ਰਜਿੰਦਰ ਕੁਮਾਰ, ਵੇਦ ਪ੍ਰਕਾਸ, ਅਵਤਾਰ, ਕ੍ਰਿਸ਼ਨ, ਸਿਕੰਦਰ, ਅਨੂ, ਮੋਨੂ, ਰਜੀਵ ਕੁਮਾਰ, ਦੀਪਕ, ਗੱਬਰ, ਮੰਜੂ, ਰਕੇਸ਼ ਕੁਮਾਰ ਪ੍ਰਧਾਨ, ਸੌਰਵ, ਵਿਜੇ ਕੁਮਾਰ, ਸੰਤ ਰਾਮ, ਸੰਜੇ, ਕ੍ਰਿਸ, ਨੀਤੀਸ਼, ਬਬਲੂ, ਸਨਦੀਪ ਤੇ ਸਾਹਿਲ ਹਾਜ਼ਰ ਸਨ।

## ਇਲੈਕਟ੍ਰੋ ਹੋਮਿਉਪੈਥਿਕ ਡਾਕਟਰ ਮੈਡੀਕਲ ਐਸੋਸੀਏਸ਼ਨ ਪੰਜਾਬ ਦੀ ਮੀਟਿੰਗ



**ਮੋਗਾ (ਇਕਬਾਲ ਸਿੰਘ ਖਹਿਰਾ)**-ਇਲੈਕਟ੍ਰੋਹੋਮਿਉਪੈਥਿਕ ਡਾਕਟਰ ਮੈਡੀਕਲ ਐਸੋਸੀਏਸ਼ਨ ਪੰਜਾਬ ਦੀ ਅਕਤੂਬਰ ਮਹੀਨੇ ਦੀ ਚੋਖਾ ਅੰਪਾਇਰ ਬੁੱਘੀਪੁਰਾ ਚੌਕ ਮੋਗਾ ਵਿਖੇ ਹੋਈ, ਜਿਸ ਵਿੱਚ ਪੰਜਾਬ ਹਰਿਆਣਾ ਦਿੱਲੀ ਤੋਂ 90 ਤੋਂ ਵੱਧ ਡਾਕਟਰਾਂ ਨੇ ਹਿੱਸਾ ਲਿਆ। ਇਸ ਮੀਟਿੰਗ ਦੀ ਸ਼ੁਰੂਆਤ ਡਾ. ਜਗਜੀਤ ਸਿੰਘ ਗਿੱਲ ਵੱਲੋਂ ਕੀਤੀ ਗਈ। ਉਨ੍ਹਾਂ ਸਿਹਤ ਵਿਭਾਗ ਵੱਲੋਂ ਜਾਰੀ ਹੋਈਆਂ ਨਵੀਆਂ ਹਦਾਇਤਾ ਸਬੰਧੀ ਜਾਣਕਾਰੀ ਦਿੱਤੀ।

ਇਸ ਸਮੇਂ ਡਾ. ਜਗਤਾਰ ਸਿੰਘ ਸੇਖੋਂ ਨੇ ਨਬਜ਼ ਦੀ ਜਾਂਚ ਕਰਨ ਦੇ ਅਡਵਾਂਸ ਤਰੀਕੇ ਬਾਰੇ ਜਾਣਕਾਰੀ ਦਿੱਤੀ। ਡਾ. ਕਮਲਜੀਤ ਕੌਰ ਸੇਖੋਂ ਨੇ ਇਲੈਕਟ੍ਰੋਹੋਮਿਉਪੈਥਿਕ ਦੇ 2 ਪੌਦਿਆਂ ਬਾਰੇ ਜਾਣਕਾਰੀ ਦਿੱਤੀ। ਡਾ. ਪਰਮਿੰਦਰ ਕੁਮਾਰ ਪਾਠਕ ਨੇ ਇਲੈਕਟ੍ਰੋਹੋਮਿਉਪੈਥਿਕ ਦੀ ਦਵਾਈ ਕੈਨਸਰੋਸੋ 13 ਦੇ ਕੰਮਾਂ ਬਾਰੇ ਦੱਸਿਆ। ਡਾ. ਮਨਪ੍ਰੀਤ ਸਿੰਘ ਨਿਹਾਲ ਸਿੰਘ ਵਾਲਾ ਨੇ ਟੈਂਪਰਾਮੈਂਟ ਸਬੰਧੀ ਜਾਣਕਾਰੀ ਦਿੱਤੀ। ਡਾ. ਜਸਵਿੰਦਰ ਸਿੰਘ ਸਮਾਧ ਭਾਈ ਨੇ ਇਲੈਕਟ੍ਰੋਹੋਮਿਉਪੈਥਿਕ ਦੀਆਂ ਦਵਾਈਆਂ ਸਬੰਧੀ ਜਾਣਕਾਰੀ ਦਿੱਤੀ ਗਈ। ਇਸ ਸਮੇਂ ਸੰਤੋਖ ਸਿੰਘ ਨੇ ਚੰਬਲ ਰੋਗ, ਡਾ. ਜਗਦੀਪ ਸਿੰਘ ਘਾਲੀ ਨੇ ਗੁਰਦੇ ਰੋਗ ਤੇ ਚਮੜੀ ਰੋਗ, ਡਾ. ਐੱਸ ਕੇ ਕਟਾਰੀਆ ਵੱਲੋਂ ਬੱਚਿਆਂ ਦੇ ਕਪੋਸ਼ਨ ਤੇ ਜਮਾਂਦਰੂ ਰੋਗ, ਡਾ. ਅਵਤਾਰ ਸਿੰਘ ਦੇਵਗਨ ਵੱਲੋਂ ਸੈੱਲਾਂ ਦਾ ਘਟਨ ਸਬੰਧੀ ਕਾਰਨ ਤੇ ਇਲਾਜ ਸਬੰਧੀ ਜਾਣਕਾਰੀ ਸਾਂਝੀ ਕੀਤੀ। ਇਸ ਸਮੇਂ ਮੀਟਿੰਗ ਦੌਰਾਨ ਡਾ. ਸਰਬਜੀਤ ਸਿੰਘ, ਡਾ. ਸੰਤੋਖ ਸਿੰਘ ਜੋਸ਼ਨ, ਡਾ. ਸ਼ਿੰਦਰ ਸਿੰਘ, ਡਾ. ਨਾਰੇਸ਼ ਭੰਡਾਰੀ, ਡਾ. ਜਸਪਾਲ ਸਿੰਘ ਵਿਰਕ, ਡਾ. ਹਰਪਾਲ ਸਿੰਘ, ਡਾ. ਮਨਜੀਤ ਸਿੰਘ, ਡਾ. ਨਵਦੀਪ ਸਿੰਘ, ਡਾ. ਲਖਵੀਰ ਕੌਰ, ਡਾ. ਸੁਖਮੰਦਰ ਸਿੰਘ, ਡਾ. ਨਵਦੀਪ ਕੌਰ, ਡਾ. ਕੁਲਦੀਪ ਸਿੰਘ, ਡਾ. ਮਨਦੀਪ ਸਿੰਘ, ਡਾ. ਕੁਲਦੀਪ ਸ਼ਰਮਾ, ਡਾ. ਦਵਿੰਦਰ ਕੁਮਾਰ ਖੁਰਾਣਾ, ਡਾ. ਨੀਤਾ ਸਿੰਘ, ਡਾ. ਕਰਮਜੀਤ ਸਿੰਘ, ਡਾ. ਕੇਵਲ ਸ਼ਰਮਾ, ਡਾ. ਕੁਲਦੀਪ ਸਿੰਘ, ਡਾ. ਜੋਗਾ ਸਿੰਘ, ਡਾ. ਰਣਜੀਤ ਸਿੰਘ, ਡਾ. ਸੁਰਜੀਤ ਸਿੰਘ, ਡਾ. ਨਿਰਮਲ ਸਿੰਘ, ਡਾ. ਕਿਸ਼ੋਰ ਚੰਦ ਆਦਿ ਹਾਜ਼ਰ ਸਨ। ਅੰਤ ਵਿੱਚ ਡਾ. ਜਗਜੀਤ ਸਿੰਘ ਗਿੱਲ ਦੁਆਰਾ ਆਏ ਹੋਏ ਡਾਕਟਰਾਂ ਦਾ ਧੰਨਵਾਦ ਕੀਤਾ ਤੇ ਅਗਲੇ ਮਹੀਨੇ ਦੀ 15 ਤਰੀਖ ਦੀ ਮੀਟਿੰਗ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ।

## ਧੂਰੀ ਬਲਾਕ ਅੰਦਰ ਚੋਣਾਂ ਦਾ ਕੰਮ ਅਮਨ-ਅਮਾਨ ਨਾਲ ਨੇਪਰੇ ਚੜ੍ਹਿਆ

### ਬੁਗਰਾ ਤੋਂ ਹਰਜੀਤ ਧਨੋਆ, ਭਲਵਾਨ ਤੋਂ ਭਗਵਾਨ ਸਿੰਘ, ਲੱਡਾ ਤੋਂ ਮਿੱਠੂ ਲੱਡਾ ਸਰਪੰਚ ਬਣੇ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਪੰਜਾਬ ਅੰਦਰ ਹੋਈਆਂ ਗਰਾਮ ਪੰਚਾਇਤਾਂ ਦੀਆ ਚੋਣਾਂ ਵਿੱਚ ਧੂਰੀ ਬਲਾਕ ਦੇ ਪਿੰਡਾਂ ਦੀ ਸਰਪੰਚੀ ਤੇ ਪੰਚੀ ਦੀਆਂ ਚੋਣਾਂ ਅਮਨ ਅਮਾਨ ਨਾਲ ਨੇਪਰੇ ਚੜ੍ਹੀਆਂ, ਉਥੇ ਇਨ੍ਹਾਂ ਚੋਣਾਂ ਦੇ ਨਤੀਜਿਆਂ ਅਨੁਸਾਰ ਬਲਾਕ ਦੇ ਪਿੰਡਾਂ ਦੇ ਸਰਪੰਚਾਂ ਦੀ ਚੋਣ ਵਿੱਚ ਪਿੰਡ ਜਹਾਂਗੀਰ ਤੋਂ ਰੁਪਿੰਦਰ ਕੌਰ, ਕਹੇਰੂ ਤੋਂ ਸੰਦੀਪ ਕੌਰ, ਬਾਦਸ਼ਾਹਪੁਰ ਤੋਂ ਜਸਵੰਤ ਸਿੰਘ, ਰਾਜੋਮਾਜਰਾ ਤੋਂ ਅਮਨਦੀਪ ਕੌਰ, ਬੁਗਰਾ ਤੋਂ ਹਰਜੀਤ ਸਿੰਘ ਧਨੋਆ, ਕੱਕੜਵਾਲ ਤੋਂ ਜਗਜੀਤ ਸਿੰਘ, ਦੌਲਤਪੁਰ ਤੋਂ ਨੂਰ ਰਾਮ, ਮੱਲੂਮਾਜਰਾ ਤੋਂ ਜਸਵਿੰਦਰ ਕੌਰ, ਬਮਾਲ ਤੋਂ ਜਗਤਾਰ ਸਿੰਘ, ਦੁਗਨੀ ਤੋਂ ਸ਼ਕੀਲਾ, ਜਾਤੀਮਾਜਰਾ ਤੋਂ ਅਮਨਦੀਪ ਸਿੰਘ, ਬੱਲਮਗੜ੍ਹ ਤੋਂ ਮਨਦੀਪ ਕੌਰ, ਭਸੌੜ ਤੋਂ ਪਰਮਜੀਤ ਕੌਰ, ਬੱਬਨਪੁਰ ਤੋਂ ਮਨਪ੍ਰੀਤ ਸਿੰਘ, ਬੇਲੇਵਾਲ ਤੋਂ ਸੁਖਵਿੰਦਰ ਸਿੰਘ, ਬਨਭੌਰੀ ਤੋਂ ਅਮਨਦੀਪ ਕੌਰ, ਬਰੜ੍ਹਵਾਲ ਲੰਮਾ ਵਾਸ ਤੋਂ ਅਮਨਦੀਪ ਕੌਰ, ਬਰੜ੍ਹਵਾਲ ਤੋਂ ਕਰਮਜੀਤ ਸਿੰਘ, ਰਾਜਿੰਦਰਾਪੁਰੀ ਤੋਂ ਮਨੋਜ ਕੁਮਾਰ, ਈਸੜਾ ਤੋਂ ਰਾਜਿੰਦਰ ਕੌਰ, ਲੁਹਾਰ ਮਾਜਰਾ ਤੋਂ ਰਵਿੰਦਰ ਸਿੰਘ ਸਿੱਧੂ, ਜੈਨਪੁਰ ਤੋਂ ਰਾਜਵਿੰਦਰ ਕੌਰ ਬਲਿੰਗ, ਬੰਗਾਂਵਾਲੀ ਤੋਂ ਹਰਬਿੰਦਰ ਸਿੰਘ, ਰੁਲਦੂ ਸਿੰਘ ਵਾਲਾ ਤੋਂ ਸੁਰਜੀਤ ਕੌਰ, ਈਸੀ ਤੋਂ ਕਰਮਜੀਤ ਕੌਰ, ਮੀਮਸਾ ਤੋਂ ਗੁਰਪ੍ਰੀਤ ਸਿੰਘ, ਮਾਨਾਂ ਤੋਂ ਜਸਵੀਰ ਸਿੰਘ, ਬੁਰਜ ਗੰਹਰਾ ਤੋਂ ਗੁਰਮੇਲ ਸਿੰਘ, ਬੁਰਜ ਸੇਢਾ ਤੋਂ ਜਸਵੰਤ ਕੌਰ, ਖੇੜੀ ਜੱਟਾਂ ਤੋਂ ਮਲਕੀਤ ਕੌਰ, ਧਾਂਦਰਾ ਤੋਂ ਰੇਖਾ ਰਾਣੀ, ਢਢੋਗਲ ਤੋਂ ਜਸਵੀਰ ਦਾਸ, ਸ਼ੇਰਪੁਰ ਸੋਢੀਆਂ ਤੋ ਨਰਿੰਦਰ ਕੌਰ, ਚੀਮਾ ਤੋਂ ਹਰਪ੍ਰੀਤ ਕੌਰ, ਭੁੱਲਰਹੇੜੀ ਤੋਂ ਜਸਵੀਰ ਕੌਰ, ਕੰਧਾਰਗੜ੍ਹ ਤੋਂ ਪਿਆਰਾ ਸਿੰਘ, ਸਮੁੰਦਗੜ੍ਹ ਤੋਂ ਕੁਲਵਿੰਦਰ ਸਿੰਘ, ਕੋਲਸੇੜੀ ਤੋਂ ਵੀਰਪਾਲ ਕੌਰ, ਮੀਰਹੇੜੀ ਤੋਂ ਸਰਬਜੀਤ ਕੌਰ, ਹਰਚੰਦਪੁਰ ਤੋਂ ਬਲਜਿੰਦਰ ਸਿੰਘ ਪਨੇਸਰ, ਦੋਹਲਾ ਤੋਂ ਜਸਵੀਰ ਸਿੰਘ, ਜੱਖਲਾਂ ਤੋਂ ਬਿੰਦਰ ਕੌਰ, ਭਲਵਾਨ ਤੋਂ ਭਗਵਾਨ ਸਿੰਘ, ਭੱਦਲਵੱਡ ਤੋਂ ਕਰਮਜੀਤ ਸਿੰਘ, ਪਲਾਸੌਰ ਤੋਂ ਜਸਵਿੰਦਰ ਕੌਰ, ਧੂਰਾ ਤੋਂ ਦਵਿੰਦਰ ਸਿੰਘ, ਮਾਨਵਾਲਾ ਤੋਂ ਸੁਰਿੰਦਰ ਕੌਰ, ਧੂਰੀ ਪਿੰਡ ਤੋਂ ਅਮਨਦੀਪ ਸਿੰਘ, ਭੋਜੋਵਾਲੀ ਤੋਂ ਜਗਸੀਰ ਸਿੰਘ ਜੱਗਾ, ਬੇਨੜਾ ਤੋਂ ਗੋਪਾਲ ਕ੍ਰਿਸ਼ਨ, ਨੱਤ ਤੋਂ ਰਾਣੀ ਕੌਰ, ਬਟੂਹਾ ਤੋਂ ਸਿਮਰਨਜੀਤ ਸਿੰਘ, ਹਸਨਪੁਰ ਤੋਂ ਮਨਦੀਪ, ਰਣੀਕੇ ਤੋਂ ਅਮਨਦੀਪ ਸਿੰਘ, ਕਾਂਝਲਾ ਤੋਂ ਸਤਿਗੁਰ ਸਿੰਘ ਕਲੇਰ, ਕਾਂਝਲੀ ਤੋਂ ਲਖਵੀਰ ਕੌਰ, ਪੁੰਨਾਂਵਾਲ ਤੋਂ ਰਾਜ ਰਾਣੀ, ਪੇਧਨੀ ਕਲਾਂ ਤੋਂ ਕਰਮਜੀਤ ਕੌਰ, ਲੱਡਾ ਤੋਂ ਬਲਵਿੰਦਰ ਕੁਮਾਰ ਮਿੱਠੂ ਲੱਡਾ, ਨਾਇਕ ਬਸਤੀ ਲੱਡਾ ਤੋਂ ਰੀਨਾ ਰਾਣੀ ਸਰਪੰਚ ਚੁਣੇ ਗਏ।ਜੇਤੂ ਸਰਪੰਚਾਂ 'ਚੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹਰਜੀਤ ਸਿੰਘ ਬੁਗਰਾ, ਭਗਵਾਨ ਸਿੰਘ ਭਲਵਾਨ, ਮਿੱਠੂ ਲੱਡਾ, ਨਰਿੰਦਰ ਕੌਰ ਸ਼ੇਰਪੁਰ ਸੋਢੀਆਂ ਨੇ ਕਿਹਾ ਕਿ ਪਿੰਡ ਵਾਸੀਆਂ ਨੇ ਉਨ੍ਹਾਂ ਤੇ ਜੋ ਵਿਸ਼ਵਾਸ ਪ੍ਰਗਟ ਕਰਦਿਆਂ ਜ਼ਿੰਮੇਵਾਰੀ ਸੌਂਪੀ ਹੈ, ਉਸ ਨੂੰ ਮਿਹਨਤ ਤੇ ਈਮਾਨਦਾਰੀ ਨਾਲ ਨਿਭਾਉਣਗੇ ਅਤੇ ਪਿੰਡ ਦੇ ਵਿਕਾਸ ਲਈ ਹਮੇਸ਼ਾ ਧੜੇਬੰਦੀ ਤੋਂ ਉੱਪਰ ਉੱਠ ਕੇ ਕੰਮ ਕਰਨਗੇ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Singh @ Chand Fatehpuri

ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

हरियाणा सरकार

"मुझे विश्वास है कि विकसित भारत के संकल्प में हरियाणा की भूमिका और महत्वपूर्ण होने जा रही है।"

**- नरेन्द्र मोदी**



ਪ੍ਰਧਾਨ ਮੰਤਰੀ

# ਸ਼੍ਰੀ ਨਰਿੰਦਰ ਮੋਦੀ

ਦੀ ਮੌਜੂਦਗੀ ਵਿਚ

ਤੁਹਾਡੇ ਸਹਿਯੋਗ ਅਤੇ ਵਿਸ਼ਵਾਸ ਦੀ ਸਰਕਾਰ ਦੇ

# ਸਹੁੰ ਚੁੱਕ ਸਮਾਗਮ

ਵਿਚ ਆਪ ਸਭ ਨੂੰ ਹਾਰਦਿਕ ਸੱਦਾ ਦਿੱਤਾ ਜਾਂਦਾ ਹੈ।

ਇਸ ਮੌਕੇ 'ਤੇ

## ਸ਼੍ਰੀ ਬੰਡਾਰੂ ਦੱਤਾਤ੍ਰੇਯ

ਰਾਜਪਾਲ, ਹਰਿਆਣਾ

ਹਰਿਆਣਾ ਦੇ ਮਨੋਨੀਤ ਮੁੱਖ ਮੰਤਰੀ

## ਸ਼੍ਰੀ ਨਾਇਬ ਸਿੰਘ ਸੈਣੀ

ਅਤੇ

ਕੈਬਨਿਟ ਦੇ ਮੈਂਬਰਾਂ ਨੂੰ

ਸਹੁੰ ਚੁਕਾਉਣਗੇ

ਮਿਤੀ: ਅਕਤੂਬਰ 17, 2024 | ਸਮਾਂ: ਸਵੇਰੇ 11 ਵਜੇ

ਸਥਾਨ: ਦੁਸਹਿਰਾ ਗਰਾਊਂਡ, ਸੈਕਟਰ-5, ਪੰਚਕੂਲਾ

ਪ੍ਰੋਗਰਾਮ ਵਿਚ ਸ਼ਾਮਲ ਹੋਣ ਲਈ QR ਕੋਡ ਨੂੰ ਸਕੈਨ ਕਰੋ

**ਫਿਰ ਇਕ ਵਾਰ, ਡਬਲ ਇੰਜਣ ਸਰਕਾਰ**

ਸੂਚਨਾ, ਲੋਕ ਸੰਪਰਕ ਅਤੇ ਭਾਸ਼ਾ ਵਿਭਾਗ, ਹਰਿਆਣਾ | www.prharyana.gov.in | Follow us on @diprharyana

17-Oct-PAGE-4.qxd 10/16/2024 10:43 PM Page 1

ਨਵਾਂ ਜ਼ਮਾਨਾ
ਵੀਰਵਾਰ, 17 ਅਕਤੂਬਰ 2024

# ਮਾਰੂ ਫ਼ੁਰਮਾਨ

ਮੋਦੀ ਸਰਕਾਰ ਆਪਣੀ ਆਲੋਚਨਾ ਸੁਣਨ ਲਈ ਤਿਆਰ ਨਹੀਂ। ਆਲੋਚਕਾਂ ਨੂੰ ਚੁੱਪ ਕਰਾਉਣ ਲਈ ਉਹ ਹਰ ਹਰਬਾ ਵਰਤਦੀ ਹੈ। ਮੀਡੀਆ ਦੇ ਵੱਡੇ ਹਿੱਸੇ ਨੂੰ ਤਾਂ ਉਹ ਚੁੱਪ ਕਰਵਾ ਹੀ ਚੁੱਕੀ ਹੈ, ਹੁਣ ਉਸ ਨੇ ਕੇਂਦਰੀ ਫੰਡਾਂ ਨਾਲ ਚੱਲਣ ਵਾਲੇ ਉੱਚ ਵਿੱਦਿਅਕ ਅਦਾਰਿਆਂ ਦੇ ਟੀਚਰਾਂ ਸਣੇ ਉਨ੍ਹਾਂ ਮੁਲਾਜ਼ਮਾਂ ਨੂੰ ਚੁੱਪ ਕਰਾਉਣ ਦਾ ਫ਼ੁਰਮਾਨ ਜਾਰੀ ਕਰ ਦਿੱਤਾ ਹੈ, ਜਿਹੜੇ ਸਰਕਾਰੀ ਨੀਤੀਆਂ ਵਿਚ ਖਾਮੀਆਂ ਬਾਰੇ ਦੱਸਣ ਦਾ ਹੌਸਲਾ ਕਰਦੇ ਹਨ। ਉੱਚ ਸਿੱਖਿਆ ਸਕੱਤਰ ਸੰਜੇ ਮੂਰਤੀ ਨੇ ਕੇਂਦਰੀ ਯੂਨੀਵਰਸਿਟੀਆਂ, ਆਈ ਆਈ ਟੀਜ਼, ਆਈ ਆਈ ਐੱਮਜ਼, ਐੱਨ ਆਈ ਟੀਜ਼, ਇੰਡੀਅਨ ਇੰਸਟੀਚਿਊਸ਼ਨਜ਼ ਆਫ ਸਾਇੰਸ ਐਜੂਕੇਸ਼ਨ ਐਂਡ ਰਿਸਰਚ ਤੇ ਸਿੱਖਿਆ ਮੰਤਰਾਲੇ ਹੇਠ ਆਉਂਦੇ ਹੋਰਨਾਂ ਅਦਾਰਿਆਂ ਨੂੰ ਲਿਖਿਆ ਹੈ ਕਿ ਉਹ ਸਮੇਂ-ਸਮੇਂ ਮੁਲਾਜ਼ਮਾਂ ਦੀ ਦਿਆਨਤਦਾਰੀ ਚੈੱਕ ਕਰਨ। (ਪਹਿਲਾਂ ਇਸ ਕੰਮ ਲਈ ਅਕਾਦਮਿਕ ਅਦਾਰੇ ਆਪਣੇ ਨਿਯਮਾਂ ਦੀ ਵਰਤੋਂ ਕਰਦੇ ਸਨ, ਪਰ ਪਿਛਲੇ 10 ਸਾਲਾਂ ਵਿਚ ਯੂਨੀਵਰਸਿਟੀ ਗਰਾਂਟਸ ਕਮਿਸ਼ਨ ਤੇ ਸਿੱਖਿਆ ਮੰਤਰਾਲੇ ਦੇ ਦਬਾਅ ਹੇਠ ਉਨ੍ਹਾਂ ਵੀ ਸੈਂਟਰਲ ਸਿਵਲ ਸਰਵਿਸਿਜ਼ ਦੇ ਨਿਯਮ ਅਪਣਾ ਲਏ ਹਨ।) ਕੇਂਦਰੀ ਅਮਲਾ ਤੇ ਸਿਖਲਾਈ ਵਿਭਾਗ ਨੇ ਇਸ ਸਾਲ ਜੂਨ ਵਿਚ ਸਾਰੇ ਮੰਤਰਾਲਿਆਂ ਤੇ ਵਿਭਾਗਾਂ ਨੂੰ ਆਫੀਸ਼ੀਅਲ ਮੈਮੋਰੰਡਮ ਜਾਰੀ ਕਰਕੇ ਕਿਹਾ ਸੀ ਕਿ ਉਹ ਸਟਾਫ ਦੀ ਸਮੇਂ-ਸਮੇਂ ਸਿਰ ਦਿਆਨਤਦਾਰੀ ਚੈੱਕ ਕਰਨ ਅਤੇ ਸਮਰੱਥ ਅਧਿਕਾਰੀ ਨੁਕਸ ਲੱਭਣ 'ਤੇ ਗਰੁੱਪ ਏ ਤੇ ਬੀ ਦੇ 50 ਸਾਲ ਦੀ ਉਮਰ ਤੱਕ ਅੱਪੜ ਚੁੱਕੇ ਅਜਿਹੇ ਮੁਲਾਜ਼ਮਾਂ ਨੂੰ ਤਿੰਨ ਮਹੀਨੇ ਦਾ ਨੋਟਿਸ ਦੇ ਕੇ ਸਮੇਂ ਤੋਂ ਪਹਿਲਾਂ ਰਿਟਾਇਰ ਕਰ ਦੇਣ। ਸਿੱਖਿਆ ਸਕੱਤਰ ਮੂਰਤੀ ਨੇ ਇਸੇ ਆਫੀਸ਼ੀਅਲ ਮੈਮੋਰੰਡਮ ਦੇ ਹਵਾਲੇ ਨਾਲ ਪੱਤਰ ਲਿਖਿਆ ਹੈ। ਕਿਸੇ ਮੁਲਾਜ਼ਮ ਦੇ ਕੰਮ ਦਾ ਜਾਇਜ਼ਾ ਲੈਣ ਲਈ ਕਮੇਟੀ ਬਣੇਗੀ, ਜਿਹੜੀ ਦੇਖੇਗੀ ਕਿ ਉਸ ਦੀ ਦਿਆਨਤਦਾਰੀ ਸ਼ੱਕੀ ਤਾਂ ਨਹੀਂ, ਉਹ ਪ੍ਰਭਾਵਕਾਰੀ ਹੈ ਕਿ ਨਹੀਂ ਤੇ ਉਸ ਦਾ ਚਲਣ ਸਰਕਾਰੀ ਮੁਲਾਜ਼ਮ ਵਾਲਾ ਹੈ ਕਿ ਨਹੀਂ।

ਇੰਡੀਅਨ ਨੈਸ਼ਨਲ ਟੀਚਰਜ਼ ਕਾਂਗਰਸ ਦੇ ਪ੍ਰਧਾਨ ਪ੍ਰੋਫੈਸਰ ਪੰਕਜ ਗਰਗ ਦਾ ਕਹਿਣਾ ਹੈ ਕਿ ਦਿਆਨਤਦਾਰੀ ਪਰਖਣ ਦੀ ਕਸਵੱਟੀ ਦੀ ਦੁਰਵਰਤੋਂ ਹੋ ਸਕਦੀ ਹੈ। ਕੋਈ ਮੁਲਾਜ਼ਮ ਕਿਵੇਂ ਸਾਬਤ ਕਰੇਗਾ ਕਿ ਉਸ ਦੀ ਦਿਆਨਤਦਾਰੀ ਸ਼ੱਕੀ ਨਹੀਂ। ਜਿਹੜੇ ਟੀਚਰ ਆਪਣੇ ਖੋਜ ਪੱਤਰਾਂ ਵਿਚ ਸਰਕਾਰੀ ਨੀਤੀਆਂ ਦੀ ਆਲੋਚਨਾ ਕਰਦੇ ਹਨ, ਉਨ੍ਹਾਂ ਨੂੰ ਸਜ਼ਾ ਦੇਣ ਲਈ ਉਪਰੋਕਤ ਨਿਯਮਾਂ ਦੀ ਵਰਤੋਂ ਕੀਤੀ ਜਾਵੇਗੀ ਤੇ ਉਨ੍ਹਾਂ ਨੂੰ ਧੱਕੇ ਨਾਲ ਰਿਟਾਇਰ ਕਰ ਦਿੱਤਾ ਜਾਵੇਗਾ। ਦਿੱਲੀ ਯੂਨੀਵਰਸਿਟੀ ਦੇ ਪ੍ਰੋਫੈਸਰ ਰੁਦਰਾਸ਼ੀਸ਼ ਚੱਕਰਵਰਤੀ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਸਰਕਾਰੀ ਨੀਤੀਆਂ ਦੀ ਆਲੋਚਨਾ ਕਰਨ ਵਾਲਿਆਂ ਨੂੰ ਚੁੱਪ ਕਰਾਉਣ ਦੇ ਰਾਹ ਪਈ ਹੋਈ ਹੈ। ਸਿੱਖਿਆ ਸਕੱਤਰ ਦਾ ਪੱਤਰ ਬਹੁਤ ਹੀ ਖਤਰਨਾਕ ਹੈ।

## ਵਿਅੰਗ

ਲਾਈਟਰ ਤੇ ਤੀਲ੍ਹਾਂ ਅਸੀਂ ਕੋਲ ਨਹੀਂ ਰੱਖਦੇ,
ਹੋਰ ਵੀ ਤਰੀਕੇ ਸਾਡੇ ਕੋਲ ਅੱਗ ਲਾਉਣ ਦੇ।
ਬੁਝਣ ਨਾ ਦੇਈਏ ਕਦੇ ਧੁਖਦੀਆਂ ਧੂਣੀਆਂ,
ਲੱਭ ਲਏ ਬਹੁਤ ਗੁਰ ਤੇਲ ਛੜਕਾਉਣ ਦੇ।
ਕੰਮ-ਕਾਜ ਨਾਲ ਸਾਡਾ ਕੋਈ ਨਹੀਂ ਵਾਸਤਾ,
ਹੋਰ ਬੜੇ ਧੰਦੇ ਰੋਜ਼ੀ-ਰੋਟੀ ਨੂੰ ਕਮਾਉਣ ਦੇ।
ਖੰਘੂਰੇ ਰਹੀਏ ਮਾਰਦੇ ਬਿਨਾਂ ਆਈ ਖੰਘ ਤੋਂ,
ਗੁਰ ਸਿੱਖ ਲਏ ਲੋਕਾਂ ਨੂੰ ਡਰਾਉਣ ਦੇ।
ਥਾਣੇ 'ਚ ਸਾਡਾ ਆਣ ਅਤੇ ਜਾਣ ਰਹਿੰਦਾ,
ਨੋਟ ਲਈਏ ਗਿਣ ਕੇ ਅੰਦਰੋਂ ਕਢਾਉਣ ਦੇ।
ਆਪਣੀਆਂ ਕੱਛ ਵਿੱਚ ਦੂਜੇ ਦੀਆਂ ਹੱਥ ਵਿੱਚ,
ਆਹੀ ਫਾਰਮੂਲੇ ਹਨ 'ਸੂਰਮਾ' ਕਹਾਉਣ ਦੇ।

-ਗੁਲਪੁਰ

# ਸਜ਼ਾਯਾਫ਼ਤਾ ਕੈਦੀਆਂ ਦੀ ਰਿਹਾਈ ਸੰਬੰਧੀ ਸਰਕਾਰਾਂ ਦੇ ਦੋਹਰੇ ਮਾਪਦੰਡ ਕਿਉਂ

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ

ਇਹ ਬਿਲਕੁਲ ਸੱਚ ਹੈ ਕਿ ਕਾਨੂੰਨ ਜਜ਼ਬਾਤਾਂ ਨੂੰ ਨਹੀਂ ਮੰਨਦਾ ਹੈ ਤੇ ਲਿਖ਼ਤੀ ਰੂਪ ਵਿਚ ਮੌਜੂਦ ਕਾਨੂੰਨੀ ਧਾਰਾਵਾਂ ਅਨੁਸਾਰ ਹਰੇਕ 'ਦੋਸ਼ੀ' ਨੂੰ ਉਸ ਦੇ ਦੋਸ਼ ਅਨੁਸਾਰ ਬਣਦੀ ਸਜ਼ਾ ਸੁਣਾ ਦਿੰਦਾ ਹੈ। ਪੰਜਾਬ ਦੇ ਮੁੱਖ ਮੰਤਰੀ ਸ. ਬੇਅੰਤ ਸਿੰਘ, ਭਾਰਤ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਅਤੇ ਉਸ ਦੇ ਪੁੱਤਰ ਸ੍ਰੀ ਰਾਜੀਵ ਗਾਂਧੀ ਦੇ ਕਤਲਾਂ ਦੇ ਸੰਬੰਧ ਵਿਚ ਉਹੀ ਵਾਪਰਿਆ, ਜਿਸ ਦਾ ਜ਼ਿਕਰ ਇਸ ਲੇਖ ਦੀ ਪਹਿਲੀ ਸਤਰ ਵਿਚ ਕੀਤਾ ਗਿਆ ਹੈ। ਕਾਨੂੰਨ ਨੇ ਉਕਤ ਸਿਆਸੀ ਆਗੂਆਂ ਦਾ ਕਤਲ ਕਰਨ ਵਾਲਿਆਂ ਦੇ ਜਜ਼ਬਾਤਾਂ ਨੂੰ ਜਾਂ ਨਿੱਜੀ ਦੁਸ਼ਮਣੀ ਨਾ ਹੋਣ ਦੇ ਬਾਵਜੂਦ ਕਤਲ ਦਾ ਇਰਾਦਾ ਬਣਾਉਣ ਸੰਬੰਧੀ ਪਹਿਲੂਆਂ ਨੂੰ ਦਰਕਿਨਾਰ ਕਰਕੇ ਸਬੰਧਤ ਜਜ਼ਬਾਤੀ ਵਿਅਕਤੀਆਂ ਨੂੰ ਭਾਰਤੀ ਕਾਨੂੰਨ ਅਨੁਸਾਰ ਬਣਦੀਆਂ ਸਜ਼ਾਵਾਂ ਸੁਣਾ ਵੀ ਦਿੱਤੀਆਂ ਤੇ ਕਈਆਂ ਨੂੰ ਫ਼ਾਂਸੀ 'ਤੇ ਲਟਕਾਅ ਵੀ ਦਿੱਤਾ, ਪਰ ਭਾਈ ਬਲਵੰਤ ਸਿੰਘ ਰਾਜੋਆਣਾ ਸਮੇਤ ਕਈ ਹੋਰ ਬੰਦੀ ਸਿੰਘਾਂ ਨੂੰ ਉਨ੍ਹਾ ਦੀਆਂ ਬਣਦੀਆਂ ਸਜ਼ਾਵਾਂ ਪੂਰੀਆਂ ਹੋਣ ਦੇ ਬਾਵਜੂਦ ਰਿਹਾਅ ਨਹੀਂ ਕੀਤਾ ਗਿਆ। ਸਜ਼ਾ ਪੂਰੀ ਕਰ ਚੁੱਕੇ ਕਿਸੇ ਕੈਦੀ ਨੂੰ ਬਿਨਾਂ ਜੁਰਮ ਦੇ ਹੀ ਲੰਮੇ ਸਮੇਂ ਤੱਕ ਕੈਦ ਰੱਖਣਾ ਪੂਰੀ ਤਰ੍ਹਾਂ ਬੇਇਨਸਾਫ਼ੀ ਹੈ।

ਸਰਕਾਰਾਂ ਦੀ ਕਿੰਨੀ ਸਿਤਮਜ਼ਰੀਫ਼ੀ ਹੈ ਕਿ ਈਸਾਈ ਮਿਸ਼ਨਰੀ ਗ੍ਰਾਹਮ ਸਟੇਨਜ਼ ਅਤੇ ਉਸ ਦੇ ਦੋ ਬੱਚਿਆਂ ਨੂੰ ਜਿਊਂਦੇ ਜੀਅ ਸਾੜ ਕੇ ਬੇਦਰਦੀ ਨਾਲ ਮਾਰ ਦੇਣ ਵਾਲੇ ਦਾਰਾ ਸਿੰਘ ਨਾਮਕ ਅਪਰਾਧੀ ਦੀ ਮੌਤ ਦੀ ਸਜ਼ਾ ਮੁਆਫ਼ ਕਰ ਦਿੱਤੀ ਗਈ। ਕਈ ਦਰਜਨ ਸਿੱਖਾਂ ਦੇ ਬੇਦਰਦੀ ਭਰੇ ਕਤਲਾਂ ਵਿਚ ਸ਼ਾਮਲ ਕਿਸ਼ੋਰੀ ਲਾਲ ਨਾਮਕ ਆਗੂ ਦੀ ਮੌਤ ਦੀ ਸਜ਼ਾ ਵੀ ਬਦਲ ਦਿੱਤੀ ਗਈ। ਹੋਰ ਤਾਂ ਹੋਰ ਬਿਲਕਿਸ ਬਾਨੋ ਤੇ ਉਸ ਦੇ ਪਰਵਾਰ ਨਾਲ ਵਾਪਰੇ ਅਤਿ ਘਿਨਾਉਣੇ ਅਤੇ ਮਾਨਵਤਾ ਨੂੰ ਸ਼ਰਮਸਾਰ ਕਰ ਦੇਣ ਵਾਲੇ ਕਾਰੇ ਨੂੰ ਅੰਜਾਮ ਦੇਣ ਵਾਲਿਆਂ ਦੀਆਂ ਸਜ਼ਾਵਾਂ ਮੁਆਫ਼ ਕਰਕੇ ਉਨ੍ਹਾ ਨੂੰ ਜੇਲ੍ਹ ਤੋਂ ਰਿਹਾਅ ਕਰ ਦੇਣਾ ਤੇ ਫਿਰ ਗਲਾਂ ਵਿਚ ਹਾਰ ਪਾ ਕੇ ਉਨ੍ਹਾ ਦਾ ਸੁਆਗਤ ਕਰਨਾ ਤੇ ਖ਼ੁਸ਼ੀ ਵਿਚ ਲੱਡੂ ਵੰਡਣੇ ਆਦਿ ਜਿਹੇ ਕਾਰਜ ਇਹ ਸਾਬਿਤ ਕਰਦੇ ਹਨ ਕਿ ਭਾਰਤ ਵਿਚ ਘੱਟ ਗਿਣਤੀਆਂ ਲਈ ਤੇ ਖ਼ਾਸ ਕਰਕੇ ਕੁਝ ਇਕ ਫ਼ਿਰਕਿਆਂ ਲਈ ਸਰਕਾਰਾਂ ਦੇ ਦ੍ਰਿਸ਼ਟੀਕੋਣ ਵੱਖ-ਵੱਖ ਹਨ। ਸਾਲ 2019 ਵਿਚ ਮਨਾਏ ਗਏ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਕੇਂਦਰ ਸਰਕਾਰ ਨੇ ਬੰਦੀ ਸਿੰਘਾਂ ਦੀ ਰਿਹਾਈ ਸੰਬੰਧੀ ਇਕ ਨੋਟੀਫਿਕੇਸ਼ਨ ਵੀ ਜਾਰੀ ਕਰ ਦਿੱਤਾ ਸੀ, ਪਰ ਅੱਜ ਪੰਜ ਸਾਲ ਬੀਤ ਜਾਣ ਦੇ ਬਾਵਜੂਦ ਉਸ ਨੋਟੀਫਿਕੇਸ਼ਨ ਅਨੁਸਾਰ ਕੋਈ ਵੀ ਕਾਰਵਾਈ ਅਮਲ ਵਿਚ ਨਹੀਂ ਲਿਆਂਦੀ ਗਈ ਹੈ। ਉਕਤ ਸਾਰਾ ਬਿਰਤਾਂਤ ਇਸ ਗੱਲ ਦਾ ਪ੍ਰਮਾਣ ਹੈ ਕਿ ਸਰਕਾਰਾਂ ਕਿਸੇ ਦਾ ਧਰਮ ਜਾਂ ਜ਼ਾਤ ਵੇਖ ਕੇ ਸਜ਼ਾ ਮੁਆਫ਼ੀ ਦੇ ਦੋਹਰੇ ਮਾਪਦੰਡ ਅਪਣਾਉਂਦੀਆਂ ਹਨ ਤੇ ਸਾਲ 2012 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਮੌਤ ਦੀ ਸਜ਼ਾ ਮੁਆਫ਼ ਕਰਨ ਸੰਬੰਧੀ ਰਾਸ਼ਟਰਪਤੀ ਕੋਲ ਪਾਈ ਗਈ ਮਰਸੀ ਪਟੀਸ਼ਨ ਦਾ ਫ਼ੈਸਲਾ ਅੱਜ 12 ਸਾਲ ਬੀਤ ਜਾਣ ਦੇ ਬਾਵਜੂਦ ਨਹੀਂ ਹੋ ਸਕਿਆ ਹੈ। ਆਪਣੀ ਨਿਰਧਾਰਤ ਸਜ਼ਾ ਤੋਂ ਆਪਣੀ ਜ਼ਿੰਦਗੀ ਦੇ ਕਈ ਸਾਲ ਵੱਧ ਜੇਲ੍ਹ ਵਿਚ ਗੁਜ਼ਾਰ ਚੁੱਕੇ ਕੈਦੀਆਂ ਸੰਬੰਧੀ ਧਰਮ ਜਾਂ ਜ਼ਾਤ ਦੇ ਆਧਾਰ 'ਤੇ ਨਹੀਂ, ਸਗੋਂ ਮਾਨਵਤਾ ਦੇ ਆਧਾਰ 'ਤੇ ਫ਼ੈਸਲਾ ਲਿਆ ਜਾਣਾ ਚਾਹੀਦਾ ਹੈ, ਕਿਉਂਕਿ ਜਦੋਂ ਕਾਨੂੰਨ ਦੀ ਨਜ਼ਰ ਵਿਚ ਦੋਸ਼ੀ ਵਿਅਕਤੀ ਆਪਣੀ ਬਣਦੀ ਸਜ਼ਾ ਪੂਰੀ ਕਰ ਚੁੱਕਿਆ ਹੈ ਤਾਂ ਫਿਰ ਵੀ ਉਸ ਨੂੰ ਜੇਲ੍ਹ ਵਿਚ ਬੰਦ ਰੱਖੇ ਜਾਣ ਦੀ ਕੀ ਤੁੱਕ ਬਣਦੀ ਹੈ?

ਕਿੰਨੀ ਹੈਰਾਨੀ ਦੀ ਗੱਲ ਹੈ ਕਿ ਪਾਕਿਸਤਾਨੀ ਸਰਕਾਰ ਦੀ ਕੈਦ ਵਿਚ ਬੈਠੇ ਇਕ ਕਥਿਤ ਜਾਸੂਸ ਨੂੰ ਮੌਤ ਦੀ ਸਜ਼ਾ ਦਿੱਤੇ ਜਾਣ ਸੰਬੰਧੀ ਅਤੇ ਇਕ ਮੁਸਲਿਮ ਮੁਲਕ ਵਿਚ ਫ਼ਾਂਸੀ ਦਿੱਤੇ ਜਾਣ ਵਾਲੇ ਅੱਠ ਭਾਰਤੀ ਕੈਦੀਆਂ ਨੂੰ ਤਾਂ ਕੇਂਦਰ ਸਰਕਾਰ ਮਾਨਵਤਾ ਦਾ ਹਵਾਲਾ ਦੇ ਕੇ ਛੱਡੇ ਜਾਣ ਦੀਆਂ ਅਪੀਲਾਂ ਕਰਦੀ ਹੈ ਤੇ ਮੁਸਲਿਮ ਮੁਲਕ ਵਾਲੇ ਕੈਦੀਆਂ ਨੂੰ ਤਾਂ ਛੁਡਵਾ ਵੀ ਲੈਂਦੀ ਹੈ, ਪਰ ਆਪਣੀ ਕੈਦ ਵਿਚ ਰੱਖੇ ਗਏ ਭਾਈ ਬਲਵੰਤ ਸਿੰਘ ਰਾਜੋਆਣਾ ਅਤੇ ਉਨ੍ਹਾ ਜਿਹੇ ਹੋਰ ਕੈਦੀਆਂ ਦੀ ਰਿਹਾਈ ਸੰਬੰਧੀ ਕੁਝ ਕਹਿਣ ਜਾਂ ਲਿਖਣ ਲੱਗਿਆਂ ਸਰਕਾਰ ਹਮੇਸ਼ਾ ਟਾਲਾ ਵੱਟ ਜਾਂਦੀ ਹੈ। ਇਸੇ ਹੀ ਕੇਂਦਰ ਦੀ ਸੱਤਾ 'ਤੇ ਕਾਬਜ਼ ਰਹੀਆਂ ਵੱਖ-ਵੱਖ ਸਿਆਸੀ ਪਾਰਟੀਆਂ ਦੀਆਂ ਸਰਕਾਰਾਂ ਦੀ ਕਾਰਜਸ਼ੈਲੀ ਰਹੀ ਹੈ ਤੇ ਹੁਣ ਗੋਂਗਲੂਆਂ ਤੋਂ ਮਿੱਟੀ ਝਾੜਨ ਲਈ ਕਾਂਗਰਸ, ਅਕਾਲੀ ਦਲ ਤੇ ਆਗੂ ਭਾਈ ਰਾਜੋਆਣਾ ਦੀ ਸਜ਼ਾ ਮੁਆਫ਼ੀ ਅਤੇ ਰਿਹਾਈ ਦੀਆਂ ਗੱਲਾਂ ਕਰ ਰਹੇ ਹਨ, ਜਦੋਂ ਕਿ ਜਦ ਇਹ ਖ਼ੁਦ ਕੇਂਦਰ ਦੀ ਸੱਤਾ 'ਤੇ ਕਾਬਜ਼ ਸਨ ਤਾਂ ਉਸ ਵਕਤ ਉਨ੍ਹਾ ਨੇ ਭਾਈ ਰਾਜੋਆਣਾ ਤੇ ਹੋਰ ਬੰਦੀ ਸਿੰਘਾਂ ਨੂੰ ਰਿਹਾਅ ਕਰਨ ਸੰਬੰਧੀ ਕੋਈ ਠੋਸ ਕਾਰਵਾਈ ਅਮਲ ਵਿਚ ਨਹੀਂ ਲਿਆਂਦੀ ਸੀ। ਕਿੰਨੇ ਦੁੱਖ ਦੀ ਗੱਲ ਹੈ ਕਿ ਇਸ ਮਾਮਲੇ ਵਿਚ ਇਨਸਾਫ਼ ਲੈਣ ਲਈ ਜਦੋਂ ਉੱਚ ਅਦਾਲਤਾਂ ਵੱਲ ਰੁਖ਼ ਕੀਤਾ ਗਿਆ ਤਾਂ ਅਦਾਲਤਾਂ ਨੇ ਵੀ ਇਨਸਾਫ਼ ਕਰਨ ਦੀ ਥਾਂ ਗੇਂਦ ਹਮੇਸ਼ਾ ਸਰਕਾਰਾਂ ਦੇ ਪਾਲੇ ਵਿੱਚ ਸੁੱਟ ਦਿੱਤੀ ਤੇ ਸਰਕਾਰਾਂ ਨੇ ਅੱਗੋਂ ਸਿਵਾਇ ਟਾਲਮਟੋਲ ਕਰਨ ਦੇ ਕਦੇ ਕੁਝ ਨਹੀਂ ਕੀਤਾ।

ਹੁਣ ਬੇਸ਼ੱਕ ਬੰਦੀ ਸਿੰਘਾਂ ਨੂੰ ਇਨਸਾਫ਼ ਮਿਲਣ ਵਿਚ ਬਹੁਤ ਦੇਰੀ ਹੋ ਚੁੱਕੀ ਹੈ, ਪਰ ਫਿਰ ਵੀ ਸਮਾਂ ਆ ਗਿਆ ਹੈ ਕਿ ਭਾਰਤ ਦੀ ਰਾਸ਼ਟਰਪਤੀ ਜਾਂ ਕੇਂਦਰ ਸਰਕਾਰ ਨੂੰ ਇਸ ਮਾਮਲੇ ਸੰਬੰਧੀ ਕੋਈ ਸਪੱਸ਼ਟ ਫ਼ੈਸਲਾ ਲੈ ਕੇ ਗੱਲ ਇਕ ਪਾਸੇ ਲਗਾ ਹੀ ਦੇਣੀ ਚਾਹੀਦੀ ਹੈ। ਸਮੁੱਚਾ ਸਿੱਖ ਜਗਤ ਵੀ ਹੁਣ ਕੇਂਦਰ ਸਰਕਾਰ ਵੱਲੋਂ ਗੱਲ ਨੂੰ ਇਸ ਪਾਰ ਜਾਂ ਉਸ ਪਾਰ ਦਾ ਲਗਾ ਦੇਣ ਦਾ ਫ਼ੈਸਲਾ ਸੁਣਨ ਲਈ ਤਿਆਰ ਤੇ ਬੇਤਾਬ ਹੈ। ਭਾਈ ਰਾਜੋਆਣਾ ਤਾਂ ਮੁਆਫ਼ੀ ਦੀ ਥਾਂ ਸ਼ਹੀਦੀ ਲਈ ਵੀ ਤਿਆਰ ਬਰ ਤਿਆਰ ਹੈ। ਲੋੜ ਬਸ ਇਸ ਮਾਮਲੇ ਦੇ ਠੋਸ ਹੱਲ ਸੰਬੰਧੀ ਕੋਈ ਨਿਰਣਾਇਕ ਫ਼ੈਸਲਾ ਲੈਣ ਦੀ ਹੈ, ਜੋ ਕੇਂਦਰ ਸਰਕਾਰ ਨੂੰ ਹੁਣ ਲੈ ਹੀ ਲੈਣਾ ਚਾਹੀਦਾ ਹੈ।

# ਸੰਪਰਕ : 97816-46008

# ਯਾਦਾਂ ਦੇ ਝਰੋਖੇ 'ਚੋਂ : ਆੜੀ ਕੰਡਕਟਰ ਦੀ



ਜਗਦੇਵ ਸ਼ਰਮਾ

ਦਸਵੀਂ ਪਾਸ ਕਰਨ ਤੋਂ ਬਾਅਦ ਅੱਗੇ ਕਾਲਜ ਦੀ ਪੜ੍ਹਾਈ ਵਿੱਚ ਕਈ ਦਿੱਕਤਾਂ ਆ ਰਹੀਆਂ ਸਨ। ਕਾਲਜ ਘਰ ਤੋਂ 22-23 ਕਿਲੋਮੀਟਰ ਦੀ ਦੂਰੀ 'ਤੇ ਸੀ।ਹਰ ਰੋਜ਼ ਸਾਈਕਲ ਤੇ ਜਾਣਾ-ਆਉਣਾ ਘਰ ਦਿਆਂ ਨੂੰ ਮਨਜ਼ੂਰ ਨਹੀਂ ਸੀ।ਹਰ ਰੋਜ਼ ਬੱਸ ਦਾ ਕਿਰਾਇਆ ਖਰਚ ਕੇ ਕਾਲਜ ਜਾਣ ਜੋਗੀ ਔਕਾਤ ਨਹੀਂ ਸੀ।ਮੇਰਾ ਨਾਨਕਾ ਪਿੰਡ ਕਾਲਜ ਤੋਂ ਚਾਰ ਕੁ ਕਿਲੋਮੀਟਰ ਦੂਰ ਸੀ। ਸਮੱਸਿਆ ਦਾ ਤੁਰੰਤ ਹੱਲ ਉਦੋਂ ਨਿਕਲ ਆਇਆ, ਜਦੋਂ ਨਾਨਕਿਆਂ ਨੇ ਮੈਨੂੰ ਆਪਣੇ ਕੋਲ ਰੱਖ ਕੇ ਪੜ੍ਹਾਉਣ ਦੀ ਹਾਮੀ ਭਰ ਦਿੱਤੀ। 20-25 ਕਿਲੋਮੀਟਰ ਦੀ ਦੂਰੀ ਤੱਕ ਤੋਂ ਬੱਚੇ ਟ੍ਰੇਨ ਜਾਂ ਫਿਰ ਬੱਸਾਂ 'ਤੇ ਕਾਲਜ ਆਉਂਦੇ ਸਨ। ਕਾਲਜ ਵਿਦਿਆਰਥੀ ਤਾਜ਼ਾ-ਤਾਜ਼ਾ ਰੀਗਲ ਸਿਨੇਮਾ ਗੋਲੀ ਕਾਂਡ, ਜਿਹੜਾ ਮੋਗਾ ਵਿਖੇ ਵਾਪਰਿਆ ਸੀ, ਦਾ ਘੋਲ ਲੜ ਕੇ ਹਟੇ ਸਨ। ਪੰਜਾਬ ਸਟੂਡੈਂਟਸ ਯੂਨੀਅਨ ਦੇ ਝੰਡੇ ਹੇਠ ਸਾਰੇ ਪੰਜਾਬ ਦੇ ਕਾਲਜਾਂ ਦੇ ਵਿਦਿਆਰਥੀਆਂ ਦੀ ਬੇ-ਮਿਸਾਲ ਏਕਤਾ ਸੀ। ਇਸ ਏਕਤਾ ਦਾ ਫਾਇਦਾ ਉਠਾਉਂਦਿਆਂ ਉਹਨਾਂ ਨੇ ਸਰਕਾਰ ਕੋਲ ਬੱਸਾਂ ਵਿੱਚ ਵਿਦਿਆਰਥੀਆਂ ਲਈ ਮੁਫ਼ਤ ਬੱਸ ਸਫ਼ਰ ਦੀ ਮੰਗ ਰੱਖ ਦਿੱਤੀ। ਸਰਕਾਰ ਵਾਸਤੇ ਇਹ ਘਾਟੇ ਦਾ ਸੌਦਾ ਸੀ, ਇਸ ਲਈ ਛੇਤੀ ਕੀਤਿਆਂ ਮੰਗ ਮੰਨੀ ਜਾਣ ਵਾਲੀ ਨਹੀਂ ਸੀ। ਉਹਨਾ ਦੀ ਇਹ ਮੰਗ ਤਾਂ ਜਦੋਂ ਪੂਰੀ ਹੁੰਦੀ, ਉਦੋਂ ਹੀ ਪੂਰੀ ਹੁੰਦੀ, ਪ੍ਰੰਤੂ ਪੇਂਡੂ ਵਿਦਿਆਰਥੀਆਂ ਨੇ ਆਪਣਾ ਅਧਿਕਾਰ ਸਮਝ ਕੇ ਧੱਕੇ ਨਾਲ ਹੀ ਬੱਸਾਂ 'ਤੇ ਮੁਫ਼ਤ ਆਉਣਾ-ਜਾਣਾ ਸ਼ੁਰੂ ਕਰ ਦਿੱਤਾ। ਬੱਸਾਂ ਵਾਲੇ ਟਿਕਟ ਕੱਟਣ 'ਤੇ ਬਜ਼ਿੱਦ ਹੋਇਆ ਕਰਨ ਅਤੇ ਵਿਦਿਆਰਥੀ ਕੋਈ ਆਈ ਢੋਈ ਨਾ ਦਿਆ ਕਰਨ। ਨਤੀਜਾ, ਨਿੱਤ ਦਾ ਕਾਟੋ ਕਲੇਸ਼। ਸਰਕਾਰੀ ਬੱਸਾਂ ਦੇ ਕੰਡਕਟਰ ਤਾਂ ਫਿਰ ਵੀ ਘੇਸਲ ਮਾਰ ਜਾਂਦੇ, ਪ੍ਰੰਤੂ ਪ੍ਰਾਈਵੇਟ ਬੱਸਾਂ ਵਾਲੇ ਵਿਦਿਆਰਥੀਆਂ ਨਾਲ ਬੁਰੀ ਤਰ੍ਹਾਂ ਪੇਸ਼ ਆਉਂਦੇ। ਕਈ ਕਹਿੰਦੇ-ਕਹਾਉਂਦੇ ਪ੍ਰਾਈਵੇਟ ਟਰਾਂਸਪੋਰਟਰ ਤਾਂ ਆਪਣੇ ਨਾਲ ਬਾਊਂਸਰ ਲੈ ਕੇ ਚੱਲਣ ਲੱਗ ਪਏ ਸਨ। ਉਹ ਇਕੱਲੇ-ਦੁਕੱਲੇ ਵਿਦਿਆਰਥੀ ਨੂੰ ਜਾਂ ਤਾਂ ਟਿਕਟ ਲੈਣ ਲਈ ਮਜਬੂਰ ਕਰਦੇ ਜਾਂ ਫਿਰ ਧੱਕੇ ਮਾਰ ਕੇ ਬੱਸ ਤੋਂ ਥੱਲੇ ਉਤਾਰ ਦਿੰਦੇ। ਜਿਸ ਦਿਨ ਮੁੰਡਿਆਂ ਦਾ ਹਜ਼ੂਮ ਹੋਣਾ ਅਤੇ ਕੰਡਕਟਰ ਨੇ ਕੁੱਝ ਉੱਚਾ-ਨੀਵਾਂ ਕਹਿ ਦੇਣਾ ਤਾਂ ਕੰਡਕਟਰ ਨੂੰ ਕੁੱਟ ਲਾਜ਼ਮੀ ਪੈਂਦੀ।

ਵੈਸੇ ਤਾਂ ਮੈਂ ਆਪਣੇ ਨਾਨਕਿਆਂ ਤੋਂ ਕਾਲਜ ਹਰ ਰੋਜ਼ ਸਾਈਕਲ 'ਤੇ ਹੀ ਆਉਂਦਾ-ਜਾਂਦਾ ਸਾਂ, ਪ੍ਰੰਤੂ ਜਦੋਂ ਕਦੇ ਦੋ-ਤਿੰਨ ਦਿਨਾਂ ਦੀਆਂ ਇਕੱਠੀਆਂ ਛੁੱਟੀਆਂ ਹੋਣੀਆਂ, ਉਦੋਂ ਮੈਂ ਵੀ ਦੂਜੇ ਸਾਥੀਆਂ ਨਾਲ ਬੱਸ ਚੜ੍ਹ ਕੇ ਪਿੰਡ ਆ ਜਾਂਦਾ। ਆਮ ਤੌਰ 'ਤੇ ਮੇਰਾ ਆਉਣ-ਜਾਣ ਵੀ ਬਗੈਰ ਟਿਕਟ ਹੀ ਹੁੰਦਾ ਸੀ।ਕਾਲਜੀਏਟਾਂ ਦੀ ਆੜ ਵਿੱਚ ਕਈ ਮਛੋਹਰ ਵੈਸੇ ਹੀ ਮੁਫ਼ਤ ਦੇ ਸਫ਼ਰ ਦਾ ਅਨੰਦ ਮਾਣ ਲੈਂਦੇ। ਇਸ ਤਰ੍ਹਾਂ ਹੀ ਇੱਕ ਦਿਨ ਮੈਂ ਛੁੱਟੀਆਂ ਤੋਂ ਬਾਅਦ ਬੱਸ ਚੜ੍ਹ ਕੇ ਕਾਲਜ ਨੂੰ ਆ ਰਿਹਾ ਸਾਂ ਕਿ ਮੁੰਡਿਆਂ ਦਾ ਬੱਸ ਕੰਡਕਟਰ ਨਾਲ ਟਿਕਟ ਦੇ ਮਾਮਲੇ 'ਤੇ ਪੇਚ ਫਸ ਗਿਆ। ਬੱਸ ਪ੍ਰਾਈਵੇਟ ਕੰਪਨੀ ਦੀ ਸੀ। ਬੱਚੇ ਟਿਕਟ ਲੈਣ ਤੋਂ ਇਨਕਾਰੀ ਸਨ ਅਤੇ ਕੰਡਕਟਰ ਟਿਕਟ ਕੱਟਣ ਲਈ ਬਜ਼ਿੱਦ ਸੀ। ਮੁੰਡਿਆਂ ਦੇ ਜੋ ਮੂੰਹ 'ਚ ਆ ਰਿਹਾ ਸੀ, ਬੋਲੀ ਜਾ ਰਹੇ ਸਨ। ਆਖਿਰ, ਕੰਡਕਟਰ ਨੇ ਵਿਸਲ ਮਾਰ ਕੇ ਬੱਸ ਰੋਕ ਦਿੱਤੀ। ਸਾਰੀਆਂ ਸਵਾਰੀਆਂ ਸਮੇਤ ਸਟੂਡੈਂਟਸ ਦੇ, ਬੱਸ ਤੋਂ ਥੱਲੇ ਉੱਤਰ ਆਈਆਂ। ਨਾ ਹੀ ਕੰਡਕਟਰ ਅਤੇ ਨਾ ਹੀ ਵਿਦਿਆਰਥੀ ਪਿੱਛੇ ਹਟਣ ਨੂੰ ਤਿਆਰ ਸਨ। ਬੱਚੇ ਸੱਤ-ਅੱਠ ਸਨ ਅਤੇ ਕੰਡਕਟਰ ਅਤੇ ਡਰਾਈਵਰ ਦੋ। ਨੌਬਤ ਕੁੱਟਮਾਰ ਤੱਕ ਆ ਗਈ। ਮੁੰਡੇ ਕੰਡਕਟਰ ਨੂੰ ਫੜ ਕੇ ਖੜਕਾਉਣ ਹੀ ਲੱਗੇ ਸਨ ਕਿ ਮੈਂ ਵਿਚਕਾਰ ਆ ਗਿਆ।

ਮੇਰੀ ਆਦਤ ਸੀ ਕਿ ਮੈਂ ਗਲਤ ਨੂੰ ਗਲਤ ਅਤੇ ਸਹੀ ਨੂੰ ਸਹੀ ਕਹਿਣ ਤੋਂ ਝਿਜਕਦਾ ਨਹੀਂ ਸਾਂ। ਮੈਨੂੰ ਨਹੀਂ ਪਤਾ ਕਿ ਮੇਰੀ ਇਹ ਆਦਤ ਚੰਗੀ ਸੀ ਜਾਂ ਮਾੜੀ। ਕਈ ਤਾਂ ਮੈਨੂੰ ਮੇਰੀ ਇਸ ਆਦਤ ਕਾਰਨ ਅੜਿੱਕਾ ਸਾਹਿਬ ਹੀ ਸਮਝਦੇ ਸਨ ਅਤੇ ਇਸ ਆਦਤ ਕਾਰਨ ਕਈ ਵਾਰ ਮੈਨੂੰ ਮਿੱਤਰਾਂ ਦਾ ਗੁੱਸਾ ਵੀ ਸਹੇੜਨਾ ਪੈਂਦਾ ਸੀ। ਅੱਜ ਵੀ ਮੈਨੂੰ ਸੰਬੰਧਤ ਕੰਡਕਟਰ ਦਾ ਕਸੂਰ ਘੱਟ ਲੱਗ ਰਿਹਾ ਸੀ ਅਤੇ ਇਉਂ ਲੱਗ ਰਿਹਾ ਸੀ ਕਿ ਮੁੰਡੇ ਉਸ ਨਾਲ ਗਲਤ ਪੇਸ਼ ਆ ਰਹੇ ਸਨ। ਆਪਣੇ ਸਮਝੌਤਾਵਾਦੀ ਰਵੱਈਏ ਨੂੰ ਮੁੱਖ ਰੱਖਦਿਆਂ ਅੱਗੇ ਆਉਂਦਿਆਂ ਮੈਂ ਕਿਹਾ, ਦੇਖੋ ਬਈ ਸਾਥੀਓ! ਆਪਣਾ ਰੌਲਾ ਜਾਂ ਤਾਂ ਸਰਕਾਰ ਨਾਲ ਹੈ ਜਾਂ ਫਿਰ ਪ੍ਰਾਈਵੇਟ ਬੱਸਾਂ ਦੇ ਮਾਲਕਾਂ ਨਾਲ। ਇਹ ਤਾਂ ਵਿਚਾਰਾ ਇੱਕ ਛੋਟਾ ਮੁਲਾਜ਼ਮ ਹੈ, ਕਿਉਂਕਿ ਇਹ ਆਪਣੇ ਬੱਚੇ ਮੁਲਾਜ਼ਮਤ ਦੇ ਸਿਰ 'ਤੇ ਪਾਲਦਾ ਹੈ, ਇਸ ਲਈ ਇਸ ਨੂੰ ਤਾਂ ਜਿਵੇਂ ਇਸ ਦੇ ਮਾਲਕਾਂ ਦਾ ਹੁਕਮ ਹੁੰਦਾ ਹੈ, ਇਸ ਨੇ ਤਾਂ ਉਸੇ ਤਰ੍ਹਾਂ ਹੀ ਕਰਨਾ ਹੁੰਦਾ ਹੈ। ਮੇਰੀ ਮੰਨੋ ਅੱਜ ਇਸ ਨੂੰ ਬਖਸ਼ ਦਿਓ। ਮੈਂ ਇਸ ਨਾਲ ਗੱਲ ਕਰਦਾ ਹਾਂ ਕਿ ਕੱਲ੍ਹ ਨੂੰ ਇਹ ਆਪਣੇ ਮਾਲਕਾਂ ਨੂੰ ਆਪਣੇ ਨਾਲ ਗੱਲ ਕਰਨ ਲਈ ਲੈ ਕੇ ਆਵੇਗਾ, ਮਿਲ ਬੈਠ ਕੇ ਮਸਲਾ ਨਿਬੇੜ ਲਵਾਂਗੇ। ਤੀਰ ਨਿਸ਼ਾਨੇ 'ਤੇ ਲੱਗਿਆ ਸੀ। ਮੇਰੀ ਗੱਲ ਮੰਨ ਕੇ ਦੋਵੇਂ ਧਿਰਾਂ ਪਿੱਛੇ ਹਟ ਗਈਆਂ ਸਨ ਅਤੇ ਅੱਜ ਕੰਡਕਟਰ ਮੇਰੀ ਵਜ੍ਹਾ ਕਾਰਨ ਕੁੱਟ ਤੋਂ ਬਚ ਗਿਆ ਸੀ।

ਖ਼ੈਰ! ਬੱਸ ਪਾਸ ਘੋਲ ਲੰਮਾ ਚੱਲਿਆ। ਕਾਫੀ ਜੱਦੋ-ਜਹਿਦ ਤੋਂ ਬਾਅਦ ਸਟੂਡੈਂਟਸ ਯੂਨੀਅਨ ਵਿਦਿਆਰਥੀਆਂ ਲਈ ਰਿਆਇਤੀ ਪਾਸ ਸਹੂਲਤ ਲੈਣ ਵਿੱਚ ਸਫਲ ਵੀ ਹੋ ਗਈ। ਵਰ੍ਹੇ ਲੰਘ ਗਏ।ਪੜ੍ਹਾਈ ਤੋਂ ਬਾਅਦ ਮੈਂ ਇੱਕ ਨੌਕਰੀ ਛੱਡ ਕੇ ਦੂਸਰੀ ਨੌਕਰੀ 'ਤੇ ਹੋ ਗਿਆ ਸਾਂ। ਇੱਕ ਦਿਨ ਬੱਸ ਰਾਹੀਂ ਡਿਊਟੀ 'ਤੇ ਜਾ ਰਿਹਾ ਸਾਂ। ਕੰਡਕਟਰ ਮੇਰੇ ਕੋਲ ਆਉਣ 'ਤੇ ਮੈਂ ਟਿਕਟ ਲੈਣ ਲਈ ਪੈਸੇ ਉਸ ਵੱਲ ਵਧਾਏ। ਮੈਨੂੰ ਉਡੀਕ ਕਰਨ ਦਾ ਇਸ਼ਾਰਾ ਕਰਕੇ ਉਹ ਅਗਲੀਆਂ ਸਵਾਰੀਆਂ ਦੀਆਂ ਟਿਕਟਾਂ ਕੱਟਣ ਲਈ ਅੱਗੇ ਵਧ ਗਿਆ। ਸਾਰੀਆਂ ਸਵਾਰੀਆਂ ਨੂੰ ਟਿਕਟਾਂ ਦੇਣ ਤੋਂ ਬਾਅਦ ਉਹ ਮੇਰੇ ਕੋਲ ਆ ਗਿਆ।

ਭਾਈ ਸਾਹਿਬ! ਸ਼ਾਇਦ ਤੁਸੀਂ ਮੈਨੂੰ ਪਹਿਚਾਣਿਆ ਨਹੀਂ। ਮੈਂ ਉਹੀ ਕੰਡਕਟਰ ਹਾਂ, ਜਿਸ ਨੂੰ ਤੁਸੀਂ ਅੱਜ ਤੋਂ ਸੱਤ-ਅੱਠ ਸਾਲ ਪਹਿਲਾਂ ਕਾਲਜੀਏਟਾਂ ਦੀ ਭੀੜ ਤੋਂ ਬਚਾਇਆ ਸੀ।

ਉਸ ਦੇ ਐਨਾ ਕਹਿਣ ਦੀ ਦੇਰ ਸੀ ਕਿ 1973 ਵਾਲੀ ਸਾਰੀ ਕਹਾਣੀ ਮੇਰੀਆਂ ਅੱਖਾਂ ਅੱਗਿਓਂ ਰੀਲ੍ਹ ਦੀ ਤਰ੍ਹਾਂ ਘੁੰਮ ਗਈ। ਦੂਜੀ ਵਾਰੀ ਜ਼ੋਰ ਪਾਉਣ 'ਤੇ ਵੀ ਉਸ ਨੇ ਮੇਰੇ ਕੋਲੋਂ ਟਿਕਟ ਦੇ ਪੈਸੇ ਲੈਣ ਤੋਂ ਮਨ੍ਹਾਂ ਕਰ ਦਿੱਤਾ।

ਭਾਈ ਸਾਹਿਬ, ਮੈਂ ਤਾਂ ਰੋਜ਼ ਹੀ ਡਿਊਟੀ 'ਤੇ ਆਇਆ ਕਰਾਂਗਾ, ਬਿਨਾਂ ਟਿਕਟ ਤਾਂ ਮੈਨੂੰ ਵੀ ਚੰਗਾ ਨਹੀਂ ਲੱਗੇਗਾ। ਮੈਂ ਫਿਰ ਟਿਕਟ ਲਈ ਬੇਨਤੀ ਕੀਤੀ।

ਅੱਜ ਤੋਂ ਆਪਣੀ ਆੜੀ ਪੱਕੀ ਹੋ ਗਈ, ਪ੍ਰੰਤੂ ਇਹ ਰਿਆਇਤ ਸਿਰਫ ਅੱਜ ਲਈ ਹੀ ਹੈ। ਕੱਲ੍ਹ ਤੋਂ ਅੱਗੇ-ਪਿੱਛੇ ਤਾਂ ਆਪਾਂ ਦੋਸਤ ਬਣੇ ਹੀ ਰਹਾਂਗੇ, ਪ੍ਰੰਤੂ ਬੱਸ ਵਿੱਚ ਮੈਂ ਕੰਡਕਟਰ ਅਤੇ ਤੁਸੀਂ ਸਵਾਰੀ ਹੋਵੋਂਗੇ, ਕਹਿੰਦਿਆਂ ਉਸ ਨੇ ਮੇਰਾ ਹੱਥ ਘੁੱਟ ਲਿਆ ਸੀ। ਮੈਨੂੰ ਲੱਗਿਆ ਜਿਵੇਂ ਇੱਕ ਭੱਦਰ ਪੁਰਸ਼ ਦਾ ਰੋਮ-ਰੋਮ ਮੇਰਾ ਸ਼ੁਕਰੀਆ ਅਦਾ ਕਰ ਰਿਹਾ ਹੋਵੇ।

# ਸੰਪਰਕ : 98727-87243

# 37 ਸਾਲ ਗੁੰਮ ਰਹਿਣ ਤੋਂ ਬਾਅਦ ਵਾਪਸ ਆਇਆ ਇੱਕ ਹਵਾਈ ਜਹਾਜ਼... ਨਿਰਾ ਝੂਠ

ਵਿਸ਼ਵਾ ਮਿੱਤਰ




ਵੈਸੇ ਤਾਂ ਪਿਛਲੇ ਤਿੰਨ ਦਹਾਕਿਆਂ ਤੋਂ ਇੱਕੋ ਵੀਡੀਓ ਕਦੇ ਕਦਾਈਂ ਆ ਜਾਂਦੀ ਸੀ, ਪਰ ਹੁਣ ਇਹ ਵੀਡੀਓ 2022 ਤੋਂ ਕਈ ਵਾਰ ਆ ਚੁੱਕੀ ਹੈ ਅਤੇ ਆ ਰਹੀ ਹੈ। ਵੀਡੀਓ ਅਨੁਸਾਰ ਪੈਨ ਐੱਮ ਡੀ ਸੀ-4 ਹਵਾਈ ਜਹਾਜ਼ ਨੇ 57 ਸਵਾਰੀਆਂ ਲੈ ਕੇ ਨਿਊ ਯਾਰਕ ਤੋਂ ਮਿਆਮੀ ਜਾਣ ਲਈ 2 ਜੁਲਾਈ 1955 ਵਾਲੇ ਦਿਨ ਉਡਾਣ ਭਰੀ ਅਤੇ ਛੇਤੀ ਹੀ ਉਹ ਜਹਾਜ਼ ਰਾਡਾਰ ਤੋਂ ਗੁੰਮ ਹੋ ਗਿਆ। ਉਸ ਦੀ ਜੰਗਲਾਂ ਵਿੱਚ ਅਤੇ ਸਮੁੰਦਰ ਵਿੱਚ ਕਾਫ਼ੀ ਭਾਲ ਕੀਤੀ ਗਈ, ਪਰ ਉਹ ਕਿਤੇ ਵੀ ਨਾ ਮਿਲਿਆ। ਕਈ ਸਾਲ ਬੀਤ ਗਏ, ਪਰ ਕੋਈ ਉੱਘ-ਸੁੱਘ ਨਾ ਮਿਲਣ 'ਤੇ ਲੋਕਾਂ ਨੇ ਇਹੋ ਮੰਨ ਲਿਆ ਕਿ ਸਭ ਕੁਝ ਕਿਤੇ ਤਬਾਹ ਹੋ ਗਿਆ ਹੈ, ਪਰ 37 ਸਾਲ ਬਾਅਦ ਇਹ ਜਹਾਜ਼ ਫੇਰ ਕਰਾਕਸ (ਵੈਨਜ਼ੂਏਲਾ ਦੀ ਰਾਜਧਾਨੀ) ਵਿਚ ਉੱਤਰਿਆ ਅਤੇ ਜਹਾਜ਼ ਦੇ ਦਰਵਾਜ਼ੇ ਖੋਲ੍ਹੇ ਬਿਨਾਂ ਹੀ ਪਾਇਲਟ ਨੇ ਅੰਦਰੋਂ ਪੁੱਛਿਆ, ਅਸੀਂ ਇਸ ਵਕਤ ਕਿੱਥੇ ਹਾਂ? ਜਦੋਂ ਉਸ ਨੂੰ ਦੱਸਿਆ ਕਿ ਤੁਸੀਂ ਕਰਾਕਸ ਵਿਖੇ ਲੈਂਡ ਕੀਤਾ ਹੈ ਤਾਂ ਉਹਨਾਂ ਤੁਰੰਤ ਹੀ ਫੇਰ ਉਡਾਣ ਭਰੀ ਅਤੇ ਅੰਤ ਵਿਚ ਆਪਣੀ ਮੰਜ਼ਲ ਮਿਆਮੀ ਵਿਚ ਜਾ ਉੱਤਰੇ। 37 ਸਾਲ ਬਾਅਦ ਵੀ ਉਹਨਾਂ ਦੀਆਂ ਬਾਈਓਲੋਜੀਕਲ ਉਮਰਾਂ ਉਹੀ ਸਨ, ਜਿਹੜੀਆਂ 2 ਜੁਲਾਈ 1955 ਦੀ ਉਡਾਣ ਭਰਨ ਵੇਲੇ ਸਨ। ਇੰਟਰਨੈੱਟ 'ਤੇ ਇਹੋ ਅੰਦਾਜ਼ੇ ਲੱਗਣੇ ਸ਼ੁਰੂ ਹੋ ਗਏ ਕਿ ਉਹਨਾਂ ਨੇ ਵੋਰਮਹੋਲ ਵਿਚ ਸਫ਼ਰ ਕੀਤਾ ਹੋਵੇਗਾ।

ਵੋਰਮਹੋਲ ਆਈਨਸਟਾਈਨ ਦੇ ਸਾਪੇਖਤਾ ਦੇ ਸਿਧਾਂਤ ਅਨੁਸਾਰ ਉਹ ਸਥਾਨ ਅਤੇ ਰਸਤੇ ਹਨ, ਜਿਨ੍ਹਾਂ ਵਿਚ ਕਰੋੜਾਂ ਸਾਲਾਂ ਵਿਚ ਮੁਕਾਇਆ ਗਿਆ ਸਫ਼ਰ ਧਰਤੀ ਦੇ ਸਮੇਂ ਅਨੁਸਾਰ ਕੁੱਝ ਘੰਟੇ ਅਤੇ ਮਿੰਟ ਰਹਿ ਜਾਂਦਾ ਹੈ। ਇਸ ਅਨੁਸਾਰ 37 ਸਾਲ ਦਾ ਸਫ਼ਰ ਕੇਵਲ ਕੁਝ ਸਕਿੰਟ ਹੀ ਰਹੇਗਾ, ਜਿਸ ਕਰਕੇ 37 ਸਾਲ ਬਾਅਦ ਵੀ ਸਵਾਰੀਆਂ ਦੀ ਉਮਰ ਪਹਿਲਾਂ ਜਿੰਨੀ ਹੀ ਰਹੀ ਅਤੇ ਕੱਪੜੇ ਵੀ ਬਿਲਕੁਲ ਓਹੋ ਹੀ ਰਹੇ। ਆਈਨਸਟਾਈਨ ਦੇ ਸਾਪੇਖਤਾ ਦੇ ਸਿਧਾਂਤ ਅਨੁਸਾਰ ਹੀ ਇੱਕ ਅਮਰੀਕੀ ਵਿਗਿਆਨਕ ਨੇ ਅਜਿਹੇ ਸਫ਼ਰ ਦੇ ਰਸਤੇ ਨੂੰ ਵੋਰਮਹੋਲ ਦਾ ਨਾਂਅ ਦਿੱਤਾ ਅਤੇ ਵਿਗਿਆਨਕ ਅਨੁਸਾਰ ਜਿਵੇਂ ਕਿਸੇ ਫਲ ਵਿਚ ਕੀੜਾ ਇੱਕ ਬਰੀਕ ਜਿਹਾ ਰਸਤਾ ਬਣਾਉਂਦਾ ਹੈ, ਉਵੇਂ ਹੀ ਇਹ ਰਸਤੇ ਹਨ, ਪਰ ਇਹ ਵੋਰਮਹੋਲ ਕਾਲਪਨਿਕ ਹੀ ਹਨ, ਕਿਉਂਕਿ ਅਜੇ ਤੱਕ ਇਹਨਾਂ ਦਾ ਕੋਈ ਪ੍ਰੈਕਟੀਕਲ ਸਬੂਤ ਨਹੀਂ ਮਿਲਿਆ। ਵੋਰਮਹੋਲ ਵਿਚ ਸਫ਼ਰ ਕਰਨ ਲਈ ਸਾਡੇ ਜਹਾਜ਼ ਦੀ ਰਫਤਾਰ ਰੌਸ਼ਨੀ ਦੀ ਰਫਤਾਰ ਮਤਲਬ ਤਿੰਨ ਲੱਖ ਕਿਲੋਮੀਟਰ ਪ੍ਰਤੀ ਸਕਿੰਟ ਚਾਹੀਦੀ ਹੈ, ਜਦਕਿ ਸਵਾਰੀਆਂ ਵਾਲੇ ਜਹਾਜ਼ਾਂ ਨਾਲੋਂ ਜ਼ਿਆਦਾ। ਜੰਗੀ ਜਹਾਜ਼ਾਂ ਦੀ ਰਫਤਾਰ ਵੀ ਕੇਵਲ 2000 ਕਿਲੋਮੀਟਰ ਪ੍ਰਤੀ ਘੰਟਾ ਦੇ ਨੇੜੇ ਹੁੰਦੀ ਹੈ।ਇਸ ਪ੍ਰਕਾਰ ਪ੍ਰਤੀ ਸਕਿੰਟ ਜੰਗੀ ਜਹਾਜ਼ ਦੀ ਰਫਤਾਰ ਲੱਗਭੱਗ ਅੱਧਾ ਕਿਲੋਮੀਟਰ ਬਣਦੀ ਹੈ।

ਜਿਸ ਕਿਸੇ ਨੇ ਵੀ ਇਹ ਖਬਰ ਪਹਿਲੀ ਵਾਰ ਘੜੀ ਹੈ, ਉਸ ਨੇ ਆਈਨਸਟਾਈਨ ਦੇ ਸਾਪੇਖਤਾ ਸਿਧਾਂਤ ਅਨੁਸਾਰ ਟਾਇਮ ਟਰੈਵਲ, ਵੋਰਮਹੋਲ, ਉਮਰ ਦਾ ਰੁਕ ਜਾਣਾ ਆਦਿ ਦੇ ਮੱਦੇਨਜ਼ਰ ਖਬਰ ਘੜੀ ਹੈ, ਪਰ ਉਹ ਟਾਇਮ ਟਰੈਵਲ ਯਾਤਰਾ ਕਰਨ ਲਈ ਰੌਸ਼ਨੀ ਦੀ ਰਫਤਾਰ ਵਾਲੀ ਗੱਲ ਜਾਣਬੁੱਝ ਕੇ ਛੱਡ ਗਿਆ, ਕਿਉਂਕਿ ਹਵਾਈ ਜਹਾਜ਼ ਇਸ ਰਫਤਾਰ ਨਾਲ ਨਹੀਂ ਜਾ ਸਕਦੇ। ਰੌਸ਼ਨੀ ਦੀ ਰਫਤਾਰ ਨਾਲ ਤਾਂ ਰਾਕਟ ਵੀ ਨਹੀਂ ਜਾ ਸਕਦੇ। ਇਸ ਲਈ ਵੋਰਮਹੋਲ ਰਾਹੀਂ ਸਫ਼ਰ ਕਰਨਾ ਅਸੰਭਵ ਹੈ ਅਤੇ ਜਹਾਜ਼ ਦੇ ਗੁੰਮ ਹੋਣ, 37 ਸਾਲ ਬਾਅਦ ਫੇਰ ਲੈਂਡ ਕਰਨ ਅਤੇ ਸਵਾਰੀਆਂ ਦੀ ਉਮਰ ਓਨੀ ਹੀ ਰਹਿਣ ਦੀ ਸਾਰੀ ਕਹਾਣੀ ਬੇਬੁਨਿਆਦ, ਗੈਰ-ਯਕੀਨੀ ਅਤੇ ਝੂਠੀ ਹੈ।

ਇਹ ਝੂਠ ਦਾ ਪੁਲੰਦਾ ਸਭ ਤੋਂ ਪਹਿਲਾਂ 1985 ਵਿਚ ਇੱਕ ਟੇਬਲੋਇਡ, ਹਫਤਾਵਾਰ ਨਿਊਜ਼ ਵਿਚ ਪ੍ਰਕਟ ਹੋਇਆ, ਜਿਹੜਾ ਕਿ ਅਜਿਹੀਆਂ ਹੀ ਮਨਘੜਤ ਖ਼ਬਰਾਂ ਬਣਾ ਕੇ ਪਰੋਸਣ ਲਈ ਮਸ਼ਹੂਰ ਹੈ। ਇਸ ਤੋਂ ਬਾਅਦ ਇਹ ਕਹਾਣੀ 1993 ਅਤੇ 1996 ਵਿਚ ਫ਼ੇਰ ਛਾਪੀ ਗਈ ਅਤੇ 2022 ਵਿਚ ਇੱਕ ਯੂ ਟਿਊਬ ਚੈਨਲ ਬਰਾਈਟ ਸਾਈਡ ਨੇ ਫੇਰ ਇਸੇ ਗਪੌੜ ਸੰਖ ਨੂੰ ਆਮ ਲੋਕਾਂ ਤੱਕ ਪੁਚਾਇਆ, ਪਰ ਅਜੇ ਤੱਕ ਸੰਸਾਰ ਦੀ ਕਿਸੇ ਵੀ ਅਖ਼ਬਾਰ ਨੇ ਨਹੀਂ ਛਾਪਿਆ ਕਿ ਕਿਸੇ ਜਹਾਜ਼ ਨੇ ਅਜਿਹੀ ਉਡਾਣ ਭਰੀ ਸੀ ਜਿਹੜੀ 37 ਸਾਲ ਗਾਇਬ ਰਹਿਣ ਤੋਂ ਬਾਅਦ ਠੀਕ-ਠਾਕ ਵਾਪਸ ਪਰਤ ਆਇਆ ਅਤੇ ਯਾਤਰੀਆਂ ਦੀ ਉਮਰ ਵੀ ਓਨੀ ਹੀ ਰਹੀ, ਜਿੰਨੀ 37 ਸਾਲ ਪਹਿਲਾਂ ਸੀ।

ਹੁਣ ਤਾਂ ਇਸ ਜਹਾਜ਼ ਦੀ ਫੇਕ ਵੀਡੀਓ ਤੋਂ ਇਲਾਵਾ ਬਹੁਤ ਸਾਰੀਆਂ ਫੇਕ ਵੀਡੀਓ ਸਾਡੇ ਯੂ ਟਿਊਬ ਚੈਨਲਾਂ 'ਤੇ ਆ ਰਹੀਆਂ ਹਨ। ਕਦੇ ਖਬਰ ਆਉਂਦੀ ਹੈ ਕਿ ਰੂਸ ਦੇ ਹਵਾਈ ਜਹਾਜ਼ ਨੇ ਅਮਰੀਕਾ ਦਾ 100 ਹਵਾਈ ਜਹਾਜ਼ ਲੈ ਕੇ ਜਾਣ ਵਾਲਾ ਸਮੁੰਦਰੀ ਜਹਾਜ਼ ਡੋਬ ਦਿੱਤਾ ਹੈ ਜਾਂ ਖਬਰ ਹੁੰਦੀ ਹੈ ਅਮਰੀਕਾ ਨੇ ਕੱਲ੍ਹ ਰਾਤ ਸਾਰਾ ਈਰਾਨ ਤਬਾਹ ਕਰ ਦਿੱਤਾ ਹੈ ਅਤੇ ਇਜ਼ਰਾਈਲ ਜਦੋਂ ਚਾਹੇ ਸਾਰੇ ਈਰਾਨ 'ਤੇ ਕਬਜ਼ਾ ਕਰ ਲਵੇ। ਕਦੇ ਖਬਰ ਹੁੰਦੀ ਹੈ ਕਿ ਭਾਰਤ ਨੇ ਇਹ ਜਿਹੜਾ ਹਥਿਆਰ ਵਿਕਸਿਤ ਕਰ ਲਿਆ ਹੈ, ਇਸ ਨਾਲ ਪਾਕਿਸਤਾਨ ਅਤੇ ਚੀਨ ਵਿਚ ਘਬਰਾਹਟ ਪੈਦਾ ਹੋ ਗਈ ਹੈ। ਕਦੇ ਯੂ ਟਿਊਬ 'ਤੇ ਖਬਰ ਆਉਂਦੀ ਹੈ ਕਿ ਧਰਤੀ 'ਤੇ ਬਾਹਰਲੀ ਦੁਨੀਆ ਤੋਂ ਏਲੀਅਨ ਉੱਤਰੇ ਅਤੇ ਇੱਕ ਵਿਅਕਤੀ ਨੇ ਉਹਨਾਂ ਦੀ ਅਤੇ ਉਹਨਾਂ ਦੇ ਸਪੇਸ ਸ਼ਿਪ ਦੀ ਫੋਟੋ ਖਿੱਚੀ ਅਤੇ ਫੋਟੋਆਂ ਵੀ ਯੂ ਟਿਊਬ 'ਤੇ ਵਿਖਾ ਦੇਂਦੇ ਹਨ, ਪਰ ਦੂਜੇ ਦਿਨ ਅਜਿਹੀ ਕੋਈ ਵੀ ਖਬਰ ਕਿਸੇ ਵੀ ਅਖ਼ਬਾਰ ਵਿਚ ਨਹੀਂ ਹੁੰਦੀ। ਖੇਤਰੀ ਅਖ਼ਬਾਰਾਂ ਵਿਚ ਅਜਿਹੀਆਂ ਫੇਕ ਖਬਰਾਂ ਜ਼ਰੂਰ ਆ ਜਾਂਦੀਆਂ ਹਨ ਕਿ ਫਲਾਣੇ ਇਲਾਕੇ ਵਿਚ ਇੱਕ ਬੱਚੇ ਦਾ ਪੁਨਰਜਨਮ ਹੋਇਆ ਅਤੇ ਉਹ ਪਿਛਲੇ ਜਨਮ ਵਾਲਾ ਘਰ, ਪਿਛਲੇ ਜਨਮ ਵਾਲੇ ਮਾਪੇ, ਰਿਸ਼ਤੇਦਾਰ ਅਤੇ ਪਿਛਲੇ ਜਨਮ ਵਿੱਚ ਪੜ੍ਹਨ ਵਾਲੇ ਸਕੂਲ ਅਤੇ ਉਸ ਦੇ ਅਧਿਆਪਕਾਂ ਬਾਰੇ ਪੂਰੀ ਜਾਣਕਾਰੀ ਦੇਂਦਾ ਹੈ। ਇੱਕ ਹੋਰ ਫੇਕ ਖਬਰ ਅੱਜ ਤੋਂ ਤਿੰਨ ਦਹਾਕੇ ਪਹਿਲਾਂ ਇੱਕ ਅਖਬਾਰ ਵਿਚ ਵੇਖੀ ਗਈ ਕਿ ਫਲਾਣੇ ਸਮੁੰਦਰ ਦੇ ਕਿਨਾਰੇ ਪਾਣੀ ਵਿਚ ਇੱਕ ਔਰਤ ਵੇਖੀ ਗਈ, ਜਿਸ ਦਾ ਅੱਗਾ ਇੱਕ ਔਰਤ ਵਰਗਾ ਹੈ ਅਤੇ ਪਿੱਛਾ ਮੱਛੀ ਵਾਲਾ ਹੈ। ਇੱਕ ਯੂ ਟਿਊਬ 'ਤੇ ਇਹ ਦਾਅਵਾ ਕੀਤਾ ਗਿਆ ਕਿ ਇੱਕ ਨੌਜਵਾਨ ਨਾ ਚਲ ਸਕਦਾ ਸੀ, ਨਾ ਉੱਠ ਕੇ ਖੜ੍ਹਾ ਹੋ ਸਕਦਾ ਸੀ ਅਤੇ ਜਦੋਂ ਉਹ ਕਿਸੇ ਧਾਰਮਿਕ ਸਥਾਨ 'ਤੇ ਗਿਆ ਤਾਂ ਜਾ ਕੇ ਕੁਝ ਸੁਣਨ ਤੋਂ ਬਾਅਦ ਉਹ ਉਠ ਕੇ ਖੜ੍ਹਾ ਹੋ ਗਿਆ ਅਤੇ ਚੱਲਣ ਲੱਗ ਪਿਆ, ਪਰ ਪੜਤਾਲ ਕਰਨ 'ਤੇ ਪਤਾ ਲੱਗਿਆ ਕਿ ਇਹ ਖ਼ਬਰ ਵੀ ਫੇਕ ਸੀ। ਪਿਛਲੀਆਂ ਵੋਟਾਂ ਸਮੇਂ ਅਮਿਤ ਸ਼ਾਹ ਨੇ ਇੱਕ ਬਿਆਨ ਦੇ ਦਿੱਤਾ ਕਿ ਅਖਿਲੇਸ਼ ਯਾਦਵ ਨੇ ਆਪਣੇ ਪਿਤਾ ਨੂੰ ਥੱਪੜ ਮਾਰਿਆ, ਜਿਸ ਨਾਲ ਸਮਾਜਵਾਦੀ ਕੇਡਰ ਸ਼ਸ਼ੋਪੰਜ ਵਿਚ ਪੈ ਗਿਆ। ਭਾਵੇਂ ਬਾਅਦ ਵਿਚ ਪਤਾ ਲੱਗ ਗਿਆ ਕਿ ਇਹ ਖਬਰ ਵੀ ਫੇਕ ਸੀ, ਪਰ ਇਸ ਫੇਕ ਖਬਰ ਕਾਰਨ ਹੀ ਸਮਾਜਵਾਦੀ ਪਾਰਟੀ ਹਾਰ ਗਈ, ਕਿਉਂਕਿ ਲੋਕ ਪੜ੍ਹੀ ਜਾਂ ਸੁਣੀ ਖਬਰ ਦੀ ਪੜਤਾਲ ਕਰਨ ਦੇ ਆਦੀ ਨਹੀਂ। ਇਸ ਲਈ ਜਦੋਂ ਵੀ ਯੂ ਟਿਊਬ 'ਤੇ ਰੂਸ-ਯੂਕਰੇਨ ਜਾਂ ਅਰਬ ਇਜ਼ਰਾਈਲ ਵਾਲੀ ਕਿਸੇ ਜੰਗ ਨਾਲ ਸਬੰਧਤ ਖਬਰ ਵੇਖੋ ਜਾਂ ਹੋਰ ਕੋਈ ਅਜਿਹੀ ਖਬਰ ਵੇਖੋ, ਜਿਹੜੀ ਤੁਹਾਨੂੰ ਕਿਸੇ ਰਾਜਨੀਤਕ ਉਥਲ-ਪੁਥਲ ਵਾਲੀ ਲੱਗੇ ਤਾਂ ਉਸ 'ਤੇ ਝੱਟ ਕੋਈ ਪ੍ਰਤੀਕਰਮ ਦੇਣ ਤੋਂ ਪਹਿਲਾਂ ਚੈੱਕ ਜ਼ਰੂਰ ਕਰ ਲਿਆ ਕਰੋ।

# ਸੰਪਰਕ : 94176-32228

## ਪਾਠਕ ਸੱਥ

### ਗੰਨ ਕਲਚਰ ਨੂੰ ਰੋਕਣ ਦੀ ਲੋੜ

ਅੱਜਕੱਲ੍ਹ ਜਣਾ-ਖਣਾ ਹੀ ਹਥਿਆਰਾਂ ਦਾ ਲਾਇਸੰਸ ਬਣਾ ਲੈਂਦਾ ਹੈ, ਜਿਸ ਦੀ ਦੁਰਵਰਤੋਂ ਹੁੰਦੀ ਹੈ।ਬੜਾ ਖ਼ਤਰਨਾਕ ਤਾਕਤ 'ਤੇ ਨਸ਼ਿਆਂ ਅਤੇ ਹਥਿਆਰਾਂ ਦਾ ਮੇਲ ਹੈ।ਨੀਦਰਲੈਂਡ ਦੀ ਟਿਲਬਰਗ ਯੂਨੀਵਰਸਿਟੀ ਵਿੱਚ 2011 ਵਿੱਚ1561 ਵਿਅਕਤੀਆਂ ਦੀ ਜ਼ਿੰਦਗੀ ਬਾਰੇ ਪਰਫਾਰਮੇ ਭਰੇ ਗਏ ਕਿ ਉੱਚ ਅਹੁਦਿਆਂ 'ਤੇ ਬੈਠੇ ਵਿਅਕਤੀਆਂ ਵਿੱਚ ਹਥਿਆਰ ਰੱਖਣ ਦਾ ਕਿੰਨਾ ਸ਼ੌਕ ਹੈ।86 ਫੀਸਦੀ ਅਧਿਕਾਰੀਆਂ ਨੇ ਹਾਂ ਵਿੱਚ ਉੱਤਰ ਦਿੱਤਾ।ਜਿੱਥੋਂ ਤੱਕ ਹਥਿਆਰਾਂ ਦਾ ਸੰਬੰਧ ਹੈ, ਵੱਖ ਵੱਖ ਮੁਲਕਾਂ ਦੇ ਅੰਕੜਿਆਂ ਮੁਤਾਬਕ ਜਿਸ ਥਾਂ 'ਤੇ ਅਸਲਾ ਵੱਧ ਹੈ, ਉੱਥੇ ਲੱਗਭੱਗ ਸੱਤ ਪ੍ਰਤੀਸ਼ਤ ਵੱਧ ਲੁੱਟ-ਖਸੁੱਟ, ਕਤਲ, ਬਲਾਤਕਾਰ ਜਿਹੇ ਸੰਗੀਨ ਜੁਰਮ ਹੁੰਦੇ ਹਨ।'ਅਮਰੀਕਨ ਜਰਨਲ ਆਫ ਪ੍ਰੀਵੈਂਟਿਵ ਮੈਡੀਸਨ' ਵਿਚ ਛਪੀ ਇਕ ਖੋਜ ਸਪੱਸ਼ਟ ਕਰਦੀ ਹੈ ਕਿ ਘਰ ਵਿੱਚ ਅਸਲਾ ਪਏ ਹੋਣ ਨਾਲ ਕਤਲ ਜਾਂ ਖੁਦਕੁਸ਼ੀ ਕਰਨ ਦੇ ਮਾਮਲੇ 8 ਤੋਂ 9 ਫੀਸਦੀ ਵਧ ਜਾਂਦੇ ਹਨ।

ਜੇਕਰ ਅਸਲਾ ਘਰੋਂ ਬਾਹਰ ਲਿਜਾਇਆ ਜਾਂਦਾ ਹੈ, ਤਾਂ ਇਸ ਦੀ ਵਰਤੋਂ ਕਰਨ ਲਈ ਮਨ ਉਕਸਾਉਂਦਾ ਰਹਿੰਦਾ ਹੈ ਕਿ ਇਸ ਦੀ ਵਰਤੋਂ ਕਰਕੇ ਵੇਖੀਏ, ਸੁਚੇਤ ਮਨ ਇਹੋ ਜਿਹਾ ਕਰਨ ਤੋਂ ਰੋਕਦਾ ਹੈ, ਪਰ ਸ਼ਰਾਬ ਦੇ ਅਸਰ ਹੇਠ ਸੁਚੇਤ ਮਨ ਵੱਲੋਂ ਵੀ ਆਉਂਦੇ ਸੁਨੇਹੇ ਦੱਬੇ ਜਾਣ ਉੱਤੇ ਹਲਕੀ ਭੜਕਾਹਟ ਦੀ ਸੂਰਤ ਵਿੱਚ ਖੁਦਕੁਸ਼ੀ ਜਾਂ ਕਤਲ ਤੱਕ ਕਰਨਾ ਇਹੋ ਜਿਹੇ ਵਿਅਕਤੀ ਲਈ ਮਾਮੂਲੀ ਗੱਲ ਬਣ ਜਾਂਦੀ।ਹਾਂ, ਇਹ ਤਿੰਨੋਂ ਗੱਲਾਂ, ਕੱਠੀਆਂ ਹੋ ਜਾਣ ਤਾਂ ਇਨਸਾਨੀ ਦਿਮਾਗ਼ ਕੋਈ ਕਹਿਰ ਜ਼ਰੂਰ ਵਰਤਾਉਂਦਾ ਹੈ। ਤਾਕਤ ਦੇ ਨਸ਼ੇ ਵਿਚ ਅੰਨ੍ਹਾ ਹੋਇਆ ਇਨਸਾਨ ਜੇ ਹੱਥ ਵਿੱਚ ਅਸਲਾ ਲੈ ਕੇ ਫਿਰ ਰਿਹਾ ਹੋਵੇ, ਧੋਖੇ ਨਾਲ ਸ਼ਰਾਬ ਜਾਂ ਕਿਸੇ ਹੋਰ ਨਸ਼ੇ ਦੀ ਵਰਤੋਂ ਕਰ ਲਵੇ ਤਾਂ ਸੁਚੇਤ ਮਨ ਵੱਲੋਂ ਆਉਂਦੇ ਸੁਨੇਹੇ ਉੱਕਾ ਹੀ ਬੰਦ ਹੋ ਜਾਂਦੇ ਹਨ।ਇਹੋ ਜਿਹਾ ਆਦਮੀ ਤੁਰਦਾ-ਫਿਰਦਾ ਬਾਰੂਦ ਹੁੰਦਾ ਹੈ।ਹਲਕੀ ਚੰਗਿਆੜੀ ਨਾਲ ਹੀ ਫਟ ਜਾਂਦਾ ਹੈ।

ਹੁਣ ਗੱਲ ਕਰਦੇ ਹਾਂ ਆਪਣੇ ਪੰਜਾਬ ਦੀ, ਜਿੱਥੇ ਵਿਆਹ ਸਮਾਗਮਾਂ, ਸਿਆਸਤਦਾਨਾਂ ਦੀਆਂ ਰੈਲੀਆਂ ਜਾਂ ਇਹੋ ਜਿਹੇ ਹੋਰ ਮਾਮਲਿਆਂ ਵਿਚ ਜਿੱਥੇ ਤਾਕਤ ਦਾ ਨਸ਼ਾ ਉਹਦੇ ਨਾਲ ਸ਼ਰਾਬ ਦੀ ਵਰਤੋਂ ਵੀ ਹੋਵੇ, ਨਿੱਕੀ-ਮੋਟੀ ਕਹੀ-ਸੁਣੀ ਇਥੇ ਗੋਲੀ ਚੱਲਣ ਕਰਕੇ ਕਿਸੇ ਨਾ ਕਿਸੇ ਬੇਕਸੂਰ ਦੀ ਮੌਤ ਹੋ ਜਾਂਦੀ ਹੈ।ਚਾਹੇ ਬਰਾਤੀ, ਚਾਹੇ ਆਰਕੈਸਟਰਾ ਵਾਲੇ ਹੋਣ, ਉਹ ਅਸਲਾ ਚਲਾਉਣ ਕਰਕੇ ਅਣਆਈ ਮੌਤੇ ਮਰ ਜਾਂਦੇ ਹਨ।ਚਿੜੀਆਂ ਦੀ ਮੌਤ ਤੇ ਗਵਾਰਾਂ ਦਾ ਹਾਸਾ ਬਣ ਜਾਂਦਾ ਹੈ। ਏਸੇ ਲਈ ਵਿਕਸਤ ਦੇਸ਼ਾਂ ਵਿਚਲੀਆਂ ਖੋਜਾਂ ਹਥਿਆਰਾਂ ਨੂੰ ਉਤਸ਼ਾਹਤ ਨਹੀਂ ਕਰਦੀਆਂ। 'ਦੇਰ ਆਇਦ ਦਰੁਸਤ ਆਇਦ' ਹੁਣ ਪੰਜਾਬ ਸਰਕਾਰ ਨੇ ਗੰਨ ਕਲਚਰ ਨੂੰ ਪ੍ਰਮੋਟ ਕਰਨ ਵਾਲੇ ਗਾਇਕਾਂ ਦੇ ਗੀਤਾਂ 'ਤੇ ਪਾਬੰਦੀ ਲਗਾ ਦਿੱਤੀ ਹੈ।

ਅਸੀਂ ਬੱਚੇ ਨੂੰ ਕੰਪਿਊਟਰ ਲੈਣ ਦੀ ਬਜਾਏ ਹਥਿਆਰ ਲੈ ਕੇ ਦਿੰਦੇ ਹਾਂ, ਚਾਹੇ ਉਹ ਨਕਲੀ ਪਿਸਤੌਲ ਹੋਵੇ, ਚਾਹੇ ਨਕਲੀ ਗੰਨ ਹੋਵੇ। ਜ਼ਰਾ ਸੋਚੋ ਪੰਜਾਬੀਓ! ਇਸ ਤਰ੍ਹਾਂ ਦੀ ਸੋਚ ਨੂੰ ਲੈ ਕੇ ਅਸੀਂ ਕਿੰਨਾ ਚਿਰ ਤੁਰਦੇ ਰਹਾਂਗੇ।ਇਸ ਨਸਲਘਾਤ ਲਈ ਜ਼ਿੰਮੇਵਾਰ ਹੈ ਸਾਡਾ ਸਮਾਜ।ਅੱਜ ਸਾਡੇ ਵਿਚੋਂ ਕੋਈ ਸ਼ਹੀਦ-ਏ-ਆਜ਼ਮ ਭਗਤ ਸਿੰਘ, ਸ਼ਹੀਦ ਊਧਮ ਸਿੰਘ, ਸ਼ਹੀਦ ਰਾਜਗੁਰੂ, ਸੁਖਦੇਵ, ਸ਼ਹੀਦ ਕਰਤਾਰ ਸਿੰਘ ਸਰਾਭਾ ਨਹੀਂ ਬਣ ਸਕਦਾ।ਬੱਚੇ ਸਾਥੋਂ ਸਿਖ ਕੇ, ਕੁਝ ਸਰਕਾਰਾਂ ਤੋਂ ਸਿੱਖ ਕੇ ਆਪਣਿਆਂ 'ਤੇ ਹੀ ਗੋਲੀਆਂ ਚਲਾਇਆ ਕਰਨਗੇ।

-ਡਾਕਟਰ ਨਰਿੰਦਰ ਭੱਪਰ ਝਬੇਲਵਾਲੀ,
ਸੰਪਰਕ : 62841-45349

17-OCT-PAGE-5.qxd 10/16/2024 10:18 PM Page 1



# ਪੁਲਸ ਪ੍ਰਸ਼ਾਸਨ ਖਿਲਾਫ ਆੜ੍ਹਤੀਆਂ ਵੱਲੋਂ ਨੈਸ਼ਨਲ ਹਾਈਵੇ 'ਤੇ ਧਰਨਾ



**ਮੱਖੂ (ਰਛਪਾਲ ਸਿੰਘ ਸੰਧੂ) :** ਫੈਡਰੇਸ਼ਨ ਆਫ ਆੜ੍ਹਤੀਆ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ ਵਿਜੇ ਕਾਲੜਾ ਵੱਲੋਂ ਪੰਜਾਬ ਪੁਲਸ ਵੱਲੋਂ ਕੀਤੀ ਜਾ ਰਹੀ ਗੁੰਡਾਗਰਦੀ ਦਾ ਦੋਸ਼ ਲਗਾਉਂਦਿਆਂ ਹੋਏ ਸਮੁੱਚੇ ਪੰਜਾਬ ਦੀਆਂ ਮੰਡੀਆਂ ਬੰਦ ਕਰਨ ਦੇ ਦਿੱਤੇ ਸੱਦੇ 'ਤੇ ਪੰਜਾਬ ਭਰ ਦੇ ਆੜ੍ਹਤੀਆਂ ਆਪਣਾ ਕਾਰੋਬਾਰ ਬੰਦ ਕਰਕੇ ਦਾਣਾ ਮੰਡੀ ਮੱਖੂ ਵਿਖੇ ਇੱਕਠੇ ਹੋਏ।ਇਸ ਮੌਕੇ ਪੰਜਾਬ ਭਰ ਤੋਂ ਇੱਕਠੇ ਹੋਏ ਆੜ੍ਹਤੀਆਂ ਵੱਲੋਂ ਪੰਜਾਬ ਪੁਲਸ ਖ਼ਿਲਾਫ਼ ਜੰਮ ਕੇ ਨਾਅਰੇਬਾਜ਼ੀ ਕਰਦਿਆਂ ਕਿਹਾ ਕਿ ਗੁੰਡਾਗਰਦੀ ਨਹੀਂ ਚਲੇਗੀ।ਇਸ ਮੌਕੇ ਫੈਡਰੇਸ਼ਨ ਆਫ ਆੜ੍ਹਤੀਆ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ ਵਿਜੇ ਕਾਲੜਾ ਨੇ ਕਿਹਾ ਕਿ ਕਿਸਾਨਾਂ ਦੀ ਝੋਨੇ ਦੀ ਫਸਲ ਮੰਡੀ ਵਿੱਚ ਉਤਾਰਨ ਲਈ ਪੰਜਾਬ ਮੰਡੀ ਬੋਰਡ ਵੱਲੋਂ ਮਿਲੀ ਹੋਈ ਜਗ੍ਹਾ ਵਿੱਚ ਇੱਕ ਆੜ੍ਹਤੀਆ ਵੱਲੋਂ ਉਸ ਜਗ੍ਹਾ 'ਤੇ ਆਪਣੇ ਟਰੱਕ ਖੜੇ ਕੀਤੇ ਹੋਏ ਸਨ, ਉਸ ਨੂੰ ਪਾਸੇ ਕਰਨ ਲਈ ਕਿਹਾ। ਉਹ ਆੜ੍ਹਤੀਆ ਵਿਧਾਇਕ ਨਰੇਸ਼ ਕਟਾਰੀਆ ਦੇ ਸਪੁੱਤਰ ਸ਼ੰਕਰ ਕਟਾਰੀਆ ਦਾ ਦੋਸਤ ਹੈ।ਸ਼ੰਕਰ ਕਟਾਰੀਆ ਦੇ ਕਹਿਣ 'ਤੇ ਮੈਨੂੰ ਥਾਣਾ ਮੱਖੂ ਦੇ ਮੁੱਖ ਅਫਸਰ ਤਰਨਵੀਰ ਸਿੰਘ, ਏਐੱਸਆਈ ਲਖਵਿੰਦਰ ਸਿੰਘ ਤੇ ਹੋਰ ਪੁਲਸ ਮੁਲਾਜ਼ਮ ਮੈਨੂੰ ਫੜਨ ਲਈ ਦਾਣਾ ਮੰਡੀ ਮੱਖੂ ਵਿਖੇ ਆ ਗਏ ਅਤੇ ਮੈਨੂੰ ਧਮਕੀ ਦੇ ਕੇ ਥਾਣਾ ਮੱਖੂ ਵਿਖੇ ਲੈ ਜਾਣਾ ਚਾਹੁੰਦੇ ਸੀ ਅਤੇ ਮੈਨੂੰ ਅਪਸ਼ਬਦ ਵੀ ਬੋਲੇ ਗਏ।ਇਸ ਲਈ ਸਮੁੱਚੇ ਪੰਜਾਬ ਦੀਆਂ ਮੰਡੀਆਂ ਬੰਦ ਕਰਕੇ ਆੜ੍ਹਤੀਆਂ ਨੂੰ ਦਾਣਾ ਮੰਡੀ ਮੱਖੂ ਵਿਖੇ ਪਹੁੰਚਣ ਦੀ ਅਪੀਲ ਕੀਤੀ।ਵਿਜੇ ਕਾਲੜਾ ਵੱਲੋਂ ਦਿੱਤੇ ਇਸ ਸੱਦੇ 'ਤੇ ਪੰਜਾਬ ਭਰ ਦੀਆਂ ਮੰਡੀਆਂ ਵਿੱਚੋਂ ਆੜ੍ਹਤੀਆਂ ਪਹੁੰਚੇ ਹੋਏ ਹਨ।ਇਸ ਮੌਕੇ ਪੰਜਾਬ ਭਰ ਦੀਆਂ ਮੰਡੀਆਂ ਤੋਂ ਪਹੁੰਚੇ ਆੜ੍ਹਤੀਆਂ ਵੱਲੋਂ ਐੱਸ ਐੱਚ ਓ ਮੱਖੂ ਤਰਨਵੀਰ ਸਿੰਘ ਤੇ ਏਐੱਸਆਈ ਲਖਵਿੰਦਰ ਸਿੰਘ ਨੂੰ ਸਸਪੈਂਡ ਕਰਨ ਦੀ ਮੰਗ ਕੀਤੀ।ਦਾਣਾ ਮੰਡੀ ਮੱਖੂ ਵਿੱਚ ਵਿਗੜਦੇ ਮਾਹੌਲ ਨੂੰ ਦੇਖਦੇ ਹੋਏ ਰਣਧੀਰ ਕੁਮਾਰ, ਗੁਰਦੀਪ ਸਿੰਘ ਐੱਸ ਪੀ ਫਿਰੋਜ਼ਪੁਰ, ਡੀ ਐੱਸ ਪੀ ਜ਼ੀਰਾ ਪੁਲਸ ਪਾਰਟੀ ਸਮੇਤ ਦਾਣਾ ਮੰਡੀ ਮੱਖੂ ਵਿਖੇ ਪਹੁੰਚ ਕੇ ਫੈਡਰੇਸ਼ਨ ਆਫ ਆੜ੍ਹਤੀਆ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ ਵਿਜੇ ਕਾਲੜਾ ਨਾਲ ਗੱਲਬਾਤ ਕੀਤੀ, ਪਰ ਗੱਲਬਾਤ ਕਿਸੇ ਤਰ੍ਹਾਂ ਦੀ ਸਿਰੇ ਨਹੀਂ ਚੜ੍ਹੀ, ਜਿਸ ਕਾਰਨ ਦੇਰ ਸ਼ਾਮ ਵੇਲੇ ਆੜ੍ਹਤੀਆਂ ਵੱਲੋਂ ਨੈਸ਼ਨਲ ਹਾਈਵੇ 54 'ਤੇ ਧਰਨਾ ਲਗਾ ਕੇ ਆਵਾਜਾਈ ਜਾਮ ਕਰ ਦਿੱਤੀ।ਖ਼ਬਰ ਲਿਖੇ ਜਾਣ ਤੱਕ ਆੜ੍ਹਤੀਆਂ ਦਾ ਧਰਨਾ ਜਾਰੀ ਸੀ।

# ਅਮਰੀਕ ਸਿੰਘ ਬਣੇ ਡੱਗੋਰੋਮਾਣਾ ਦੇ ਸਰਪੰਚ, ਵਧਾਈਆਂ ਵਾਲਿਆਂ ਦਾ ਤਾਂਤਾ

## ਪਿੰਡ ਵਾਸੀਆਂ ਦੀ ਇਕ ਇਕ ਵੋਟ ਦਾ ਰਿਣੀ ਰਹਾਂਗਾ : ਅਮਰੀਕ ਸਿੰਘ



**ਕੋਟਕਪੂਰਾ (ਰਛਪਾਲ ਭੁੱਲਰ) :** ਜ਼ਿਲ੍ਹਾ ਫਰੀਦਕੋਟ ਦੇ ਤਿੰਨੋਂ ਵਧਾਨ ਸਭਾ ਹਲਕਿਆਂ ਫਰੀਦਕੋਟ, ਕੋਟਕਪੂਰਾ ਤੇ ਜੈਤੋ ਵਿਚਲੇ ਪਿੰਡਾਂ 'ਚ ਅਮਨਸ਼ਾਂਤੀ ਨਾਲ ਪੰਚਾਇਤੀ ਚੋਣਾਂ ਹੋਈਆਂ, ਤੜਕਸਾਰ ਹੀ ਵੋਟਰ ਲਾਈਨਾਂ ਵਿੱਚ ਲੱਗੇ ਵਿਖਾਈ ਦਿੱਤੇ। ਇਹਨਾਂ ਚੋਣਾਂ 'ਚ ਹਿੱਸਾ ਲੈਣ ਲਈ ਮਰਦਾਂ ਦੇ ਨਾਲ ਨਾਲ ਔਰਤਾਂ ਦੀ ਕਾਫੀ ਉਤਸ਼ਾਹਤ ਸਨ।ਹਲਕਾ ਕੋਟਕਪੂਰਾ ਦੇ ਅਧੀਨ ਆਉਂਦੇ ਪਿੰਡ ਡੱਗੋਰੋਮਾਣਾ ਵਿਖੇ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਸੰਦੀਪ ਸਿੰਘ ਕੰਮੇਆਣਾ ਦੇ ਕਰੀਬੀ ਉਮੀਦਵਾਰ ਅਮਰੀਕ ਸਿੰਘ ਨੇ ਆਪਣੇ ਵਿਰੋਧੀਆਂ ਭੁਪਿੰਦਰ ਸਿੰਘ ਤੇ ਜਸਕਰਨ ਸਿੰਘ ਨੂੰ ਹਰਾ ਕੇ ਜਿੱਤ ਪ੍ਰਾਪਤ ਕੀਤੀ।

ਇਸ ਜਿੱਤ ਦੀ ਖਬਰ ਸੁਣਦਿਆਂ ਹੀ ਉਸ ਦੇ ਘਰ ਵਿੱਚ ਵਿਆਹ ਵਰਗਾ ਮਾਹੌਲ ਬਣ ਗਿਆ।ਨਵੇਂ ਬਣੇ ਸਰਪੰਚ ਅਮਰੀਕ ਸਿੰਘ ਨੇ ਪਿੰਡ ਵਾਸੀਆਂ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਪਿੰਡ ਦੇ ਲੋਕਾਂ ਵੱਲੋਂ ਉਨਾਂ ਵਿੱਚ ਪ੍ਰਗਟਾਏ ਭਰੋਸੇ 'ਤੇ ਉਹ 100 ਫੀਸਦੀ ਖਰਾ ਉਤਰਨਗੇ, ਜਦਕਿ ਪਿੰਡ ਦੇ ਲੋਕਾਂ ਨਾਲ ਕੀਤੇ ਇੱਕ ਇੱਕ ਵਾਅਦੇ ਨੂੰ ਜਿੱਥੇ ਨਿਭਾਇਆ ਜਾਵੇਗਾ, ਉਥੇ ਪਿੰਡ ਦੇ ਸਰਵਪੱਖੀ ਵਿਕਾਸ ਲਈ ਹਰ ਸੰਭਵ ਯਤਨ ਕੀਤੇ ਜਾਣਗੇ। ਉਧਰ ਪਿੰਡ ਦੇ ਲੋਕਾਂ ਅਤੇ ਅਮਰੀਕ ਸਿੰਘ ਦੇ ਸਮਰਥਕਾਂ ਨੇ ਉਹਨਾਂ ਦਾ ਹਾਰ ਪਾ ਕੇ ਭਰਵਾਂ ਸਵਾਗਤ ਕੀਤਾ।ਉੱਥੇ ਬਲਾਕ ਪ੍ਰਧਾਨ ਸੰਦੀਪ ਸਿੰਘ ਕੰਮੇਆਣਾ ਨੇ ਨਵੇਂ ਬਣੇ ਸਰਪੰਚ ਅਮਰੀਕ ਸਿੰਘ ਡੱਗੋਰੋਮਾਣਾ ਨੂੰ ਜਿੱਤ ਦੀ ਵਧਾਈ ਦਿੰਦਿਆਂ ਆਸ ਪ੍ਰਗਟਾਈ ਕਿ ਉਹ ਪਿੰਡ ਦੇ ਵਿਕਾਸ ਦੇ ਲੋਕਾਂ ਦੇ ਕੰਮ ਤੇ ਵਿਕਾਸ ਕਾਰਜਾਂ ਲਈ ਯਤਨਸ਼ੀਲ ਰਹਿਣਗੇ।ਉਨ੍ਹਾਂ ਆਪਣੇ ਬਲਾਕ ਅਧੀਨ ਆਉਂਦੇ ਪਿੰਡਾਂ ਕੋਠੇ ਰੱਤੀਰੋੜੀ ਤੋਂ ਵੀਰ ਸਿੰਘ ਸਰਪੰਚ, ਹਰੀਏਵਾਲਾ ਤੋਂ ਸਰਬਸੰਮਤੀ ਨਾਲ਼ ਸਰਪੰਚ ਚਮਕੌਰ ਸਿੰਘ, ਮਚਾਕੀ ਮੱਲ ਸਿੰਘ ਤੋਂ ਬਲਵਿੰਦਰ ਸਿੰਘ ਸੇਖੋਂ ਆਦਿ ਨੂੰ ਸਰਪੰਚ ਬਣਨ 'ਤੇ ਮੁਬਾਰਕਬਾਦ ਦਿੱਤੀ।

# ਮਨਜਿੰਦਰ ਸਿੰਘ ਪਿੰਡ ਵਰਿਆਮ ਵਾਲਾ ਦੇ ਸਰਪੰਚ ਬਣੇ

**ਫ਼ਿਰੋਜ਼ਪੁਰ (ਗੁਰਬਚਨ ਸਿੰਘ)**-ਪੰਜਾਬ ਵਿੱਚ ਕੱਲ ਸਰਪੰਚਾਂ ਲਈ ਪਈਆਂ ਵੋਟਾਂ ਵਿੱਚ ਪੰਜਾਬ ਦੇ ਕਈਆਂ ਪਿੰਡਾਂ ਵਿੱਚ ਵੋਟਾਂ ਤੋਂ ਪਹਿਲਾਂ ਹੀ ਸਰਬਸੰਮਤੀ ਨਾਲ ਸਰਪੰਚ-ਪੰਚ ਚੁਣੇ ਗਏ ਸਨ ਅਤੇ ਕਈਆਂ ਪਿੰਡਾਂ ਵਿੱਚ ਕਾਂਟੇ ਦੀ ਟੱਕਰ ਸੀ। ਹਲਕਾ ਫਿਰੋਜ਼ਪੁਰ ਦਿਹਾਤੀ ਦੇ ਬਲਾਕ ਫ਼ਿਰੋਜ਼ਪੁਰ ਦੇ ਪਿੰਡ ਵਰਿਆਮ ਵਾਲਾ ਵਿੱਚ ਵੀ ਪਿੰਡ ਦੇ ਸਰਪੰਚਾਂ ਵਿੱਚ ਕਾਂਟੇ ਦੀ ਟੱਕਰ ਸੀ, ਜਿਸ ਵਿੱਚ ਮਨਜਿੰਦਰ ਸਿੰਘ ਨੇ ਆਪਣੇ ਵਿਰੋਧੀ ਨੂੰ ਲਗਭਗ 34 ਵੋਟਾਂ ਨਾਲ ਹਰਾ ਕੇ ਝੰਡੀ ਗੱਡੀ। ਨਵੇਂ ਚੁਣੇ ਗਏ ਸਰਪੰਚ ਨੇ ਪਿੰਡ ਵਾਸੀਆਂ ਨੂੰ ਵਿਸ਼ਵਾਸ ਦਵਾਇਆ ਕਿ ਜੋ ਤੁਸੀਂ ਮੇਰੇ ਤੇ ਵਿਸ਼ਵਾਸ ਜਤਾਇਆ ਹੈ, ਉਸ 'ਤੇ ਮੈਂ ਖਰਾ ਉਤਰਾਂਗਾ ਤੇ ਪਿੰਡ ਦੇ ਵਿਕਾਸ ਵਿੱਚ ਕੋਈ ਕਮੀ ਨਹੀਂ ਛੱਡਾਂਗਾ। ਖਾਸ ਕਰਕੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪਿੰਡ ਵਿੱਚ ਖੇਡ ਗਰਾਊਂਡ ਦਾ ਉਚੇਚੇ ਤੌਰ 'ਤੇ ਪ੍ਰਬੰਧ ਕੀਤਾ ਜਾਵੇਗਾ। ਨਵੇਂ ਚੁਣੇ ਗਏ ਨੌਜਵਾਨ ਸਰਪੰਚ ਮਨਜਿੰਦਰ ਸਿੰਘ ਨੇ ਸਾਰੇ ਪਿੰਡ ਵਾਸੀਆਂ ਸਮੇਤ ਖਾਸ ਕਰਕੇ ਨੌਜਵਾਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਨ੍ਹਾਂ ਨੌਜਵਾਨਾਂ ਨੇ ਕੜੀ ਮਿਹਨਤ ਕਰਕੇ ਮੈਨੂੰ ਪਿੰਡ ਦਾ ਸਰਪੰਚ ਹੋਣ ਦਾ ਮਾਣ ਦਿਵਾਇਆ ਹੈ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਆ ਰਹੀਆਂ ਮੁਸ਼ਕਲਾਂ ਦਾ ਹੱਲ ਪਹਿਲ ਦੇ ਆਧਾਰ 'ਤੇ ਕੀਤਾ ਜਾਵੇਗਾ।



# ਕੇਂਦਰ ਸਰਕਾਰ ਫਸਲਾਂ ਦੇ ਭਾਅ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਅਨੁਸਾਰ ਦੇਵੇ : ਮਨਜੀਤ ਧਨੇਰ

**ਲਹਿਰਾ ਮੁਹੱਬਤ, (ਭੀਮ ਸੈਨ ਹਦਵਾਰੀਆ)**-ਕੇਂਦਰ ਸਰਕਾਰ ਵੱਲੋਂ ਸਾਲ 2025-26 ਲਈ ਹਾੜ੍ਹੀ ਦੀਆਂ ਫਸਲਾਂ ਦੇ ਘੱਟੋ-ਘੱਟ ਭਾਅ ਵਿੱਚ ਕੀਤੇ ਵਾਧੇ 'ਤੇ ਪ੍ਰਤੀਕਰਮ ਦਿੰਦਿਆਂ ਭਾਕਿਯੂ ਏਕਤਾ ਡਕੌਂਦਾ ਦੀ ਸੂਬਾ ਕਮੇਟੀ ਨੇ ਕਿਹਾ ਕਿ ਕੇਂਦਰ ਸਰਕਾਰ ਫਸਲਾਂ ਦੇ ਭਾਅ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਅਨੁਸਾਰ ਦੇਣ ਦੇ ਝੂਠੇ ਦਾਅਵੇ ਕਰਦੀ ਹੈ, ਜਦੋਂ ਕਿ ਡਾਕਟਰ ਸਵਾਮੀਨਾਥਨ ਨੇ ਫਸਲਾਂ ਦੇ ਭਾਅ ਤੈਅ ਕਰਨ ਲਈ ਸੀ-2+50% ਦੀ ਸਿਫਾਰਿਸ਼ ਕੀਤੀ ਹੋਈ ਹੈ ਪ੍ਰੰਤੂ ਕੇਂਦਰ ਸਰਕਾਰ ਨੇ ਆਪਣਾ ਹੀ ਫਾਰਮੂਲਾ ਏ-2+ਫੈਮਲੀ ਲੇਬਰ ਬਣਾ ਛੱਡਿਆ ਹੈ। ਇਸ ਵਿੱਚ ਕਿਸਾਨ ਦੀ ਮਾਲਕੀ ਵਾਲੀ ਜ਼ਮੀਨ ਦਾ ਅਸਲੀ ਠੇਕਾ ਨਹੀਂ ਗਿਣਿਆ ਜਾਂਦਾ। ਇਸ ਤੋਂ ਇਲਾਵਾ ਲਾਗਤ ਤੇ ਕੀਮਤ ਕਮਿਸ਼ਨ ਤੇ ਫਸਲਾਂ ਦੇ ਭਾਅ ਮਿਥਣ ਲਈ ਕਈ ਤਰ੍ਹਾਂ ਦੀਆਂ ਨਜਾਇਜ਼ ਸ਼ਰਤਾਂ ਥੋਪ ਦਿੱਤਾ ਜਾਂਦੀਆਂ ਹਨ, ਜਿਵੇਂ ਕਿ ਜ਼ਿੰਦਗੀ ਗੁਜਰ ਬਸਰ ਕਰਨ ਦੇ ਖਰਚ, ਤਨਖਾਹਾਂ ਤੇ ਪੈਣ ਵਾਲੇ ਅਸਰ, ਘਰੇਲੂ ਤੇ ਅੰਤਰਰਾਸ਼ਟਰੀ ਵਪਾਰ, ਸਪਲਾਈ ਤੇ ਮੰਗ ਦਾ ਧਿਆਨ ਰੱਖਣਾ ਅਤੇ ਸਭ ਤੋਂ ਵੱਧ ਸੰਸਾਰ ਵਪਾਰ ਸੰਸਥਾ ਅਤੇ ਮੁਕਤ ਵਪਾਰ ਸਮਝੌਤੇ ਨੂੰ ਧਿਆਨ ਵਿੱਚ ਰੱਖਣ ਦੀਆਂ ਸ਼ਰਤਾਂ ਲਾ ਦਿੱਤੀਆਂ ਜਾਂਦੀਆਂ ਹਨ। ਸੂਬਾਈ ਆਗੂਆਂ ਮਨਜੀਤ ਧਨੇਰ, ਹਰਨੇਕ ਮਹਿਮਾ ਤੇ ਅੰਗਰੇਜ਼ ਸਿੰਘ ਭਦੌੜ ਨੇ ਸਵਾਲ ਕੀਤਾ ਕਿ ਕਿਸਾਨਾਂ ਦੀ ਫਸਲ ਦਾ ਭਾਅ ਮਿਥਣ ਲਈ ਇਹਨਾਂ ਚੀਜ਼ਾਂ ਨਾਲ ਕੀ ਸਬੰਧ ਹੈ? ਜਥੇਬੰਦੀ ਦੀ ਸੂਬਾ ਕਮੇਟੀ ਨੇ ਮੰਗ ਕੀਤੀ ਹੈ ਕਿ ਇਹ ਸਾਰੀਆਂ ਨਜਾਇਜ਼ ਸ਼ਰਤਾਂ ਹਟਾ ਕੇ ਡਾਕਟਰ ਸਵਾਮੀਨਾਥਨ ਕਮਿਸ਼ਨ ਦੇ ਫਾਰਮੂਲੇ ਨੂੰ ਠੀਕ ਢੰਗ ਨਾਲ ਲਾਗੂ ਕੀਤਾ ਜਾਵੇ ਤੇ ਉਸ ਅਨੁਸਾਰ ਘੱਟੋ ਘੱਟ ਭਾਅ ਮਿੱਥੇ ਜਾਣ।

ਉਨ੍ਹਾਂ ਕਿਹਾ ਕਿ ਇਕੱਲੇ ਪੰਜਾਬ ਦੇ ਕਿਸਾਨਾਂ ਸਿਰ ਇੱਕ ਲੱਖ ਕਰੋੜ ਰੁਪਏ ਦਾ ਕਰਜ਼ਾ ਹੈ। ਇਹ ਕਰਜ਼ਾ ਫਸਲਾਂ ਦੇ ਭਾੜ ਵਿੱਚ ਕਈ ਗੁਣਾਂ ਵਾਧਾ ਕਰਨ ਤੋਂ ਬਾਅਦ ਵੀ ਸਾਡੇ ਸਿਰ ਚੜ੍ਹ ਗਿਆ ਹੈ। ਇਸ ਦਾ ਇੱਕੋ ਇੱਕ ਕਾਰਨ ਹੈ ਕਿ ਸਾਡੀਆਂ ਫਸਲਾਂ ਲੁੱਟ ਲਈਆਂ ਜਾਂਦੀਆਂ ਹਨ, ਜਦੋਂਕਿ ਫਸਲਾਂ ਦੀ ਲਾਗਤ ਵਾਲੀਆਂ ਵਸਤਾਂ ਦੀ ਕੀਮਤ ਅਸਮਾਨੀ ਚੜ੍ਹੀ ਹੋਈ ਹੈ। ਕੇਂਦਰ ਸਰਕਾਰ ਭਾਅ ਐਲਾਨ ਦਿੰਦੀ ਹੈ ਪਰ ਗਾਰੰਟੀ ਦਾ ਕਾਨੂੰਨ ਬਣਾਉਣ ਤੋਂ ਭੱਜ ਰਹੀ ਹੈ। ਕਿਸਾਨ ਇਹ ਭਲੀ ਭਾਂਤ ਜਾਣਦੇ ਹਨ ਕਿ ਸੰਸਾਰ ਵਪਾਰ ਸੰਸਥਾ ਵਿੱਚੋਂ ਬਾਹਰ ਆਏ ਬਿਨਾਂ ਫਸਲਾਂ ਦੀ ਐੱਮ. ਐੱਸ. ਪੀ. 'ਤੇ ਗਰੰਟੀ ਦਾ ਕਾਨੂੰਨ ਨਹੀਂ ਬਣਾਇਆ ਜਾ ਸਕੇਗਾ। ਇਸ ਲਈ ਭਾਕਿਯੂ ਏਕਤਾ ਡਕੌਂਦਾ ਮੰਗ ਕਰਦੀ ਹੈ ਕਿ ਭਾਰਤ ਸੰਸਾਰ ਵਪਾਰ ਸੰਸਥਾ ਵਿੱਚੋਂ ਬਾਹਰ ਆ ਕੇ ਮੁਕਤ ਵਪਾਰ ਸਮਝੌਤੇ ਰੱਦ ਕਰੇ, ਕਿਸਾਨਾਂ ਨੂੰ ਉਨ੍ਹਾਂ ਦੀ ਮਿਹਨਤ ਦਾ ਬਣਦਾ ਮੁੱਲ ਦੇਵੇ ਤੇ ਖਰੀਦ ਦੀ ਗਾਰੰਟੀ ਦਾ ਕਾਨੂੰਨ ਬਣਾਵੇ।

## ਕਾਤਰਾਂ

### ਨਵੇਂ ਬਣੇ ਸਰਪੰਚ ਤੇ ਪੰਚਾਂ ਨੂੰ ਕੀਤਾ ਸਨਮਾਨਤ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ) :** ਹਾਲ ਹੀ ਵਿੱਚ ਸੰਪੰਨ ਹੋਈਆਂ ਪੰਚਾਇਤੀ ਚੋਣਾਂ ਦੌਰਾਨ ਜੇਤੂ ਰਹੇ ਕਸਬੇ ਦੇ ਵੱਖ-ਵੱਖ ਪਿੰਡਾਂ ਦੇ ਸਰਪੰਚ ਤੇ ਪੰਚ ਬਣੇ ਵਿਅਕਤੀਆਂ ਨੂੰ ਪ੍ਰਬੰਧਕ ਕਮੇਟੀ ਬਾਬਾ ਮੇਹਰ ਦਾਸ ਜੀ ਪਾਉ ਵੱਲੋਂ ਬਾਬਾ ਮੇਹਰ ਦਾਸ ਦੇ ਅਸਥਾਨ 'ਤੇ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਇਨ੍ਹਾਂ ਵਿੱਚ ਪੰਚ ਨਿਰਮਲ ਸਿੰਘ ਦੁੱਗਾਂ, ਪੰਚ ਹਰਦੀਪ ਸਿੰਘ, ਸਰਪੰਚ ਭੀਮ ਦਾਸ ਬਾਵਾ, ਪੰਚ ਹੇਮਰਾਜ ਸਿੰਘ ਸ਼ਾਮਲ ਸਨ।ਇਸ ਦੌਰਾਨ ਪ੍ਰਬੰਧਕ ਕਮੇਟੀ ਵੱਲੋਂ ਨਵੇਂ ਬਣੇ ਸਰਪੰਚ ਤੇ ਪੰਚਾਂ ਨੂੰ ਵਧਾਈ ਦਿੱਤੀ ਅਤੇ ਉਮੀਦ ਕੀਤੀ ਕਿ ਉਹ ਆਪਣੀ ਜ਼ਿੰਮੇਵਾਰੀ ਨੂੰ ਬਾਖੂਬੀ ਢੰਗ ਨਾਲ ਨਿਭਾਉਣਗੇ।

### ਮਿਆਦ ਖਤਮ ਅਸਲੇ ਨੂੰ ਪੁਲਸ ਥਾਣੇ ਜਾਂ ਗੰਨ ਹਾਊਸ ਪਾਸ ਜਮ੍ਹਾਂ ਕਰਵਾਉਣ : ਏ ਡੀ ਸੀ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ)**-ਗੁਰਪ੍ਰੀਤ ਸਿੰਘ ਥਿੰਦ ਵਧੀਕ ਜ਼ਿਲ੍ਹਾ ਮੈਜਿਸਟਰੇਟ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜਿਨ੍ਹਾਂ ਅਸਲਾ ਧਾਰਕਾਂ ਦੇ ਅਸਲਾ ਲਾਇਸੰਸ ਦੀ ਨਵੀਨਤਾ ਮਿਤੀ ਲੰਘ ਚੁੱਕੀ ਹੈ, ਉਹ ਆਪਣੇ ਲਾਇਸੰਸੀ ਅਸਲੇ ਤੁਰੰਤ ਪੁਲਸ ਥਾਣੇ ਜਾਂ ਗੰਨ ਹਾਊਸ ਪਾਸ ਜਮ੍ਹਾਂ ਕਰਵਾਉਣ ਉਪਰੰਤ ਅਸਲਾ ਲਾਇਸੰਸ ਨਵੀਨ ਕਰਵਾਉਣ ਲਈ ਦਸਤਾਵੇਜ਼ ਨਜ਼ਦੀਕੀ ਸੇਵਾ ਕੇਂਦਰ ਵਿੱਚ ਜਮ੍ਹਾਂ ਕਰਵਾਉਣ।ਉਨ੍ਹਾ ਦੱਸਿਆ ਕਿ ਜਿਨ੍ਹਾਂ ਲਾਇੰਸਸੀਆਂ ਦੀ ਮੌਤ ਹੋ ਗਈ ਹੈ, ਉਨ੍ਹਾਂ ਦੇ ਵਾਰਸ ਵੀ ਮ੍ਰਿਤਕ ਦਾ ਅਸਲਾ ਤੁਰੰਤ ਪੁਲਸ ਥਾਣੇ ਜਾਂ ਗੰਨ ਹਾਊਸ ਪਾਸ ਜਮ੍ਹਾਂ ਕਰਵਾਉਣ ਉਪਰੰਤ ਅਸਲੇ ਦੇ ਨਿਪਟਾਰੇ ਸਬੰਧੀ ਅਸਲਾ ਸ਼ਾਖਾ, ਕਮਰਾ ਨੰਬਰ 27, ਦਫਤਰ ਜ਼ਿਲ੍ਹਾ ਮੈਜਿਸਟਰੇਟ, ਸ੍ਰੀ ਮੁਕਤਸਰ ਸਾਹਿਬ ਨਾਲ ਸਪੰਰਕ ਕੀਤਾ ਜਾਵੇ, ਅਜਿਹਾ ਨਾ ਕਰਨ ਦੀ ਸੂਰਤ ਵਿੱਚ ਸੰਬੰਧਤਾਂ ਖਿਲਾਫ ਅਸਲਾ ਐਕਟ ਤਹਿਤ ਬਣਦੀ ਕਾਰਵਾਈ ਕੀਤੀ ਜਾਵੇਗੀ।

### ਜੈਤੋ ਹਲਕੇ ਦੇ ਵੋਟਰਾਂ ਦਾ ਧੰਨਵਾਦ : ਅਮੋਲਕ ਸਿੰਘ



**ਜੈਤੋ (ਸਤੀਸ਼ ਕੁਮਾਰ ਭੀਰੀ)**-ਪਿਛਲੇ ਦਿਨੀਂ ਪੰਚਾਇਤੀ ਚੋਣਾਂ ਦੇ ਨਤੀਜੇ ਦੇਰ ਰਾਤ ਤੱਕ ਘੋਸ਼ਿਤ ਕੀਤੇ ਗਏ, ਜਿਸ 'ਤੇ ਤਸੱਲੀ ਪ੍ਰਗਟ ਕਰਦਿਆਂ ਵਿਧਾਇਕ ਅਮੋਲਕ ਸਿੰਘ ਨੇ ਕਿਹਾ ਕਿ ਅਮਨ ਅਮਾਨ ਨਾਲ ਹੋਈਆਂ ਪੰਚਾਇਤੀ ਚੋਣਾਂ ਵਿੱਚ ਜਿੱਤ ਪ੍ਰਾਪਤ ਕਰਨ ਵਾਲੇ ਸਮੂਹ ਪੰਚਾਂ ਤੇ ਸਰਪੰਚਾਂ ਨੂੰ ਵਧਾਈ ਦਿੱਤੀ ਤੇ ਪੱਤਰਕਾਰਾਂ ਰਾਹੀਂ ਉਨ੍ਹਾਂ ਨੂੰ ਸੁਨੇਹਾ ਦਿੰਦੇ ਹੋਏ ਕਿਹਾ ਕਿ ਪਿੰਡਾਂ ਦੇ ਵਿਕਾਸ ਕੰਮਾਂ ਵਿੱਚ ਮੋਹਰੀ ਭੂਮਿਕਾ ਨਿਭਾਉਣ ਵਾਲੇ ਪੰਚ-ਸਰਪੰਚ ਆਉਣ ਵਾਲੀਆਂ ਮੁਸ਼ਕਲਾਂ ਲਈ ਬਿਨਾਂ ਕਿਸੇ ਸੰਕੋਚ ਦੇ ਉਨ੍ਹਾਂ ਨਾਲ ਰਾਬਤਾ ਕਾਇਮ ਕਰ ਸਕਦੇ ਹਨ। ਉਨ੍ਹਾਂ ਕੋਲ ਆਉਣ ਵਾਲੇ ਹਰ ਇੱਕ ਪੰਚ ਸਰਪੰਚ ਦਾ ਬਿਨਾਂ ਕਿਸੇ ਪਾਰਟੀਬਾਜ਼ੀ ਦੇ ਨਾ ਕੇਵਲ ਸਵਾਗਤ ਕੀਤਾ ਜਾਵੇਗਾ, ਬਲਕਿ ਉਨ੍ਹਾਂ ਨਾਲ ਬਣਦਾ ਸਹਿਯੋਗ ਵੀ ਕੀਤਾ ਜਾਵੇਗਾ। ਇਸ ਮੌਕੇ ਇਨ੍ਹਾਂ ਨਾਲ ਟਰੱਕ ਯੂਨੀਅਨ ਦੇ ਪ੍ਰਧਾਨ ਹਰਸਿਮਰਨ ਮਲਹੋਤਰਾ, ਗੋਬਿੰਦਰ ਸਿੰਘ ਵਾਲੀਆ ਚੇਅਰਮੈਨ ਪੀ ਏ ਡੀ ਬੀ ਬੈਂਕ, ਡਾਕਟਰ ਲਛਮਣ ਭਗਤੂਆਣਾ ਚੇਅਰਮੈਨ ਮਾਰਕੀਟ ਕਮੇਟੀ, ਸੁਖਰੀਤ ਰੋਮਾਣਾ ਯੂਥ ਵਿੰਗ ਸਕੱਤਰ ਜ਼ਿਲ੍ਹਾ ਫਰੀਦਕੋਟ ਅਨੇਕਾਂ ਵਰਕਰ ਤੇ ਆਗੂ ਹਾਜ਼ਰ ਸਨ।

# ਰਾਣਾ ਹਸਪਤਾਲ ਦੀ 23ਵੀਂ ਵਰ੍ਹੇਗੰਢ ਮੌਕੇ ਅਮ੍ਰਿਤਵਾਣੀ ਦਾ ਪਾਠ

**ਸਰਹੰਦ ਮੰਡੀ (ਪ੍ਰਮੋਦ ਭਾਰਦਵਾਜ)**-ਰਾਣਾ ਹਸਪਤਾਲ ਦੀ 23ਵੀਂ ਵਰ੍ਹੇਗੰਢ ਮੌਕੇ ਹਸਪਤਾਲ ਵਿੱਚ ਸ੍ਰੀ ਅਮ੍ਰਿਤਵਾਣੀ ਦਾ ਪਾਠ ਕੀਤਾ ਗਿਆ। ਪਾਠ ਦੀ ਸ਼ੁਰੂਆਤ ਡਾ: ਰਘੁਬੀਰ ਸੂਰੀ ਤੇ ਰਮਾ ਸੂਰੀ ਵੱਲੋਂ ਪ੍ਰਮਾਤਮਾ ਅੱਗੇ ਦੀਵਾ ਜਗਾ ਕੇ ਕੀਤੀ ਗਈ। ਇਸ ਮੌਕੇ ਡਾ: ਹਿਤੇਂਦਰ ਸੂਰੀ, ਡਾ: ਦੀਪਿਕਾ ਸੂਰੀ, ਡਾ: ਈਸਾਬੇਲਾ ਤੇ ਰਾਣਾ ਹਸਪਤਾਲ ਦੇ ਸਮੂਹ ਸਟਾਫ ਨੇ ਭਗਵਾਨ ਸ੍ਰੀ ਰਾਮ ਜੀ ਦੀ ਅੰਮ੍ਰਿਤਵਾਣੀ ਦਾ ਜਾਪ ਕੀਤਾ ਤੇ ਸਾਰਿਆਂ ਨੇ ਮਿਲ ਕੇ ਮਰੀਜ਼ਾਂ ਦੀ ਚੰਗੀ ਸਿਹਤ ਤੇ ਦੇਖਭਾਲ ਲਈ ਅਰਦਾਸ ਕੀਤੀ। ਡਾ: ਹਿਤੇਂਦਰ ਸੂਰੀ ਨੇ ਕਿਹਾ ਕਿ ਰਾਣਾ ਹਸਪਤਾਲ ਨੇ ਪਿਛਲੇ 23 ਸਾਲਾਂ ਵਿੱਚ ਕਈ ਰਿਕਾਰਡ ਕਾਇਮ ਕੀਤੇ ਹਨ। ਹਸਪਤਾਲ ਵੱਲੋਂ ਗਰੀਬ ਮਰੀਜ਼ਾਂ ਲਈ ਸਮੇਂ-ਸਮੇਂ ਕੈਂਪ ਵੀ ਲਗਾਏ ਗਏ। ਕੈਂਪ ਰਾਹੀਂ ਮਰੀਜ਼ਾਂ ਦਾ ਇਲਾਜ ਕੀਤਾ ਗਿਆ ਤੇ ਉਨ੍ਹਾਂ ਨੂੰ ਦਵਾਈਆਂ ਵੀ ਦਿੱਤੀਆਂ ਗਈਆਂ। ਇਸ ਮੌਕੇ ਹਸਪਤਾਲ ਵਿੱਚ ਆਏ ਮਰੀਜ਼ਾਂ ਨੇ ਹਸਪਤਾਲ ਵੱਲੋਂ ਮਰੀਜ਼ਾਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ ਦੀ ਸ਼ਲਾਘਾ ਕੀਤੀ। ਡਾ: ਹਿਤੇਂਦਰ ਸੂਰੀ ਕਈ ਧਾਰਮਿਕ ਤੇ ਸਮਾਜ ਸੇਵੀ ਸੰਸਥਾਵਾਂ ਨਾਲ ਜੁੜੇ ਹੋਏ ਹਨ, ਜਿਸ ਵਿੱਚ ਉਹ ਲੋਕਾਂ ਦਾ ਮੁਫਤ ਚੈੱਕਅਪ ਕਰਦੇ ਹਨ ਤੇ ਇਸ ਦੇ ਨਾਲ ਹੀ ਮਰੀਜ਼ਾਂ ਨੂੰ ਮੁਫਤ ਆਪ੍ਰੇਸ਼ਨ ਤੇ ਦਵਾਈਆਂ ਦੀ ਸਹੂਲਤ ਵੀ ਦਿੰਦੇ ਹਨ।



# ਪੀ ਜੀ ਆਈ 'ਚ ਠੇਕਾ ਵਰਕਰਾਂ ਦੀ ਹੜਤਾਲ ਕਾਰਨ ਵਿਵਸਥਾ ਠੱਪ

## ਮਰੀਜ਼ਾਂ ਨੂੰ ਹੋ ਰਹੀ ਭਾਰੀ ਪ੍ਰੇਸ਼ਾਨੀ



**ਸਮਰਾਲਾ (ਸੁਰਜੀਤ ਸਿੰਘ)**-ਪੀ ਜੀ ਆਈ ਚੰਡੀਗੜ੍ਹ ਵਿੱਚ ਬੀਤੇ ਪੰਜ-ਛੇ ਦਿਨਾਂ ਤੋਂ ਠੇਕਾ ਵਰਕਰਾਂ ਤੇ ਡਾਕਟਰਾਂ ਦੀ ਹੜਤਾਲ ਕਾਰਨ ਹਸਪਤਾਲ ਦੀ ਕਾਰਜਪ੍ਰਣਾਲੀ ਲਗਭਗ ਠੱਪ ਹੋ ਗਈ ਹੈ। ਪੀ ਜੀ ਆਈ ਪ੍ਰਸ਼ਾਸਨ ਵੱਲੋਂ ਮਰੀਜ਼ਾਂ ਦੇ ਵੱਡੇ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਹੜਤਾਲੀ ਕਾਮਿਆਂ ਨੂੰ ਕੰਮ 'ਤੇ ਵਾਪਸ ਆ ਜਾਣ ਦੀਆਂ ਅਪੀਲਾਂ ਕੀਤੀਆਂ ਜਾ ਰਹੀਆਂ ਹਨ। ਮਿਲੀ ਜਾਣਕਾਰੀ ਮੁਤਾਬਕ ਦੂਰ-ਦੁਰਾਡੇ ਮੁਕਾਮਾਂ ਤੋਂ ਇਲਾਜ ਲਈ ਆਉਣ ਵਾਲੇ ਮਰੀਜ਼ ਜਾਂ ਤਾਂ ਬਿਨਾਂ ਇਲਾਜ ਦੇ ਵਾਪਸ ਮੁੜ ਰਹੇ ਹਨ ਜਾਂ ਫੇਰ ਉਨ੍ਹਾਂ ਨੂੰ ਦੂਜੇ ਸਰਕਾਰੀ ਜਾਂ ਪ੍ਰਾਈਵੇਟ ਹਸਪਤਾਲਾਂ ਵਿੱਚ ਧੱਕੇ ਖਾਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਓ ਪੀ ਡੀ ਵਿੱਚ ਨਵੇਂ ਮਰੀਜ਼ਾਂ ਦੀ ਰਜਿਸਟ੍ਰੇਸ਼ਨ ਬੰਦ ਕਰ ਦਿੱਤੀ ਗਈ ਹੈ। ਕੰਟਰੈਕਟ ਵਾਰਡ ਅਟੈਂਡੈਂਟਸ ਯੂਨੀਅਨ ਦੇ ਪ੍ਰਧਾਨ ਰਾਜੇਸ਼ ਚੌਹਾਨ ਨੇ ਦੱਸਿਆ ਕਿ ਉਨ੍ਹਾਂ ਦੇ ਤਨਖਾਹ ਬਕਾਇਆਂ ਨੂੰ ਲੈ ਕੇ ਪਹਿਲਾਂ ਹੀ ਪੀ ਜੀ ਆਈ ਪ੍ਰਸ਼ਾਸਨ ਨੂੰ ਦੱਸ ਦਿੱਤਾ ਗਿਆ ਸੀ, ਪਰ ਉਨ੍ਹਾਂ ਵੱਲੋਂ ਕੋਈ ਸਮਾਧਾਨ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਮਰੀਜ਼ਾਂ ਦੀ ਤਕਲੀਫ ਦਾ ਉਨ੍ਹਾਂ ਨੂੰ ਵੀ ਅਹਿਸਾਸ ਹੈ, ਪਰ ਮਜਬੂਰਨ ਪ੍ਰਸ਼ਾਸਨ ਦੀ ਹਠਧਰਮੀ ਕਾਰਨ ਉਨ੍ਹਾਂ ਨੂੰ ਹੜਤਾਲ 'ਤੇ ਜਾਣਾ ਪੈ ਰਿਹਾ ਹੈ। ਇਸ ਦੌਰਾਨ ਪੀ ਜੀ ਆਈ ਦੇ ਡਾਇਰੈਕਟਰ ਵਿਵੇਕ ਲਾਲ ਨੇ ਹੜਤਾਲੀ ਕਰਮਚਾਰੀਆਂ ਨੂੰ ਇੱਕ ਭਾਵੁਕ ਅਪੀਲ ਕਰਦਿਆਂ ਕਿਹਾ ਕਿ ਮਰੀਜ਼ਾਂ ਦੀ ਦੇਖਭਾਲ ਉਨ੍ਹਾਂ ਦੀ ਪਹਿਲ ਹੋਣੀ ਚਾਹੀਦੀ ਹੈ। ਗੱਲਬਾਤ ਲਈ ਪ੍ਰਸ਼ਾਸਨ ਦੇ ਦਰਵਾਜ਼ੇ ਖੁੱਲ੍ਹੇ ਹਨ, ਪਰ ਮਰੀਜ਼ਾਂ ਦੀ ਭਲਾਈ 'ਤੇ ਕੋਈ ਸਮਝੌਤਾ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਹਸਪਤਾਲ ਦੇ ਸੁਚਾਰੂ ਸੰਚਾਲਣ ਲਈ ਕਰਮਚਾਰੀਆਂ ਤੇ ਵਲੰਟੀਅਰਜ਼ ਦੀ ਸ਼ਲਾਘਾ ਕੀਤੀ। ਮੈਡੀਕਲ ਸੁਪਰਡੈਂਟ ਪ੍ਰੋ. ਵਿਪਨ ਕੌਸ਼ਲ ਨੇ ਕਿਹਾ ਕਿ ਇਸ ਕਠਿਨ ਸਮੇਂ ਦੌਰਾਨ ਵੀ ਬਿਮਾਰਾਂ ਦੀ ਸੰਭਾਲ ਲਈ ਰੈਗੂਲਰ ਕਰਮਚਾਰੀਆਂ ਤੇ ਸਵੈ ਇੱਛਕਾਂ ਦੀ ਮਦਦ ਨਾਲ ਪ੍ਰਸ਼ਾਸਨ ਦੀ ਕੋਸ਼ਿਸ਼ ਜਾਰੀ ਹੈ ਕਿ ਮਰੀਜ਼ਾਂ ਦੀ ਸਾਂਭ ਸੰਭਾਲ 'ਤੇ ਘੱਟੋ ਘੱਟ ਅਸਰ ਪਵੇ। ਉਨ੍ਹਾਂ ਹੜਤਾਲੀ ਮੁਲਾਜ਼ਮਾਂ ਨੂੰ ਕੰਮ 'ਤੇ ਵਾਪਸ ਆਉਣ ਦੀ ਅਪੀਲ ਕੀਤੀ ਹੈ। ਇਸ ਦੌਰਾਨ ਮਿਲੀ ਜਾਣਕਾਰੀ ਅਨੁਸਾਰ ਮਰੀਜ਼ਾਂ ਦੇ ਵਡੇਰੇ ਹਿੱਤਾਂ ਦੇ ਮੱਦੇਨਜ਼ਰ ਕੁੱਝ ਕਰਮਚਾਰੀਆਂ ਦੇ ਕੰਮ 'ਤੇ ਵਾਪਸ ਆਉਣ ਦਾ ਸਮਾਚਾਰ ਵੀ ਹੈ।

# ਮਾਲਕ ਸਿੰਘ ਦੇ ਸਿਰ ਸਜਿਆ ਸ਼ੇਰਗੜ੍ਹ ਦੀ ਸਰਪੰਚੀ ਦਾ ਤਾਜ

## ਵੋਟਾਂ ਬਰਾਬਰ ਰਹਿਣ ਮਗਰੋਂ ਪਰਚੀ ਨਾਲ ਹੋਇਆ ਫੈਸਲਾ



ਪਰਚੀ ਨਾਲ ਪਿੰਡ ਸ਼ੇਰਗੜ੍ਹ ਦੇ ਸਰਪੰਚ ਬਣੇ ਮਾਲਕ ਸਿੰਘ ਪਿੰਡ ਵਾਸੀਆਂ ਦਾ ਧੰਨਵਾਦ ਕਰਦੇ ਹੋਏ।

**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**-ਬਲਾਕ ਪਾਤੜਾਂ ਅਧੀਨ ਆਉਂਦੇ ਘੱਗਰ ਪਾਰਲੇ ਪਿੰਡ ਸ਼ੇਰਗੜ੍ਹ ਦੀਆਂ ਹੋਈਆਂ ਪੰਚਾਇਤੀ ਚੋਣਾਂ ਦੌਰਾਨ ਚੋਣ ਲੜ ਰਹੇ ਦੋ ਉਮੀਦਵਾਰਾਂ ਵਿੱਚ ਹੋਏ ਰੌਚਕ ਮੁਕਾਬਲੇ ਨੇ ਸਭ ਨੂੰ ਹੈਰਾਨ ਕਰਕੇ ਰੱਖ ਦਿੱਤਾ ਹੈ।ਚੋਣ ਲੜ ਰਹੇ ਦੋ ਪ੍ਰਮੁੱਖ ਉਮੀਦਵਾਰਾਂ ਦੀਆਂ ਵੋਟਾਂ ਬਰਾਬਰ-ਬਰਾਬਰ ਰਹਿਣ ਮਗਰੋਂ ਬੁੱਧਵਾਰ ਸਵੇਰੇ ਦੋਵਾਂ ਧਿਰਾਂ ਦਰਮਿਆਨ ਪਰਚੀ ਪਾ ਕੇ ਅੰਤਿਮ ਫੈਸਲਾ ਕੀਤਾ ਗਿਆ। ਇਸ ਫੈਸਲੇ ਦੌਰਾਨ ਸਰਪੰਚੀ ਦਾ ਤਾਜ਼ ਮਾਲਕ ਸਿੰਘ ਦੇ ਸਿਰ ਸੱਜ ਗਿਆ ਹੈ।

ਜਾਣਕਾਰੀ ਅਨੁਸਾਰ ਪਿੰਡ ਸ਼ੇਰਗੜ੍ਹ ਦੇ ਸਰਪੰਚੀ ਦੇ ਵੱਕਾਰੀ ਅਹੁਦੇ ਲਈ ਚਾਰ ਉਮੀਦਵਾਰ ਮੈਦਾਨ ਵਿੱਚ ਸਨ।ਸ਼ਾਂਤਮਈ ਹੋਈ ਪੋਲਿੰਗ ਮਗਰੋਂ ਵੋਟਾਂ ਦੀ ਗਿਣਤੀ ਵਕਤ ਸਥਿਤੀ ਉਸ ਸਮੇਂ ਹੈਰਾਨਕੁਨ ਹੋ ਗਈ, ਜਦੋਂ ਸਰਪੰਚੀ ਦੇ ਅਹੁਦੇ ਦੇ ਦਾਅਵੇਦਾਰ ਹਰਭਜਨ ਸਿੰਘ ਸੰਧੂ ਤੇ ਮਾਲਕ ਸਿੰਘ ਨੂੰ ਬਰਾਬਰ ਬਰਾਬਰ 531 ਵੋਟਾਂ ਹਾਸਲ ਹੋਈਆਂ।ਤੀਜੇ ਨੰਬਰ ਉੱਤੇ ਉਮੀਦਵਾਰ ਜਸਵਿੰਦਰ ਸਿੰਘ ਨੂੰ 311 ਤੇ ਚੌਥੇ ਨੰਬਰ ਉੱਤੇ ਰਹਿਣ ਵਾਲੇ ਉਮੀਦਵਾਰ ਲਖਵਿੰਦਰ ਸਿੰਘ ਨੂੰ 178 ਵੋਟਾਂ ਹਾਸਲ ਹੋਈਆਂ।ਇਸ ਦੌਰਾਨ ਅੱਜ ਸਵੇਰੇ ਪੋਲਿੰਗ ਪਾਰਟੀ ਦੀ ਹਾਜ਼ਰੀ ਵਿੱਚ ਸਰਪੰਚੀ ਦੇ ਪ੍ਰਮੁੱਖ ਦੋਵਾਂ ਦਾਅਵੇਦਾਰਾਂ ਦੀਆਂ ਪਰਚੀਆਂ ਪਾਈਆਂ ਗਈਆਂ, ਜਿਸ ਵਿੱਚ ਸਰਪੰਚੀ ਦਾ ਫਤਵਾ ਮਾਲਕ ਸਿੰਘ ਦੇ ਹੱਕ ਵਿੱਚ ਚਲਾ ਗਿਆ।ਸਰਪੰਚ ਚੁਣੇ ਜਾਣ ਉਪਰੰਤ ਮਾਲਕ ਸਿੰਘ ਨੇ ਨਗਰ ਨਿਵਾਸੀਆਂ ਦਾ ਧੰਨਵਾਦ ਕਰਦੇ ਹੋਏ ਗੁਰੂ ਘਰ ਜਾ ਕੇ ਮੱਥਾ ਟੇਕਿਆ ਤੇ ਪਿੰਡ ਵਿੱਚ ਧੰਨਵਾਦੀ ਦੌਰਾ ਕੀਤਾ।ਉਨ੍ਹਾਂ ਕਿਹਾ ਕਿ ਭਾਵੇਂ ਮੁਕਾਬਲਾ ਸਖਤ ਸੀ, ਪਰ ਪ੍ਰਮਾਤਮਾ ਵੱਲੋਂ ਕੀਤੀ ਗਈ ਬਖਸ਼ਿਸ਼ ਕਰਕੇ ਉਨ੍ਹਾਂ ਨੂੰ ਪਿੰਡ ਦੇ ਸਰਪੰਚ ਬਣਨ ਦਾ ਮਾਣ ਹਾਸਲ ਹੋਇਆ ਹੈ ਅਤੇ ਉਹ ਪਿੰਡ ਦੇ ਸਰਬਪੱਖੀ ਵਿਕਾਸ ਲਈ ਬਿਨਾਂ ਕਿਸੇ ਧੜੇਬੰਦੀ ਤੋਂ ਕੰਮ ਕਰਨਗੇ।

# ਪੰਜਾਬ ਪੈਨਸ਼ਨਰਜ਼ ਯੂਨੀਅਨ ਦੀ ਸੂਬਾ ਕਮੇਟੀ ਦੀ ਮੀਟਿੰਗ ਅੱਜ



**ਮੋਗਾ (ਇਕਬਾਲ ਸਿੰਘ ਖਹਿਰਾ)**-ਪੰਜਾਬ ਪੈਨਸ਼ਨਰਜ਼ ਯੂਨੀਅਨ (ਸਬੰਧਤ ਏਟਕ) ਤੇ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1680, ਸੈਕਟਰ 22ਬੀ ਚੰਡੀਗੜ੍ਹ ਦੀ ਸੂਬਾਈ ਕਾਰਜਕਾਰਨੀ ਕਮੇਟੀ ਅਤੇ ਸਮੂਹ ਬਰਾਂਚਾਂ ਦੇ ਪ੍ਰਧਾਨ ਤੇ ਜਨਰਲ ਸਕੱਤਰਾਂ ਦੀ ਇੱਕ ਮੀਟਿੰਗ 17 ਅਕਤੂਬਰ ਨੂੰ ਸਵੇਰੇ ਠੀਕ 11 ਵਜੇ ਕਾਮਰੇਡ ਜਸਵੰਤ ਸਿੰਘ ਸਮਰਾ ਭਵਨ ਨੇੜੇ ਬੱਸ ਸਟੈਂਡ ਜਲੰਧਰ ਵਿਖੇ ਰੱਖੀ ਗਈ ਹੈ।

ਇਹ ਜਾਣਕਾਰੀ ਦਿੰਦਿਆਂ ਜਥੇਬੰਦੀ ਦੇ ਸੂਬਾ ਸਰਪ੍ਰਸਤ ਚਰਨ ਸਿੰਘ ਸਰਾਭਾ, ਸੂਬਾ ਵਰਕਿੰਗ ਚੇਅਰਮੈਨ ਅਵਤਾਰ ਸਿੰਘ ਗਗੜਾ, ਸੂਬਾ ਪ੍ਰਧਾਨ ਜਗਦੀਸ਼ ਸਿੰਘ ਚਾਹਲ, ਸੀਨੀਅਰ ਮੀਤ ਪ੍ਰਧਾਨ ਜਗਤਾਰ ਸਿੰਘ ਭੁੰਗਰਨੀ ਤੇ ਗੁਰਜੀਤ ਸਿੰਘ ਘੋੜੇਵਾਹ, ਜਨਰਲ ਸਕੱਤਰ ਪ੍ਰੇਮ ਚਾਵਲਾ, ਐਡੀਸ਼ਨਲ ਜਨਰਲ ਸਕੱਤਰ ਸੱਤਿਆਪਾਲ ਗੁਪਤਾ, ਮੁੱਖ ਜਥੇਬੰਦਕ ਸਕੱਤਰ ਅਵਤਾਰ ਸਿੰਘ ਤਾਰੀ, ਮੁੱਖ ਸਲਾਹਕਾਰ ਗੁਰਮੇਲ ਸਿੰਘ ਮੈਲਡੇ, ਸਲਾਹਕਾਰ ਗੁਰਬਖਸ਼ ਸਿੰਘ ਢਿੱਲੋਂ, ਵਿੱਤ ਸਕੱਤਰ ਪ੍ਰਿਤਪਾਲ ਸਿੰਘ ਪੰਡੋਰੀ, ਮੀਤ ਪ੍ਰਧਾਨ ਸਵਰਨ ਸਿੰਘ ਹਠੂਰ, ਸੁੱਚਾ ਸਿੰਘ ਅਜਨਾਲਾ, ਨਸੀਬ ਸਿੰਘ ਜੜੌਤ, ਜਗਮੇਲ ਸਿੰਘ ਪੱਖੋਵਾਲ, ਪ੍ਰੈੱਸ ਸਕੱਤਰ ਕੁਲਵੰਤ ਸਿੰਘ ਚਾਨੀ ਤੇ ਭੁਪਿੰਦਰ ਸਿੰਘ ਸੇਖੋਂ ਨੇ ਦੱਸਿਆ ਹੈ ਕਿ ਮੀਟਿੰਗ ਦੌਰਾਨ ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਵੱਲੋਂ 2 ਅਕਤੂਬਰ ਨੂੰ ਅੰਬਾਲਾ ਵਿਖੇ ਕੀਤੇ ਗਏ ਐਕਸ਼ਨ ਦਾ ਰੀਵਿਊ, ਪੰਜਾਬ ਰੋਡਵੇਜ਼ ਮੁਲਾਜ਼ਮਾਂ ਤੇ ਪੀ ਆਰ ਟੀ ਸੀ ਮੁਲਾਜ਼ਮਾਂ ਦੀ ਸਾਂਝੀ ਐਕਸ਼ਨ ਕਮੇਟੀ ਵੱਲੋਂ 13 ਸਤੰਬਰ ਨੂੰ ਲੁਧਿਆਣਾ ਵਿਖੇ ਸੂਬਾਈ ਰੈਲੀ ਦਾ ਰੀਵਿਊ ਕੀਤਾ ਜਾਵੇਗਾ। ਇਸ ਤੋਂ ਇਲਾਵਾ 21 ਅਕਤੂਬਰ 2024 ਨੂੰ ਬੱਸ ਸਟੈਂਡ ਮੋਗਾ ਵਿਖੇ ਸ਼ਹੀਦ ਕਾਮਰੇਡ ਨਛੱਤਰ ਸਿੰਘ ਧਾਲੀਵਾਲ ਦੀ 36ਵੀਂ ਬਰਸੀ ਮਨਾਉਣ ਤੇ ਪ੍ਰੋਗਰਾਮ ਨੂੰ ਸਫਲ ਬਣਾਉਣ ਬਾਰੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ।

ਇਸ ਦੇ ਨਾਲ ਹੀ 8 ਨਵੰਬਰ ਨੂੰ ਤਰਨਤਾਰਨ ਵਿਖੇ ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰਜ਼ ਯੂਨੀਅਨ ਵੱਲੋਂ ਕੀਤੀ ਜਾ ਰਹੀ ਸੂਬਾ ਪੱਧਰੀ ਰੈਲੀ ਤੇ 9 ਨਵੰਬਰ ਨੂੰ ਨਵੀਂ ਸੂਬਾ ਕਮੇਟੀ ਦੀ ਚੋਣ ਕਰਨ ਲਈ ਸੂਬਾਈ ਕਾਨਫਰੰਸ ਦੀਆਂ ਤਿਆਰੀਆਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਜਾਵੇਗਾ। ਇਸ ਤੋਂ ਇਲਾਵਾ ਭਾਰਤ ਦੇ ਚੋਣ ਕਮਿਸ਼ਨ ਵੱਲੋਂ ਪੰਜਾਬ ਵਿਧਾਨ ਸਭਾ ਦੀਆਂ ਚਾਰ ਜ਼ਿਮਨੀ ਚੋਣਾਂ ਬਰਨਾਲਾ, ਗਿੱਦੜਬਾਹਾ, ਡੇਰਾ ਬਾਬਾ ਨਾਨਕ ਤੇ ਚੱਬੇਵਾਲ ਜੋ ਕਿ 13 ਨਵੰਬਰ ਨੂੰ ਕਰਵਾਈਆਂ ਜਾ ਰਹੀਆਂ ਹਨ, ਸਬੰਧੀ ਅਗਲੀ ਰਣਨੀਤੀ ਤੈਅ ਕੀਤੀ ਜਾਵੇਗੀ।

# ਵਿਧਾਇਕ ਪੰਡੋਰੀ ਦੇ ਮੁੱਖ ਸਲਾਹਕਾਰ ਪਿੰਡ ਕੁਰੜ ਦੀ ਸਰਪੰਚੀ ਜਿੱਤੇ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਚੋਣ ਕਮਿਸ਼ਨ ਵੱਲੋਂ ਪੰਜਾਬ ਅੰਦਰ ਕਰਵਾਈਆਂ ਪੰਚਾਇਤੀ ਚੋਣਾਂ ਆਏ ਨਤੀਜਿਆਂ ਵਿੱਚੋ ਬਲਾਕ ਮਹਿਲ ਕਲਾਂ ਅਧੀਨ ਪੈਂਦੇ ਪਿੰਡ ਕੁਰੜ ਤੋਂ ਸਰਪੰਚੀ ਦੀ ਚੋਣ ਲੜ ਰਹੇ ਉਮੀਦਵਾਰ ਸੁਖਵਿੰਦਰ ਦਾਸ ਬਾਵਾ ਮੁੱਖ ਸਲਾਹਕਾਰ (ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ) ਨੇ ਆਪਣੇ ਨੇੜਲੇ ਵਿਰੋਧੀ ਉਮੀਦਵਾਰ ਹਰਪਾਲ ਸਿੰਘ ਨੂੰ ਹਰਾ ਕੇ ਸਰਪੰਚੀ ਦੀ ਚੋਣ ਜਿੱਤੀ। ਇਸ ਮੌਕੇ ਪਿੰਡ ਵਾਸੀਆਂ ਤੇ ਵੋਟਰਾਂ ਤੇ ਸਪੋਟਰਾਂ ਵੱਲੋਂ ਬਾਵਾ ਦੇ ਸਰਪੰਚ ਬਣਨ ਦੀ ਖੁਸ਼ੀ ਵਿੱਚ ਢੋਲ ਢਮੱਕੇ ਵਜਾ ਕੇ ਖੁਸ਼ੀ ਮਨਾਉਂਦਿਆਂ ਉਨ੍ਹਾਂ ਦਾ ਭਰਵਾਂ ਸਵਾਗਤ ਕੀਤਾ ਗਿਆ।ਇਸ ਮੌਕੇ ਸਰਪੰਚੀ ਦੀ ਚੋਣ ਜਿੱਤੇ ਸੁਖਵਿੰਦਰ ਦਾਸ ਬਾਵਾ ਨੇ ਪਿੰਡ ਵਾਸੀਆਂ ਵੋਟਰਾਂ ਸਪੋਰਟਰਾਂ ਤੇ ਪ੍ਰਸ਼ਾਸਨ ਦੇ ਅਧਿਕਾਰੀਆਂ ਦਾ ਧੰਨਵਾਦ ਕਰਦੇ ਹਾਂ ਕਿ ਹਾਂ ਕਿ ਜੋ ਮਾਨ ਸਨਮਾਨ ਮੈਨੂੰ ਦਿੱਤਾ ਗਿਆ, ਉਸ ਦਾ ਮੈਂ ਸਦਾ ਲਈ ਰਿਣੀ ਰਹਾਂਗਾ।ਉਨ੍ਹਾਂ ਕਿਹਾ ਕਿ ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਰਾਹੀਂ ਪੰਜਾਬ ਦੇ ਮੁੱਖ ਮੰਤਰੀ ਤੱਕ ਪਹੁੰਚ ਕਰਕੇ ਦੇ ਵਿਕਾਸ ਕਾਰਜਾਂ ਲਈ ਗ੍ਰਾਂਟਾਂ ਲਿਆ ਕੇ ਪਿੰਡ ਨੂੰ ਖਸ਼ਹਾਲੀ ਤੇ ਤਰੱਕੀ ਦੇ ਰਾਹ 'ਤੇ ਤੋਰਨ ਲਈ ਪਿੰਡ ਨੂੰ ਇੱਕ ਨਮੂਨੇ ਦਾ ਪਿੰਡ ਬਣਾਇਆ ਜਾਵੇਗਾ।ਉਨ੍ਹਾਂ ਕਿਹਾ ਕਿ ਜੋ ਜ਼ਿੰਮੇਵਾਰੀ ਮੈਨੂੰ ਪਿੰਡ ਪੱਧਰ 'ਤੇ ਦਿੱਤੀ ਗਈ ਆ, ਉਸ ਨੂੰ ਮੈਂ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਵਾਂਗਾ ਅਤੇ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਵਿਕਾਸ ਕਾਰਜਾਂ ਨੂੰ ਤਰਜੀਹ ਦਿੱਤੀ ਜਾਵੇਗੀ ਅਤੇ ਹਰ ਇੱਕ ਵਿਅਕਤੀ ਨੂੰ ਪੂਰਾ ਬਣਦਾ ਮਾਣ-ਸਤਿਕਾਰ ਦਿੱਤਾ ਜਾਵੇਗਾ।ਉਨ੍ਹਾ ਕਿਹਾ ਕਿ ਕਿਸੇ ਵੀ ਵਿਅਕਤੀ ਨਾਲ ਕੋਈ ਵਧੀਕੀ ਨਹੀਂ ਹੋਣ ਦਿੱਤੀ ਜਾਵੇਗੀ।

# ਮਾਨਸਾ ਖੁਰਦ ਦੀ ਫਰੈਸ਼ ਪੋਲਿੰਗ ਅਮਨ-ਅਮਾਨ ਨਾਲ ਮੁਕੰਮਲ

## 75.87 ਪ੍ਰਤੀਸ਼ਤ ਹੋਈ ਪੋਲਿੰਗ



**ਮਾਨਸਾ (ਆਤਮਾ ਸਿੰਘ ਪਮਾਰ) :** ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਸ਼੍ਰੀ ਕੁਲਵੰਤ ਸਿੰਘ ਨੇ ਦੱਸਿਆ ਕਿ ਕਿਸੇ ਕਾਰਨਾਂ ਕਰਕੇ 15 ਅਕਤੂਬਰ ਨੂੰ ਰੱਦ ਹੋਈ ਮਾਨਸਾ ਖੁਰਦ ਦੀ ਚੋਣ ਸਬੰਧੀ ਫਰੈਸ਼ ਪੋਲ 16 ਅਕਤੂਬਰ ਨੂੰ ਮਾਨਸਾ ਖੁਰਦ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿਖੇ ਕਰਵਾਈ ਗਈ ਜੋ ਪੂਰੇ ਅਮਨ-ਅਮਾਨ ਨਾਲ ਨੇਪਰੇ ਚੜ੍ਹੀ।

ਇਸ ਤੋਂ ਪਹਿਲਾਂ ਜ਼ਿਲ੍ਹਾ ਚੋਣ ਅਫ਼ਸਰ ਨੇ ਮਾਨਸਾ ਖੁਰਦ ਵਿਖੇ ਦੌਰਾ ਕਰਕੇ ਕਰਵਾਈ ਜਾ ਰਹੀ ਪੋਲਿੰਗ ਪ੍ਰਕਿਰਿਆ ਦਾ ਜਾਇਜ਼ਾ ਲਿਆ ਤੇ ਚੋਣ ਅਮਲੇ ਨੂੰ ਪੂਰੀ ਪਾਰਦਰਸ਼ਤਾ ਤੇ ਨਿਰਪੱਖ ਢੰਗ ਨਾਲ ਵੋਟਿੰਗ ਅਤੇ ਗਿਣਤੀ ਕਰਨ ਦੇ ਨਿਰਦੇਸ਼ ਜਾਰੀ ਕੀਤੇ।ਉਨ੍ਹਾਂ ਵੋਟਰਾਂ ਨੂੰ ਬਿਨ੍ਹਾਂ ਕਿਸੇ ਡਰ ਤੇ ਭੈਅ ਦੇ ਆਪਣੇ ਮਤਦਾਨ ਦੀ ਅਪੀਲ ਵੀ ਕੀਤੀ।

ਉਨ੍ਹਾਂ ਦੱਸਿਆ ਕਿ ਮਾਨਸਾ ਖੁਰਦ ਵਿਖੇ ਕਰਵਾਈ ਗਈ ਫਰੈਸ਼ ਪੋਲ ਦੌਰਾਨ ਲੋਕਾਂ ਨੇ ਆਪਣਾ ਪੂਰਾ ਉਤਸ਼ਾਹ ਦਿਖਾਇਆ ਤੇ 75.87 ਫੀਸਦੀ ਵੋਟਾਂ ਪੋਲ ਹੋਈਆਂ।ਉਨ੍ਹਾਂ ਮਾਨਸਾ ਖੁਰਦ ਦੇ ਵੋਟਰਾਂ ਦਾ ਸ਼ਾਂਤਮਈ ਤੇ ਏਕੇ ਦਾ ਸਬੂਤ ਦਿੰਦੇ ਹੋਏ ਵੋਟਾਂ ਭੁਗਤਾਉਣ ਲਈ ਧੰਨਵਾਦ ਵੀ ਕੀਤਾ।

# ਕਿਸਾਨੀ ਮੰਗਾਂ ਨੂੰ ਲੈ ਕੇ ਬੀ ਕੇ ਯੂ ਏਕਤਾ ਉਗਰਾਹਾਂ ਵੱਲੋਂ ਮੀਟਿੰਗ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ) :** ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਜ਼ਿਲ੍ਹਾ ਪ੍ਰਧਾਨ ਅਮਰੀਕ ਸਿੰਘ ਗੰਢੂਆਂ ਤੇ ਜ਼ਿਲ੍ਹਾ ਜਨਰਲ ਸਕੱਤਰ ਦਰਬਾਰਾ ਸਿੰਘ ਛਾਜਲਾ ਦੀ ਅਗਵਾਈ ਅਧੀਨ ਮੀਟਿੰਗ ਸੁਨਾਮ ਦੇ ਗੁਰੂਘਰ ਸੱਚਖੰਡ ਸਾਹਿਬ ਵਿਖੇ ਕੀਤੀ ਗਈ।ਇਸ ਮੀਟਿੰਗ ਦੌਰਾਨ ਸੂਬੇ ਦੇ ਮੀਤ ਪ੍ਰਧਾਨ ਜਨਕ ਸਿੰਘ ਭੁਟਾਲ ਤੇ ਸੂਬਾ ਪ੍ਰਚਾਰ ਸਕੱਤਰ ਜਗਤਾਰ ਸਿੰਘ ਕਾਲਾਝਾੜ ਵਿਸ਼ੇਸ਼ ਤੌਰ 'ਤੇ ਪਹੁੰਚੇ।ਮੀਟਿੰਗ ਦੌਰਾਨ ਕਿਸਾਨ ਆਗੂਆਂ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਮੌਕੇ ਦੀ ਭਾਜਪਾ ਹਕੂਮਤ ਅਤੇ ਮੌਕੇ ਦੀ ਭਗਵੰਤ ਮਾਨ ਸਰਕਾਰ ਝੋਨੇ ਦੀ ਜੋ ਖਰੀਦ ਹੈ, ਇਸ ਨੂੰ ਪੂਰੀ ਢਿੱਲ ਵਰਤ ਰਹੀਆਂ ਹਨ, ਸਾਡੇ ਕਿਸਾਨ ਤੇ ਮਜ਼ਦੂਰ ਮੰਡੀਆਂ ਦੇ ਵਿੱਚ 10-10 ਦਿਨਾਂ ਤੋਂ ਜੋ ਰਾਤਾਂ ਕੱਟ ਰਹੇ ਨੇ, ਪਰ ਸਰਕਾਰਾਂ ਇਹ ਝੂਠ ਬੋਲ ਰਹੀਆਂ ਸਾਡੇ ਕੋਲ ਥਾਂ ਨਹੀਂ, ਕਿਉਂਕਿ ਥਾਂ ਪੰਜ ਸੱਤ ਮਹੀਨੇ ਪਹਿਲਾਂ ਜੋ ਭਗਵੰਤ ਮਾਨ ਦੀ ਸਰਕਾਰ ਹੈ, ਉਸ ਦੀ ਜ਼ਿੰਮੇਵਾਰੀ ਬਣਦੀ ਸੀ ਕਿ ਕਿਸਾਨਾਂ ਨੂੰ ਜ਼ੀਰੀ ਰੱਖਣ ਲਈ ਜਗ੍ਹਾ ਦਾ ਬੰਦੋਬਸਤ ਕਰਦੇ ਅਸਲ ਵਿੱਚ ਮੌਕੇ ਦੀ ਸਰਕਾਰ ਕਾਰਪੋਰੇਟ ਘਰਾਣੇ ਦੀਆਂ ਜੋ ਨੀਤੀਆਂ ਨੇ ਉਨ੍ਹਾਂ ਨੂੰ ਲਾਗੂ ਕਰਕੇ ਕਿਸਾਨ ਦੇ ਹੱਥ ਨੇ ਜਿਹੜੇ ਖੜਾ ਕਰਾਉਣਾ ਚਾਹੁੰਦੀ ਹੈ, ਵੀ ਕਿਸਾਨ ਝੋਨਾ ਤੇ ਕਣਕ ਨਾ ਬੀਜਣ ਕਿਸਾਨਾਂ ਦੀ ਮਜਬੂਰੀ ਹੈ, ਕਿਸਾਨਾਂ ਨੂੰ ਕਿਸੇ ਵੀ ਫਸਲ 'ਤੇ ਜਿਹੜੀ ਐੱਮ ਐੱਸ ਪੀ, ਉਹ ਸਹੀ ਢੰਗ ਨਾਲ ਨਹੀਂ ਮਿਲ ਰਹੀ ਤੇ ਜੋ ਲਾਗਤ ਖਰਚੇ ਹਨ, ਉਹ ਬਹੁਤ ਵਧ ਗਏ ਹਨ।ਕਿਸਾਨਾਂ ਨੇ ਪ੍ਰੈੱਸ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਪੂਰੇ ਪੰਜਾਬ ਦੇ ਵਿੱਚ ਜੋ ਡੀਏਪੀ ਦੀ ਕਮੀ ਆਈ ਹੋਈ ਹੈ ਜਾਣ ਬੁੱਝ ਕੇ ਜਿਹੜੀ ਨਕਲੀ ਥੁੜ ਕੀਤੀ ਗਈ ਹੈ, ਕਿਉਂਕਿ ਕਾਰਪੋਰੇਟ ਘਰਾਣੇ ਮੋਟਾ ਪੈਸਾ ਬਣਾਉਂਦੇ ਹਨ ਤੇ ਪਿਛਲੇ ਦਿਨੀਂ ਸੰਗਰੂਰ ਵਿੱਚ ਨਕਲੀ ਡੀ ਏ ਪੀ ਫੜੀ ਗਈ, ਜਿਸ ਵਿੱਚ ਤੱਤ ਜ਼ੀਰੋ % ਹਨ, ਪਰ ਸਰਕਾਰ ਸੁੱਤੀ ਪਈ ਹੈ ਤੇ ਝੋਨੇ ਦੀ ਜੋ ਢਿੱਲੀ ਮੱਠੀ ਜੋ ਖਰੀਦ ਹੋ ਰਹੀ ਹੈ, ਇਸ ਨੂੰ ਲੈ ਕੇ 17 ਅਕਤੂਬਰ 2024 ਨੂੰ ਪੰਜਾਬ ਵਿੱਚ ਕੁੱਲ ਟੋਲ ਪਲਾਜ਼ੇ ਬਿਲਕੁਲ ਫਰੀ ਕੀਤੇ ਜਾਣਗੇ। ਜਿਵੇਂ ਕਿ ਸੰਗਰੂਰ ਜ਼ਿਲ੍ਹੇ ਵਿੱਚ ਜੋ ਆਪਣਾ ਕਾਲਾਝਾੜ ਟੋਲ ਪਲਾਜ਼ਾ ਉਹ ਬਿਲਕੁਲ ਮੁਕੰਮਲ ਤੌਰ 'ਤੇ ਬੰਦ ਕੀਤਾ ਜਾਵੇਗਾ, ਚੋਟੀਆਂ ਵਾਲਾ ਜੋ ਟੋਲ ਪਲਾਜ਼ਾ ਮੂਣਕ ਤੇ ਲਹਿਰਾ ਬਲਾਕ ਉਹ ਟੋਲ ਪਲਾਜ਼ਾ ਬੰਦ ਕਰਨਗੇ ਅਤੇ 18 ਅਕਤੂਬਰ 2024 ਨੂੰ ਹਰਪਾਲ ਚੀਮਾ ਵਿੱਤ ਮੰਤਰੀ ਦੇ ਦਰਾਂ ਅੱਗੇ ਦਿੜ੍ਹਬਾ ਵਿੱਚ ਕਿਸਾਨ ਬੈਠਣਗੇ ਤੇ ਅਰਵਿੰਦ ਖੰਨਾ, ਜੋਕਿ ਭਾਜਪਾ ਨਾਲ ਸੰਬੰਧਤ ਹੈ, ਸੰਗਰੂਰ ਤੇ ਧੂਰੀ ਬਲਾਕ ਉਸ ਦੇ ਗੇਟ ਅੱਗੇ ਬੈਠਣਗੇ ਅਤੇ ਜੋ ਸੁਨਾਮ ਬਲਾਕ ਹੈ ਉਹ ਅਮਨ ਅਰੋੜਾ ਮੰਤਰੀ ਦੀ ਕੋਠੀ ਅੱਗੇ ਪੱਕਾ ਮੋਰਚਾ ਲਾਉਣਗੇ। ਇਹ ਮੋਰਚਾ ਉਨ੍ਹਾ ਸਮਾਂ ਰੱਖਿਆ ਜਾਵੇਗਾ ਤੇ ਇਹ ਟੋਲ ਪਲਾਜ਼ੇ ਉਨ੍ਹਾ ਸਮਾਂ ਬੰਦ ਰੱਖੇ ਜਾਣਗੇ, ਜਿੰਨਾ ਸਮਾਂ ਸਾਡੇ ਕਿਸਾਨਾਂ ਦੀ ਫਸਲ ਹੈ, ਜਿਹੜੀ ਝੋਨੇ ਦੀ ਦਾਣਾ ਦਾਣਾ ਵਿਕ ਨਹੀਂ ਜਾਂਦੀ ਤੇ ਮੁਕੰਮਲ ਤੌਰ ਤੇ ਮੰਡੀਆਂ ਵਿੱਚ ਖਰੀਦ ਸ਼ੁਰੂ ਨਹੀਂ ਕੀਤੀ ਜਾਂਦੀ।ਉਨ੍ਹਾਂ ਕਿਸਾਨ ਭਰਾਵਾਂ, ਭੈਣਾਂ ਤੇ ਮਜ਼ਦੂਰਾਂ ਨੂੰ ਬੇਨਤੀ ਕੀਤੀ ਕਿ ਵੱਧ ਤੋਂ ਵੱਧ ਇਨ੍ਹਾਂ ਮੋਰਚਿਆਂ ਵਿੱਚ ਪਹੁੰਚ ਕੇ ਸੰਬੰਧਤ ਮੰਗਾਂ ਵੱਲ ਵੀ ਸਰਕਾਰ ਨੂੰ ਵਿਸ਼ੇਸ਼ ਤੌਰ 'ਤੇ ਧਿਆਨ ਦੇਣਾ ਚਾਹੀਦਾ।ਮੀਟਿੰਗ ਵਿੱਚ ਜ਼ਿਲ੍ਹਾ ਮੀਤ ਪ੍ਰਧਾਨ ਬਹਾਲ ਸਿੰਘ ਢੀਂਡਸਾ, ਲਹਿਰਾ ਬਲਾਕ ਦੇ ਪ੍ਰਧਾਨ ਬਹਾਦਰ ਸਿੰਘ ਭੁਟਾਲ, ਸੁਨਾਮ ਬਲਾਕ ਪ੍ਰਧਾਨ ਜਸਵੰਤ ਸਿੰਘ ਤੋਲਾਵਾਲ, ਮੂਣਕ ਬਲਾਕ ਜਨਰਲ ਸਕੱਤਰ ਰਿੰਕੂ ਮੂਣਕ, ਸੰਗਰੂਰ ਬਲਾਕ ਦੇ ਪ੍ਰਧਾਨ ਰਣਜੀਤ ਸਿੰਘ ਲੌਂਗੋਵਾਲ ਤੇ ਧੂਰੀ ਬਲਾਕ ਤੋਂ ਰਾਮ ਸਿੰਘ ਕੱਕੜਵਾਲ, ਭਵਾਨੀਗੜ੍ਹ ਬਲਾਕ ਅਜੈਬ ਸਿੰਘ ਲੱਖੇਵਾਲ ਆਦਿ ਮੌਜੂਦ ਸਨ।

# ਪ੍ਰੋਫੈਸਰ ਸਾਈ ਬਾਬਾ ਨੂੰ ਵੱਖ-ਵੱਖ ਜਥੇਬੰਦੀਆਂ ਵੱਲੋਂ ਸ਼ਰਧਾਂਜਲੀਆਂ



**ਮੋਗਾ (ਇਕਬਾਲ ਸਿੰਘ ਖਹਿਰਾ)**-ਨੇਚਰ ਪਾਰਕ ਮੋਗਾ ਵਿਖੇ ਵੱਖ ਵੱਖ ਜਥੇਬੰਦੀਆਂ ਨੇ ਪ੍ਰੋਫੈਸਰ ਜੀ ਐੱਨ ਸਾਈਬਾਬਾ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਦੋ ਮਿੰਟ ਦਾ ਮੋਨ ਧਾਰ ਕੇ ਅਤੇ ਨਾਅਰੇ ਲਗਾ ਕੇ ਸ਼ਰਧਾਂਜਲੀ ਦਿੱਤੀ ਗਈ। ਸ਼ਰਧਾਂਜਲੀ ਸਮਾਗਮ ਨੂੰ ਲੋਕ ਸੰਗਰਾਮ ਮੋਰਚਾ ਪੰਜਾਬ ਦੇ ਸੂਬਾ ਪ੍ਰਧਾਨ ਤਾਰਾ ਸਿੰਘ ਮੋਗਾ, ਜਨਰਲ ਸਕੱਤਰ ਸੁਖਮੰਦਰ ਸਿੰਘ, ਵਿਜੇ ਮਿੱਤਲ, ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੇ ਸੂਬਾ ਪ੍ਰਧਾਨ ਬਲਦੇਵ ਸਿੰਘ ਜ਼ੀਰਾ, ਸੂਬਾ ਮੀਤ ਪ੍ਰਧਾਨ ਗੁਰਦੀਪ ਸਿੰਘ ਵੈਰੋਕੇ ਤੇ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਕਮੇਟੀ ਮੈਂਬਰ ਲਖਵੀਰ ਸਿੰਘ ਲੱਖਾ, ਲੋਕ ਸੰਗਰਾਮ ਮੋਰਚਾ ਦੇ ਆਗੂ ਦਰਸ਼ਨ ਸਿੰਘ ਤੂਰ ਨੇ ਸੰਬੋਧਨ ਕੀਤਾ। ਕ੍ਰਾਂਤੀਕਾਰੀ ਈ-ਰਿਕਸ਼ਾ ਯੂਨੀਅਨ ਨੇ ਵੀ ਸਹਿਯੋਗ ਦਿੱਤਾ। ਆਗੂਆਂ ਨੇ ਕਿਹਾ ਕਿ ਜਿਹੜੇ ਲੋਕ ਕਿਰਤੀ ਲੋਕਾਂ ਆਦਿਵਾਸੀਆਂ, ਦਲਿਤਾਂ, ਧਾਰਮਿਕ ਘੱਟ ਗਿਣਤੀਆਂ ਕੌਮੀਅਤਾਂ ਦੇ ਹੱਕ ਵਿੱਚ ਆਵਾਜ਼ ਉਠਾਉਂਦੇ ਹਨ ਤੇ ਸਰਕਾਰ ਦੀਆਂ ਸਾਮਰਾਜ ਅਤੇ ਕਾਰਪੋਰੇਟ ਘਰਾਣਿਆਂ ਦੇ ਪੱਖ ਚ ਬਣਾਈਆਂ ਗਈਆਂ ਨੀਤੀਆਂ ਦਾ ਵਿਰੋਧ ਕਰਦੇ ਹਨ, ਉਹ ਬ੍ਰਾਹਮਣੀ ਹਿੰਦੂਤਵ ਫਾਸ਼ੀਵਾਦੀ ਮੋਦੀ ਸਰਕਾਰ ਦੀਆਂ ਨਜ਼ਰਾਂ ਵਿੱਚ, ਦੇਸ਼ ਧਰੋਹੀ ਹਨ। ਪ੍ਰੋਫੈਸਰ ਸਾਈਬਾਬਾ ਦਾ ਵੀ ਇਹੀ ਕਸੂਰ ਸੀ, ਜਿਸ ਕਰਕੇ ਉਨਾਂ ਨੂੰ ਗੈਰ-ਕਾਨੂੰਨੀ ਗਤੀਵਿਧੀਆਂ ਵਿਰੋਧੀ ਕਾਨੂੰਨ ਅਧੀਨ ਬਿਨਾਂ ਕੇਸ ਚਲਾਏ ਦਸ ਸਾਲ ਜੇਲ 'ਚ ਬੰਦ ਰੱਖਿਆ। ਉਹ 90% ਅਪਾਹਜ, ਹਮੇਸ਼ਾ ਵ੍ਹੀਲ ਚੇਅਰ ਸਹਾਰੇ ਤੁਰਨ ਵਾਲਾ ਮੋਦੀ ਸਰਕਾਰ ਨੂੰ ਬਹੁਤ ਵੱਡਾ ਖਤਰਨਾਕ ਅਪਰਾਧੀ ਲੱਗਿਆ। ਜੇਲ੍ਹ ? ਅੰਦਰ ਉਸ ਨੂੰ ਬਿਨਾਂ ਵ੍ਹੀਲ ਚੇਅਰ ਤੇ ਬਿਨਾਂ ਕਿਸੇ ਸਹਾਇਕ ਤੋਂ ਅੰਡਾ ਸੈੱਲ ਦੇ ਵਿੱਚ ਕੈਦ ਰੱਖਿਆ ਅੰਤਾਂ ਦੇ ਮਾਨਸਿਕ ਤੇ ਸਰੀਰਕ ਤਸੀਹੇ ਦਿੱਤੇ, ਜਿਸ ਕਰਕੇ ਉਹ ਹੋਰ ਕਈ ਬਿਮਾਰੀਆਂ ਤੋਂ ਪੀੜਤ ਹੋ ਗਏ। ਜੇਲ੍ਹ ਦੇ ਵਿੱਚ ਉਸ ਦਾ ਠੀਕ ਢੰਗ ਨਾਲ ਇਲਾਜ ਨਹੀਂ ਕਰਾਇਆ ਗਿਆ, ਨਾ ਹੀ ਉਸ ਨੂੰ ਇਲਾਜ ਕਰਾਉਣ ਲਈ ਜਮਾਨਤ ਦਿੱਤੀ ਗਈ। ਮੋਦੀ ਸਰਕਾਰ ਤਾਂ ਅਜਿਹੇ ਲੋਕਾਂ ਨੂੰ ਅਜਿਹਾ ਵਰਤਾਓ ਕਰਕੇ ਖਤਮ ਕਰਨਾ ਚਾਹੁੰਦੀ ਹੈ ਇਨ੍ਹਾਂ ਦੇ ਨਾਲ ਹੀ ਇੱਕ ਹੋਰ ਆਦਿਵਾਸੀ ਨੌਜਵਾਨ ਪਾਂਡੂ ਨਰੋਟੇ ਦੀ ਜੀਵਨ ਲੀਲ੍ਹਾ ਜੇਲ੍ਹ ਵਿੱਚ ਹੀ ਸਮਾਪਤ ਹੋ ਗਈ। ਜੱਜ ਨੇ 227 ਸਫਿਆਂ ਦੇ ਫੈਸਲੇ ਵਿੱਚ ਲਿਖਿਆ ਕਿ ਭਾਵੇਂ ਇਹ 90% ਅੱਜ ਹੈ, ਪਰ ਇਸ ਦਾ ਦਿਮਾਗ ਬਹੁਤ ਖਤਰਨਾਕ ਹੈ। ਬੀਜੇਪੀ ਆਰਐੱਸਐੱਸ ਦਾ ਇੱਕ ਪੁਲਸ ਅਧਿਕਾਰੀ ਰੋਮਿਲਾ ਥਾਪਰ ਲਗਭਗ ਸਾਰੇ ਬੁੱਧੀਜੀਵੀਆਂ ਦੀ ਗ੍ਰਿਫਤਾਰੀ ਸਮੇਂ ਤੇ ਕੋਰਟ ਵਿੱਚ ਹਮੇਸ਼ਾ ਹਾਜ਼ਰ ਰਹਿੰਦਾ ਰਿਹਾ ਹੈ। ਜਦੋਂ ਮਾਰਚ 2024 ਵਿੱਚ ਜੀ ਐੱਨ ਸਾਈਬਾਬਾ ਤੇ ਉਸ ਦੇ ਹੋਰ ਪੰਜ ਸਾਥੀਆਂ ਨੂੰ ਬਰੀ ਕੀਤਾ ਤਾਂ ਜੱਜ ਨੇ ਲਿਖਿਆ ਕਿ ਰੋਮਲਾ ਥਾਪਰ ਦੀ ਤਫਤੀਸ਼ ਸ਼ੱਕੀ ਹੈ। ਇਸ ਅਧਾਰ ਤੇ ਜੱਜ ਨੇ ਫੈਸਲਾ ਸੁਣਾ ਦਿੱਤਾ। ਬੀਜੇਪੀ ਮੋਦੀ ਸਰਕਾਰ ਨੇ ਉਸ ਦੀ ਇਲਾਹਾਬਾਦ ਬਦਲੀ ਕਰ ਦਿੱਤੀ ਤੇ ਜੱਜ ਨੇ ਦੋ ਸਾਲ ਪਹਿਲਾਂ ਹੀ ਨੌਕਰੀ ਤੋਂ ਅਸਤੀਫਾ ਦੇ ਦਿੱਤਾ। ਪ੍ਰੋਫੈਸਰ ਜੀ ਐੱਨ ਸਾਈ ਬਾਬਾ ਇਸ ਗੱਲ ਦਾ ਧਾਰਨੀ ਸੀ ਕਿ ਜਦੋਂ ਇਨਸਾਫ ਨਾ ਮਿਲੇ ਤਾਂ ਤਲਵਾਰ ਉਠਾਉਣੀ ਜਾਇਜ਼ ਹੈ ਉਹ ਸੀ ਪੀ ਆਈ ਮਾਓਵਾਦੀ ਵੱਲੋਂ ਕੀਤੇ ਜਾ ਰਹੇ ਸੰਘਰਸ਼ ਨੂੰ ਲੋਕ ਯੁੱਧ ਸਮਝਦਾ ਸੀ ਤੇ ਉਸ ਦੇ ਘੋਲ ਨੂੰ ਹੱਕੀ ਸਮਝਦਾ ਸੀ, ਕਿਉਂਕਿ ਉਹ ਕਿਰਤੀ ਲੋਕਾਂ ਦੀ ਮੁਕਤੀ ਲਈ ਲੜ ਰਹੇ ਸਨ ਤੇ ਸਾਮਰਾਜ ਤੇ ਕਾਰਪੋਰੇਟਰਾਂ ਦੀ ਲੁੱਟ ਖਿਲਾਫ ਲਗਾਤਾਰ ਸੰਘਰਸ਼ ਕਰ ਰਹੇ ਸਨ। ਇਸ ਵਿਚਾਰ ਕਰਕੇ ਹੀ ਬੀਜੇਪੀ/ਆਰ ਐੱਸ ਐੱਸ ਬ੍ਰਾਹਮਣੀ ਹਿੰਦੂਤਵ ਫਾਸ਼ੀਵਾਦੀ ਮੋਦੀ ਸਰਕਾਰ ਨੇ ਸੋਚ ਸਮਝ ਕੇ ਅਜਿਹਾ ਵਰਤਾਓ ਕੀਤਾ ਅਤੇ ਪ੍ਰੋਫੈਸਰ ਜੀ ਐੱਨ ਸਾਈਬਾਬਾ ਦੀ ਜਾਨ ਲੈ ਲਈ। ਆਗੂਆਂ ਨੇ ਮੰਗ ਕੀਤੀ ਕਿ ਜਿਨ੍ਹਾਂ ਅਧਿਕਾਰੀਆਂ ਨੇ 10 ਸਾਲ ਜੇਲ੍ਹ ਵਿੱਚ ਰੱਖਿਆ ਤੇ ਸਰੀਰਕ ਤੇ ਮਾਨਸਿਕ ਤਸੀਹੇ ਦਿੱਤੇ ਉਨ੍ਹਾਂ 'ਤੇ ਪਰਚਾ ਦਰਜ ਹੋਣਾ ਚਾਹੀਦਾ ਹੈ, ਕਿਉਂਕਿ ਜੱਜ ਨੇ ਸਾਫ ਕਹਿ ਦਿੱਤਾ ਕਿ ਤਪਤੀਸ਼ੀ ਅਫਸਰ ਨੇ ਗਲਤ ਤਫਤੀਸ਼ ਕਰਕੇ ਇੱਕ ਨਿਰਦੋਸ਼ ਪ੍ਰੋਫੈਸਰ ਤੇ ਪੰਜ ਹੋਰ ਬੁੱਧੀਜੀਵੀਆਂ ਨੂੰ ਨਜਾਇਜ਼ ਫਸਾਇਆ ਹੋਇਆ ਹੈ। ਅਖੀਰ ਤੇ ਲਾਰੇ ਮਾਰ ਕੇ ਜੀ ਐੱਲ ਸਾਈ ਬਾਬਾ ਤੇਰੀ ਸੋਚ 'ਤੇ ਪਹਿਰਾ ਦਿਆਂਗੇ ਠੋਕ ਕੇ ਨਾਲ ਸਮਾਗਮ ਦੀ ਸਮਾਪਤੀ ਹੋਈ।

17 - October - Page - 6.qxd 10/16/2024 10:44 PM Page 1



# ਜੇਤੂ ਉਮੀਦਵਾਰਾਂ ਦਾ ਢੋਲ-ਨਗਾਰਿਆਂ ਨਾਲ ਹੋਇਆ ਸਵਾਗਤ

ਗੁਰਦਾਸਪੁਰ (ਜਨਕ ਮਹਾਜਨ)- ਜ਼ਿਲ੍ਹਾ ਗੁਰਦਾਸਪੁਰ ਅਧੀਨ ਪੈਂਦੇ ਵੱਖ-ਵੱਖ ਪਿੰਡਾਂ ਵਿੱਚ ਪੰਚਾਇਤੀ ਚੋਣਾਂ ਦਾ ਕੰਮ ਅਮਨ-ਅਮਾਨ ਨਾਲ ਸਿਰੇ ਚੜ੍ਹ ਗਿਆ। ਵੋਟਾਂ ਪਾਉਣ ਨੂੰ ਲੈ ਕੇ ਲੋਕਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਪਾਇਆ ਗਿਆ ਅਤੇ ਵੱਡੀ ਗਿਣਤੀ ਵਿੱਚ ਲੋਕ ਸਵੇਰ ਤੋਂ ਹੀ ਲੰਬੀਆਂ-ਲੰਬੀਆਂ ਲਾਈਨਾਂ ਵਿੱਚ ਲੱਗੇ ਦਿਖਾਈ ਦਿੱਤੇ। ਇਸ ਦੌਰਾਨ ਉਮੀਦਵਾਰਾਂ ਵੱਲੋਂ ਵੋਟਰਾਂ ਨੂੰ ਸਹੀ ਤਰੀਕੇ ਨਾਲ ਵੋਟ ਪਾਉਣ ਲਈ ਜਾਗਰੂਕ ਕੀਤਾ ਗਿਆ। ਪਿੰਡਾਂ ਅੰਦਰ ਸਾਰਾ ਦਿਨ ਰੌਣਕ ਰੱਪਾ ਦੇਖਣ ਨੂੰ ਮਿਲਿਆ ਅਤੇ ਵੋਟਾਂ ਦੀ ਗਿਣਤੀ ਵਿੱਚ ਕੌਣ ਉਮੀਦਵਾਰ ਜੇਤੂ ਹੋਵੇਗਾ ਇਸ 'ਤੇ ਵਿਚਾਰ ਚਰਚਾਵਾਂ ਚਲਦੀਆਂ ਰਹੀਆਂ। ਸ਼ਾਮ 5 ਵਜੇ ਤੱਕ ਵੋਟਾਂ ਪਾਉਣ ਦੀ ਪ੍ਰਕਿਰਿਆ ਖਤਮ ਹੋਣ ਤੋਂ ਬਾਅਦ ਵੋਟਾਂ ਦੀ ਗਿਣਤੀ ਸ਼ੁਰੂ ਹੋ ਗਈ। ਇਸ ਦੌਰਾਨ ਕੁਝ ਪਿੰਡਾਂ ਵਿੱਚ ਵੋਟਾਂ ਦੀ ਗਿਣਤੀ ਬੜੇ ਪਿਆਰ ਨਾਲ ਚਲਦੀ ਰਹੀ ਅਤੇ ਕੁਝ ਕੁ ਥਾਵਾਂ 'ਤੇ ਝੜਪਾਂ ਵੀ ਦੇਖਣ ਨੂੰ ਮਿਲੀਆਂ। ਵੋਟਾਂ ਦੀ ਗਿਣਤੀ ਤੋਂ ਬਾਅਦ ਜੇਤੂ ਉਮੀਦਵਾਰਾਂ ਦਾ ਐਲਾਨ ਕੀਤਾ ਗਿਆ ਜਿਨ੍ਹਾਂ ਦੇ ਚਿਹਰੇ 'ਤੇ ਭਾਰੀ ਖੁਸ਼ੀ ਦੇਖਣ ਨੂੰ ਮਿਲੀ ਜਦ ਕਿ ਹਾਰਨ ਵਾਲੇ ਉਮੀਦਵਾਰਾਂ ਦੇ ਚਿਹਰੇ 'ਤੇ ਮਾਯੂਸੀ ਸਾਫ ਦਿਖ ਰਹੀ ਸੀ। ਵੋਟਾਂ ਦੀ ਗਿਣਤੀ ਦੌਰਾਨ ਕੁਝ ਪਿੰਡਾਂ ਵਿੱਚ ਰੇੜਕਾ ਦਿਖਾਈ ਦਿੱਤਾ ਅਤੇ ਕੁਝ ਸਮੇਂ ਲਈ ਵੋਟਾਂ ਦੀ ਗਿਣਤੀ ਨੂੰ ਰੋਕ ਦਿੱਤਾ ਗਿਆ, ਜਿੱਥੇ ਉੱਚ ਅਧਿਕਾਰੀਆਂ ਵੱਲੋਂ ਪਹੁੰਚ ਕੇ ਦੁਬਾਰਾ ਵੋਟਾਂ ਦੀ ਗਿਣਤੀ ਸ਼ੁਰੂ ਕਰਵਾਈ ਗਈ ਅਤੇ ਚੋਣ ਨਤੀਜੇ ਐਲਾਨੇ ਗਏ। ਚੋਣ ਨਤੀਜਿਆਂ ਦੇ ਐਲਾਨ ਤੋਂ ਬਾਅਦ ਜੇਤੂ ਉਮੀਦਵਾਰ ਵੱਲੋਂ ਪਿੰਡ ਦੀਆਂ ਗਲੀਆਂ ਮੁਹੱਲਿਆਂ ਵਿੱਚ ਜਲੂਸ ਕੱਢਿਆ ਗਿਆ ਅਤੇ ਪਿੰਡ ਵਾਸੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ। ਇਸ ਦੌਰਾਨ ਪਿੰਡਾਂ ਵਿੱਚ ਵੱਡੇ ਪੱਧਰ 'ਤੇ ਆਤਿਸ਼ਬਾਜ਼ੀ ਦੇਖਣ ਨੂੰ ਮਿਲੀ ਅਤੇ ਕਈ ਥਾਵਾਂ 'ਤੇ ਡੀ.ਜੇ ਵੱਜਦੇ ਵੀ ਦੇਖੇ ਗਏ। ਇਸ ਦੌਰਾਨ ਜੇਤੂ ਉਮੀਦਵਾਰਾਂ ਦੇ ਘਰਾਂ ਵਿੱਚ ਵਧਾਈ ਦੇਣ ਵਾਲਿਆਂ ਦਾ ਤਾਂਤਾ ਲੱਗ ਗਿਆ। ਜ਼ਿਕਰਯੋਗ ਹੈ ਕਿ ਪੰਚਾਇਤੀ ਚੋਣਾਂ ਨੂੰ ਲੈ ਕੇ ਜਿੰਨਾ ਉਤਸ਼ਾਹ ਲੋਕਾਂ ਅੰਦਰ ਦੇਖਣ ਨੂੰ ਮਿਲਿਆ ਉਹ ਕਿਸੇ ਹੋਰ ਚੋਣਾਂ ਨੂੰ ਲੈ ਕੇ ਦੇਖਣ ਨੂੰ ਨਹੀਂ ਮਿਲਦਾ। ਆਪਣੀ ਇੱਜ਼ਤ ਦਾ ਸਵਾਲ ਬਣ ਚੁੱਕੀਆਂ ਪੰਚਾਇਤੀ ਚੋਣਾਂ ਨੂੰ ਜਿੱਤਣ ਲਈ ਹਰ ਉਮੀਦਵਾਰ ਵੱਲੋਂ ਪੂਰੇ ਜ਼ੋਰਾਂ ਸ਼ੋਰਾਂ ਨਾਲ ਮਿਹਨਤ ਕੀਤੀ ਗਈ।

ਵੋਟਾਂ ਦੀ ਗਿਣਤੀ ਵਿੱਚ ਕੁਝ ਪਿੰਡਾਂ ਵਿੱਚ ਬਹੁਤ ਥੋੜ੍ਹੇ ਫਰਕ ਨਾਲ ਉਮੀਦਵਾਰ ਜੇਤੂ ਰਹੇ ਜਿਨ੍ਹਾਂ ਵਿੱਚੋਂ ਪਿੰਡ ਖੁਦਾਦਪੁਰ ਵਿੱਚ ਸੱਤ ਵੋਟਾਂ ਨਾਲ ਸਰਪੰਚੀ ਦਾ ਉਮੀਦਵਾਰ ਜਿੱਤਿਆ ਅਤੇ ਪਿੰਡ ਭੋਜਰਾਜ ਵਿਚ ਨੌਂ ਵੋਟਾਂ ਦੇ ਫਰਕ ਨਾਲ ਸਰਪੰਚੀ ਦਾ ਉਮੀਦਵਾਰ ਜੇਤੂ ਰਿਹਾ। । ਇਨ੍ਹਾਂ ਚੋਣਾਂ ਵਿੱਚ ਖੜ੍ਹੇ ਹੋਏ ਉਮੀਦਵਾਰਾਂ ਵੱਲੋਂ ਵੱਡੀ ਪੱਧਰ 'ਤੇ ਵੋਟਰਾਂ ਨੂੰ ਭਰਮਾਉਣ ਲਈ ਕਈ ਤਰ੍ਹਾਂ ਦੇ ਪਕਵਾਨਾਂ ਦੇ ਲੰਗਰ ਕੁਝ ਦਿਨਾਂ ਤੋਂ ਚਲਦੇ ਰਹੇ ਜਿਸ ਕਰਕੇ ਵੋਟਰਾਂ ਦੀ ਬੱਲੇ ਬੱਲੇ ਰਹੀ।

# ਬਿੱਟੂ ਮੰਤਰੀ ਦੀ ਕੁਰਸੀ ਮਿਲਦਿਆਂ ਹੀ ਕਿਸਾਨਾਂ ਨੂੰ ਗੁੰਡੇ ਦੱਸਣ ਲੱਗਾ : ਕਿਸਾਨ ਆਗੂ



ਤਰਨ ਤਾਰਨ- ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਕੁੱਲ ਹਿੰਦ ਕਿਸਾਨ ਸਭਾ ਦੇ ਆਗੂ ਬਲਵਿੰਦਰ ਸਿੰਘ ਦਦੇਹਰ ਸਾਹਿਬ (ਚੋਹਲਾ ਸਾਹਿਬ), ਰਮਨ ਚੱਡਾ ਨੇ ਦੱਸਿਆ ਕਿ 2021 ਵਿੱਚ ਜਦੋਂ ਕਿਸਾਨਾਂ ਦਾ ਮੋਰਚਾ ਚੱਲ ਰਿਹਾ ਸੀ ਤਾਂ ਇਹ ਰਵਨੀਤ ਬਿੱਟੂ ਬੀ ਜੇ ਪੀ ਨੂੰ ਗੁੰਡਿਆਂ ਦੀ ਪਾਰਟੀ ਦੱਸ ਰਿਹਾ ਸੀ ਅਤੇ ਕਿਸਾਨਾਂ ਨੂੰ ਦੇਸ਼ ਭਗਤ, ਦੇਸ਼ ਦਾ ਅੰਨਦਾਤਾ ਦੱਸਦਾ ਸੀ, ਮੰਤਰੀ ਦੀ ਕੁਰਸੀ ਮਿਲਦਿਆਂ ਸਾਰ ਹੀ ਇਸ ਦਾ ਦਿਮਾਗ ਬਦਲ ਗਿਆ। ਕਿਸਾਨਾਂ ਨੂੰ ਦੇਸ਼ ਭਗਤ ਦੱਸਣ ਵਾਲਾ ਹੁਣ ਕਿਸਾਨਾਂ ਨੂੰ ਗੁੰਡੇ ਦੱਸਣ ਲੱਗਾ ਹੈ। ਕਿਸਾਨਾਂ ਅੱਗੇ ਅਜੇ ਤਾਈਂ ਕੋਈ ਅੜਿਆ ਨਹੀਂ, ਨਾ ਇਹ ਅੜ ਸਕੇਗਾ। ਇਨ੍ਹਾਂ ਸ਼ਬਦਾਂ ਦੀ ਇਸ ਨੂੰ ਮਾਫੀ ਮੰਗਣੀ ਚਾਹੀਦੀ ਹੈ, ਕਿਉਂਕਿ ਕਿਸਾਨਾਂ ਨੇ ਵੱਡੀਆਂ ਵੱਡੀਆਂ ਕੁਰਬਾਨੀਆਂ ਦੇ ਕੇ ਕਿਸਾਨਾਂ ਦੇ ਮਸਲੇ ਹੱਲ ਕਰਵਾਏ ਹਨ। ਦਿੱਲੀ ਵਿੱਚ 750 ਕਿਸਾਨਾਂ ਨੇ ਕੁਰਬਾਨੀਆਂ ਦਿੱਤੀਆਂ ਹਨ, ਉਹਨਾਂ ਕੁਰਬਾਨੀਆਂ ਨੂੰ ਭੁਲਾਇਆ ਨਹੀਂ ਜਾ ਸਕਦਾ। ਪਰ ਇਹੋ ਜਿਹੇ ਬੰਦੇ ਦੇ ਕਿਸਾਨ ਨੱਕ 'ਚ ਦਮ ਕਰ ਦੇਣਗੇ।

# ਵੱਖ-ਵੱਖ ਪਿੰਡਾਂ 'ਚ ਜਾਗਰੂਕਤਾ ਵੈਨਾਂ ਰਾਹੀਂ ਕਿਸਾਨਾਂ ਨੂੰ ਕੀਤਾ ਜਾ ਰਿਹਾ ਜਾਗਰੂਕ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਡਿਪਟੀ ਕਮਿਸ਼ਨਰ ਗੁਰਦਾਸਪੁਰ ਉਮਾ ਸ਼ੰਕਰ ਗੁਪਤਾ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਪਰਾਲੀ ਨਾ ਸਾੜਨ ਅਤੇ ਪਰਾਲੀ ਦੇ ਨੁਕਸਾਨਾਂ ਬਾਰੇ ਜਾਗਰੂਕ ਕਰਨ ਦੇ ਮੰਤਵ ਨਾਲ ਜਾਗਰੂਕਤਾ ਵੈਨਾਂ ਚਲਾਈਆਂ ਗਈਆਂ ਹਨ, ਜੋ ਅੱਜ ਬਟਾਲਾ ਬਲਾਕ ਦੇ ਵੱਖ- ਵੱਖ ਪਿੰਡਾਂ ਵਿੱਚ ਪਹੁੰਚੀਆਂ ਤੇ ਲੋਕਾਂ/ਕਿਸਾਨਾਂ ਨੂੰ ਪਰਾਲੀ ਨਾ ਸਾੜਨ ਅਤੇ ਵਾਤਾਵਰਣ ਨੂੰ ਪ੍ਰਦੂਸ਼ਣ ਰਹਿਤ ਬਣਾਉਣ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਦਾ ਸਾਥ ਲਈ ਜਾਗਰੂਕ ਕੀਤਾ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਏ.ਡੀ.ਓ. ਕਵਲਜੀਤ ਕੌਰ ਨੇ ਦੱਸਿਆ ਕਿ ਕਿਸਾਨਾਂ ਨੂੰ ਫ਼ਸਲਾਂ ਦੀ ਰਹਿੰਦ-ਖੂੰਹਦ ਸਾੜਨ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰਨ ਲਈ ਤਿੰਨ ਪ੍ਰਚਾਰ ਵੈਨਾਂ ਰਵਾਨਾ ਚੱਲ ਰਹੀਆਂ ਹਨ ਅਤੇ ਜਾਗਰੂਕਤਾ ਵੈਨਾਂ ਰਾਹੀਂ ਝੋਨੇ ਦੀ ਪਰਾਲੀ ਨਾ ਸਾੜਨ ਦੇ ਨਾਲ ਪਰਾਲੀ ਦੇ ਸੁਚੱਜੇ ਪ੍ਰਬੰਧਨ ਲਈ ਵੀ ਜਾਗਰੂਕ ਕੀਤਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਕਿਸਾਨ ਦੀ ਸਹੂਲਤ ਲਈ ਹੈਲਪ ਲਾਈਨ ਨੰਬਰ 1800-180-1852 ਵੀ ਜਾਰੀ ਕੀਤਾ ਹੋਇਆ ਹੈ।ਉਨ੍ਹਾਂ ਦੱਸਿਆ ਕਿ ਇਹ ਵੈਨਾਂ ਲੋਕਾਂ ਨੂੰ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰ ਰਹੀਆਂ ਹਨ, ਜਿਨ੍ਹਾਂ ਵਿੱਚ ਆਡੀਓ ਸੰਦੇਸ਼ ਚਲਾਏ ਗਏ ਹਨ।

# ਪੰਚਾਇਤੀ ਚੋਣਾਂ ਮੁੱਕੀਆਂ, ਲੋਕਾਂ ਸੁੱਖ ਦਾ ਲਿਆ ਸਾਹ

ਵੇਰਕਾ (ਰਾਣਾ)-ਰਾਜ ਅੰਦਰ ਪੰਚਾਇਤੀ ਚੋਣਾਂ ਲਗਭਗ ਅਮਨ ਅਮਾਨ ਨਾਲ ਹੀ ਹੋ ਨਿੱਬੜੀਆਂ ਹਨ। ਬੜੀਆਂ ਘੱਟ ਲੜਾਈਆਂ ਝਗੜੇ ਹੋਏ ਹਨ। ਪਰ ਸਰਪੰਚ/ਪੰਚ ਬਣਨ ਦੇ ਚਾਹਵਾਨ ਉਮੀਦਵਾਰਾਂ ਲਈ ਮੁੱਛ ਦਾ ਸਵਾਲ ਬਣੀਆਂ ਉਕਤ ਚੋਣਾਂ ਨੇ ਪਿੰਡਾਂ ਵਿੱਚ ਵੱਸਦੇ ਵੋਟਰਾਂ ਲਈ ਭਾਰੀ ਮੁਸੀਬਤ ਖੜ੍ਹੀ ਕੀਤੀ ਹੋਈ ਸੀ। ਲੋਕ ਕਿਧਰ ਜਾਣ ਜਾਂ ਨਾ ਜਾਣ। ਭਾਵ ਕਿਸ ਦੀ ਹਿਮਾਇਤ ਕਰਨ ਜਾਂ ਨਹੀਂ। ਬਗੈਰ ਮਤਲਬ ਦੇ ਸੋਚੀਂ ਪਾਏ ਸਨ। ਕੁਝ ਵੀ ਹੋਵੇ, ਇਸ ਵਾਰ ਬਹੁਤਾਤ ਪਿੰਡਾਂ ਅੰਦਰ ਸਰਪੰਚ/ਪੰਚ ਦੀ ਚੋਣ ਕਿਸੇ ਵੀ ਸਿਆਸੀ ਧਿਰ ਦੀ ਲੜਾਈ/ਮੁਕਾਬਲੇਬਾਜ਼ੀ ਸਮਝ ਕੇ ਸੂਝਵਾਨ ਬਣੇ ਲੋਕਾਂ ਨੇ ਨਹੀਂ ਲੜੀ।

ਇੱਥੇ ਇਹ ਵੀ ਦੱਸਣਯੋਗ ਹੈ ਕਿ ਐਤਕੀਂ ਉਪਰੋਕਤ ਹੋਈਆਂ ਚੋਣਾਂ ਦੌਰਾਨ ਮੁੱਖ ਮੁਕਾਬਲੇ ਸੱਤਾ ਧਿਰ ਆਮ ਆਦਮੀ ਪਾਰਟੀ ਅਤੇ ਕਾਂਗਰਸ ਪਾਰਟੀ ਦੇ ਸਮਰਥਕਾਂ ਦਰਮਿਆਨ ਹੋਏ ਹਨ। ਕਈ ਪਿੰਡਾਂ ਅੰਦਰ ਪੈਸਾ, ਸ਼ਰਾਬ ਅਤੇ ਲੋਕ ਲੁਭਾਉਣੇ ਕਈ ਤੋਹਫੇ ਵੰਡੇ ਜਾਣ ਦੀ ਸੂਚਨਾ ਪ੍ਰਾਪਤ ਹੋਈ ਹੈ। ਇਸ ਦੌਰਾਨ ਲੱਖਾਂ ਰੁਪਏ ਖਰਚ ਕਰਨ ਵਾਲੇ ਕਈਆਂ ਦੀ ਲਾਟਰੀ ਤਾਂ ਨਿਕਲ ਗਈ। ਪ੍ਰੰਤ ਕਈਆਂ ਨੂੰ ਭਾਰੀ ਹਾਰ ਦਾ ਸਾਹਮਣਾ ਕਰਨਾ ਪਿਆ। ਸਥਾਨਕ ਕਸਬੇ ਦੇ ਇਕ ਨੇੜਲੇ ਪਿੰਡ ਦੇ ਸਰਪੰਚ/ਪੰਚ ਬਣਨ ਦੇ ਇੱਛਕ ਨੇ ਕਈ ਲੱਖਾਂ ਰੁਪਏ ਖਰਚ ਕਰ ਦਿੱਤੇ। ਪਰ ਲੋਕਾਂ ਦਾ ਫਤਵਾ ਹੱਕ ਵਿਚ ਨਾ ਆਉਣ ਕਾਰਨ ਉਸ ਨੂੰ ਅਟੈਕ ਹੋ ਗਿਆ। ਜਿਹੜਾ ਹੁਣ ਅੰਮ੍ਰਿਤਸਰ ਹਸਪਤਾਲ ਵਿੱਚ ਜ਼ੇਰੇ ਇਲਾਜ ਹੈ।

ਇਸੇ ਹੀ ਪਿੰਡ ਦੇ ਨੇੜਲੇ ਪਿੰਡ ਵਿੱਚ ਸਰਪੰਚ ਬਣਨ ਦੇ ਚਾਹਵਾਨ ਉਮੀਦਵਾਰ ਵੱਲੋਂ ਅੱਧਾ ਕਰੋੜ ਤੋਂ ਵੱਧ ਪੈਸਾ ਖਰਚ ਦੇਣ ਉਪਰੰਤ ਵੀ ਹਾਰ ਨਸੀਬ ਹੋਈ ਹੈ। ਇਸ ਤਰ੍ਹਾਂ ਦੀਆਂ ਅਨੇਕਾਂ ਹੀ ਪਿੰਡਾਂ ਵਿੱਚੋਂ ਰਲੀਆਂ-ਮਿਲੀਆਂ ਖਬਰਾਂ ਆ ਰਹੀਆਂ ਹਨ।

ਇਸ ਸਭ ਦੇ ਚੱਲਦਿਆਂ ਪਿੰਡਾਂ ਦੇ ਵੋਟਰ ਆਪਣੇ-ਆਪ ਨੂੰ ਬੁਰੇ ਫਸੇ ਮਹਿਸੂਸ ਕਰਦੇ ਸਨ। ਵੋਟਾਂ ਪੈਂਦੇ ਸਾਰ ਹੀ ਲੋਕ ਬੋਝ ਰਹਿਤ ਹੋ ਗਏ ਹਨ। ਉਨ੍ਹਾਂ ਕਿਤੇ ਸੁੱਖ ਦਾ ਸਾਹ ਲਿਆ ਹੈ।

# ਸੁੱਚਾ ਸਿੰਘ ਛੋਟੇਪੁਰ ਦੇ ਪੁੱਤਰ ਐਡਵੋਕੇਟ ਅਜੇਪਾਲ ਸਿੰਘ ਸਰਪੰਚ ਬਣੇ



ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਧਾਰੀਵਾਲ ਬਲਾਕ ਅਧੀਨ ਆਉਂਦੇ ਪਿੰਡ ਛੋਟੇਪੁਰ ਦੀ ਪੰਚਾਇਤ ਦੀ ਹੋਈ ਚੋਣ ਦੌਰਾਨ ਪੰਜਾਬ ਦੇ ਸਾਬਕਾ ਮੰਤਰੀ ਅਕਾਲੀ ਦਲ ਸੁਧਾਰ ਲਹਿਰ ਦੇ ਸੀਨੀਅਰ ਆਗੂ ਸੁੱਚਾ ਸਿੰਘ ਛੋਟੇਪੁਰ ਅਤੇ ਪੁੱਤਰ ਐਡਵੋਕੇਟ ਅਜੇਪਾਲ ਸਿੰਘ ਛੋਟੇਪੁਰ ਆਪਣੇ ਵਿਰੋਧੀ ਆਮ ਆਦਮੀ ਪਾਰਟੀ ਨਾਲ ਸਬੰਧਤ ਉਮੀਦਵਾਰ ਮਾਲਕ ਸਿੰਘ ਨੂੰ 116 ਵੋਟਾਂ ਦੇ ਫਰਕ ਨਾਲ ਹਰਾ ਕੇ ਪਿੰਡ ਛੋਟੇਪੁਰ ਦੇ ਸਰਪੰਚ ਬਣੇ ਹਨ। ਇਸ ਮੌਕੇ ਨਵੇਂ ਬਣੇ ਸਰਪੰਚ ਐਡਵੋਕੇਟ ਅਜੇਪਾਲ ਸਿੰਘ ਨੇ ਕਿਹਾ ਕਿ ਉਹ 116 ਵੋਟਾਂ ਦੇ ਫਰਕ ਨਾਲ ਆਮ ਆਦਮੀ ਪਾਰਟੀ ਦੇ ਉਮੀਦਵਾਰ ਨੂੰ ਹਰਾਉਣ ਵਿੱਚ ਕਾਮਯਾਬ ਹੋਏ ਅਤੇ ਮੈਂਬਰ ਪੰਚਾਇਤਾਂ ਦੇ ਬਹੁਮਤ ਨਾਲ ਜੇਤੂ ਰਹਿ ਕੇ ਉਨ੍ਹਾਂ ਦੀ ਪੰਚਾਇਤ ਬਣੀ ਹੈ। ਨਵੇਂ ਸਰਪੰਚ ਅਜੇਪਾਲ ਸਿੰਘ ਛੋਟੇਪੁਰ ਨੇ ਕਿਹਾ ਕਿ ਉਹ ਆਪਣੇ ਪਿਤਾ ਸੁੱਚਾ ਸਿੰਘ ਛੋਟੇਪੁਰ ਦੇ ਨਕਸ਼ੇ ਕਦਮਾਂ 'ਤੇ ਚੱਲਦਿਆਂ ਹੋਇਆਂ ਇਮਾਨਦਾਰੀ ਨਾਲ ਇਹ ਪਿੰਡ ਵਾਸੀਆਂ ਵਲੋਂ ਸੌਂਪੀ ਸਰਪੰਚੀ ਦੀ ਜ਼ਿੰਮੇਵਾਰੀ ਨਿਭਾਉਣਗੇ। ਇਸ ਮੌਕੇ ਉਹਨਾਂ ਨੇ ਸਾਬਕਾ ਚੇਅਰਮੈਨ ਤਰਲੋਕ ਸਿੰਘ ਛੋਟੇਪੁਰ, ਬਰਿੰਦਰਜੀਤ ਸਿੰਘ ਛੋਟੇਪੁਰ, ਬਿਕਰਮਜੀਤ ਸਿੰਘ ਸਾਬਕਾ ਸਰਪੰਚ, ਸੰਤੋਖ ਸਿੰਘ ਬਲਬੀਰ ਸਿੰਘ ਲੱਖਾ, ਇੰਦਰ ਸਿੰਘ, ਰਘਬੀਰ ਸਿੰਘ, ਸਿੰਦਰਪਾਲ ਸਿੰਘ, ਰਾਜੂ, ਵੀਰ ਸਿੰਘ, ਰਣਜੀਤ ਕੌਰ ਆਦਿ ਤੋਂ ਇਲਾਵਾ ਸਮੂਹ ਸਪੋਰਟਰਾਂ ਅਤੇ ਵੋਟਰਾਂ ਦਾ ਧੰਨਵਾਦ ਵੀ ਕੀਤਾ। ਇਸ ਮੌਕੇ ਸਾਬਕਾ ਮੰਤਰੀ ਸੁੱਚਾ ਸਿੰਘ ਛੋਟੇਪੁਰ ਵਲੋਂ ਪਿੰਡ ਦੇ ਨਵੇਂ ਬਣੇ ਸਰਪੰਚ ਅਜੇਪਾਲ ਸਿੰਘ ਅਤੇ ਪੰਚਾਇਤ ਮੈਂਬਰਾਂ ਨੂੰ ਸਿਰਪਾਓ ਪਾ ਕੇ ਸਨਮਾਨਤ ਕੀਤਾ ਗਿਆ।

# ਭਾਜਪਾ ਦੇ ਗੁਰਵਿੰਦਰ ਸਿੰਘ ਮੁਕਾਮ ਦੀ ਮਾਤਾ ਚੋਣ ਜਿੱਤੇ



ਅਜਨਾਲਾ (ਸੁੱਖਜਿੰਦਰ ਸਿੰਘ ਰਾਜੂ)- ਭਾਰਤੀ ਜਨਤਾ ਪਾਰਟੀ ਅਜਨਾਲਾ ਦੇ ਸਰਕਲ ਚਮਿਆਰੀ ਦੇ ਸਰਗਰਮ ਆਗੂ ਗੁਰਵਿੰਦਰ ਸਿੰਘ ਮੁਕਾਮ ਦੀ ਮਾਤਾ ਨਰਿੰਦਰ ਕੌਰ ਆਪਣੇ ਵਿਰੋਧੀ ਉਮੀਦਵਾਰ ਤੋਂ 12 ਵੋਟਾਂ ਦੇ ਫਰਕ ਨਾਲ ਸਰਪੰਚੀ ਦੀ ਚੋਣ ਜਿੱਤੇ। ਇਸ ਚੋਣ ਜਿੱਤਣ ਮਗਰੋਂ ਹਲਕੇ ਦੇ ਸਾਬਕਾ ਵਿਧਾਇਕ ਅਤੇ ਭਾਰਤੀ ਜਨਤਾ ਪਾਰਟੀ ਦੇ ਓ ਬੀ ਸੀ ਮੋਰਚਾ ਦੇ ਪ੍ਰਧਾਨ ਬੋਨੀ ਅਮਰਪਾਲ ਸਿੰਘ ਅਜਨਾਲਾ ਵੱਲੋਂ ਗੁਰਵਿੰਦਰ ਸਿੰਘ ਮੁਕਾਮ ਨੂੰ ਵਧਾਈ ਦਿੱਤੀ ਗਈ ਅਤੇ ਅੱਗੇ ਤੋਂ ਵੀ ਪਾਰਟੀ ਅਤੇ ਪਿੰਡ ਦੀ ਸੇਵਾ ਕਰਨ ਦੀ ਗੱਲ ਕਹੀ। ਇਸ ਮੌਕੇ ਭਾਰਤੀ ਜਨਤਾ ਪਾਰਟੀ ਅਜਨਾਲਾ ਦੇ ਸੌਰਵ ਸਰੀਨ ਵੱਲੋਂ ਗੁਰਵਿੰਦਰ ਸਿੰਘ ਮੁਕਾਮ ਨੂੰ ਵਧਾਈ ਦਿੱਤੀ ਗਈ।

# ਸਰਪੰਚੀ ਦੇ ਉਮੀਦਵਾਰ ਨੂੰ ਕੁੱਟਮਾਰ ਕਰਕੇ ਕੀਤਾ ਗੰਭੀਰ ਜ਼ਖਮੀ, ਮਾਮਲਾ ਦਰਜ

ਗੁਰਦਾਸਪੁਰ (ਜਨਕ ਮਹਾਜਨ)- ਪੰਚਾਇਤੀ ਚੋਣਾਂ ਨੂੰ ਲੈ ਕੇ ਪਿੰਡ ਬੱਲਾ ਵਿਚ ਦੋ ਧਿਰਾਂ ਵਿਚਕਾਰ ਹੋਈ ਆਪਸੀ ਖ਼ਹਿਬਾਜ਼ੀ ਦੌਰਾਨ ਸਰਪੰਚੀ ਦੇ ਉਮੀਦਵਾਰ ਅੰਮ੍ਰਿਤਪਾਲ ਸਿੰਘ ਨੂੰ ਬੁਰੀ ਤਰ੍ਹਾਂ ਨਾਲ ਜ਼ਖਮੀ ਕਰ ਦਿੱਤਾ ਗਿਆ। ਥਾਣਾ ਧਾਰੀਵਾਲ ਪੁਲਸ ਨੇ ਸਰਪੰਚੀ ਦੇ ਉਮੀਦਵਾਰ ਦੀ ਕੁੱਟਮਾਰ ਕਰਕੇ ਗੰਭੀਰ ਜ਼ਖ਼ਮੀ ਕਰਨ ਵਾਲੇ ਕੁਝ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਅੰਮ੍ਰਿਤਪਾਲ ਸਿੰਘ ਪੁੱਤਰ ਸੁਖਜਿੰਦਰ ਸਿੰਘ ਵਾਸੀ ਬੱਲ ਨੇ ਦੱਸਿਆ ਕਿ ਮੈਂ ਪੰਚਾਇਤੀ ਇਲੈਕਸ਼ਨ ਵਿੱਚ ਸਰਪੰਚੀ ਦਾ ਉਮੀਦਵਾਰ ਖੜ੍ਹਾ ਹਾਂ ਅਤੇ 14 ਅਕਤੂਬਰ ਨੂੰ ਰਾਤ ਕਰੀਬ 10.30 ਵਜੇ ਸਤਵਿੰਦਰ ਸਿੰਘ ਦੇ ਘਰੋਂ ਇਲੈਕਸ਼ਨ ਸਬੰਧੀ ਸਲਾਹ ਮਸ਼ਵਰਾ ਕਰਕੇ ਸਾਥੀਆਂ ਸਮੇਤ ਆਪਣੇ ਘਰ ਨੂੰ ਜਾ ਰਹੇ ਸੀ ਕਿ ਲਵਪ੍ਰੀਤ ਸਿੰਘ ਪੁੱਤਰ ਦਲਜੀਤ ਸਿੰਘ, ਰਜਿੰਦਰ ਸਿੰਘ ਪੁੱਤਰ ਇਕਬਾਲ ਸਿੰਘ, ਕੁਲਜੀਤ ਸਿੰਘ ਪੁੱਤਰ ਜੈਮਲ ਸਿੰਘ, ਸਤਿੰਦਰ ਸਿੰਘ ਪੁੱਤਰ ਦਿਲਬਾਗ ਸਿੰਘ, ਜਗਜੀਤ ਸਿੰਘ ਪੁੱਤਰ ਜਸਵਿੰਦਰ ਸਿੰਘ, ਵਿੱਕੀ ਪੁੱਤਰ ਪ੍ਰੇਮ ਮਸੀਹ, ਰਵਿੰਦਰ ਸਿੰਘ ਪੁੱਤਰ ਮੁਖਤਿਆਰ ਸਿੰਘ ਵਾਸੀਆਨ ਬੱਲ ਨੇ ਇਕ ਸਲਾਹ ਹੋ ਕਿ ਮੇਰੀ ਕੁੱਟਮਾਰ ਕੀਤੀ ਹੈ। ਪੀੜਤ ਇਸ ਸਮੇਂ ਇਕ ਨਿੱਜੀ ਹਸਪਤਾਲ ਵਿਖੇ ਜ਼ੇਰੇ ਇਲਾਜ ਹੈ । ਉਸ ਨੇ ਦੱਸਿਆ ਕਿ ਲਵਪ੍ਰੀਤ ਸਿੰਘ ਪੁੱਤਰ ਦਲਜੀਤ ਸਿੰਘ ਨੇ ਆਪਣੇ ਦਸਤੀ ਪਿਸਟਲ ਦੇ ਦੋ ਫਾਇਰ ਮਾਰ ਦੇਣ ਦੀ ਨੀਅਤ ਨਾਲ ਮੇਰੇ ਉਪਰ ਕੀਤੇ। ਥਾਣਾ ਧਾਰੀਵਾਲ ਪੁਲਸ ਨੇ ਹਮਲਾ ਕਰਨ ਵਾਲੇ ਉਕਤ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

# ਸੁਖਵਿੰਦਰ ਕੌਰ ਪਿੰਡ ਮੱਤੇਵਾਲ ਤੋਂ ਸਰਪੰਚ ਬਣੀ



ਤਰਸਿੱਕਾ (ਤਰਸੇਮ ਸਿੰਘ ਸਾਧਪੁਰ)-ਮਜੀਠਾ ਹਲਕੇ ਦੇ ਪਿੰਡ ਮੱਤੇਵਾਲ ਜਿਸ ਦੀ ਪੰਚਾਇਤ 'ਤੇ ਹਮੇਸ਼ਾ ਹੀ ਇੱਕ ਹੀ ਪਰਵਾਰ ਦਾ ਕਬਜ਼ਾ ਰਿਹਾ ਹੈ ਪਰ ਐਤਕੀ ਇੱਥੋਂ ਵੀ ਦੂਸਰੀ ਧਿਰ ਦੀ ਪੰਚਾਇਤ ਬਣਨ ਵਿੱਚ ਕਾਮਯਾਬ ਹੋਈ। ਵਰਨਣ ਯੋਗ ਹੈ ਕਿ ਮੱਤੇਵਾਲ ਪਿੰਡ ਜੋ ਕਿ ਪੰਜਾਬ ਦੇ ਸਾਬਕਾ ਐਡਵੋਕੇਟ ਜਨਰਲ ਹਰਦੇਵ ਸਿੰਘ ਮੱਤੇਵਾਲ ਅਤੇ ਅਮਰੀਕ ਸਿੰਘ ਮੱਤੇਵਾਲ ਦਾ ਪਿੰਡ ਹੈ ਅਤੇ ਇੱਥੋਂ ਹਮੇਸ਼ਾ ਹੀ ਮੱਤੇਵਾਲ ਪਰਵਾਰ ਵਿੱਚੋਂ ਜਾਂ ਇਸ ਦੀ ਹਮਾਇਤ ਨਾਲ ਹੀ ਸਰਪੰਚ ਬਣਦਾ ਰਿਹਾ ਪਰ ਇਸ ਵਾਰ ਹਾਲਾਤ ਉਲਟ ਰਹੇ। ਜਿੱਥੋਂ ਦੂਸਰੀ ਧਿਰ ਵੱਲੋਂ ਸ੍ਰੀਮਤੀ ਸੁਖਵਿੰਦਰ ਕੌਰ ਪਤਨੀ ਹਰਪਾਲ ਸਿੰਘ ਸਰਪੰਚ ਬਣਨ ਵਿੱਚ ਕਾਮਯਾਬ ਹੋਈ ਹੈ। ਜਿਸ ਦੀ ਸਮੁੱਚੇ ਇਲਾਕੇ ਵਿੱਚ ਚਰਚਾ ਹੈ। ਸੁਖਵਿੰਦਰ ਕੌਰ ਆਪਣੇ ਨਾਲ ਛੇ ਮੈਂਬਰ ਪੰਚਾਇਤ ਜਿਨ੍ਹਾਂ ਵਿੱਚ ਬੀਬੀ ਬਲਜੀਤ ਕੌਰ, ਬਲਦੇਵ ਸਿੰਘ, ਜਸਪਾਲ ਸਿੰਘ, ਕੁਲਵਿੰਦਰ ਕੌਰ, ਮਨਦੀਪ ਕੌਰ ਅਤੇ ਮਨਜੀਤ ਕੌਰ ਸ਼ਾਮਲ ਹਨ, ਨੂੰ ਬਣਾਉਣ ਵਿੱਚ ਕਾਮਯਾਬ ਹੋਈ ਹੈ। ਇਸ ਟੀਮ ਵਿੱਚ ਸੁਲੱਖਣ ਸਿੰਘ ਬੱਬਰ, ਤਰਸੇਮ ਸਿੰਘ ਗਾਰਡ, ਕੁਲਬੀਰ ਸਿੰਘ ਮੈਨੇਜਰ, ਪ੍ਰਭਜੋਤ ਸਿੰਘ ਪੇਂਟਰ, ਗੁਰਬੀਰ ਸਿੰਘ ਮੱਲ੍ਹੀ, ਭੁਪਿੰਦਰ ਸਿੰਘ ਭਿੰਦੂ, ਬੂਟਾ ਸਿੰਘ ਗਾਰਡ ਸਮੇਤ ਹੋਰ ਆਗੂ ਵੀ ਹਾਜ਼ਰ ਸਨ, ਜਿਨ੍ਹਾਂ ਦੀ ਮਿਹਨਤ ਸਦਕਾ ਇਹ ਕਾਰਜ ਨੇਪਰੇ ਚੜ੍ਹਿਆ ਹੈ। ਚੋਣ ਜਿੱਤਣ ਤੋਂ ਬਾਅਦ ਸਰਪੰਚ ਸੁਖਵਿੰਦਰ ਕੌਰ ਅਤੇ ਉਹਨਾਂ ਦੀ ਟੀਮ ਨੇ ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਪਾਤਸ਼ਾਹੀ ਛੇਵੀਂ ਵਿਖੇ ਮੱਥਾ ਟੇਕਿਆ ਜਿੱਥੇ ਬਾਬਾ ਸੱਜਣ ਸਿੰਘ ਮੁਖ ਸੇਵਾਦਾਰ ਵੱਲੋਂ ਸਰਪੰਚ ਅਤੇ ਉਹਨਾਂ ਦੀ ਟੀਮ ਨੂੰ ਸਿਰੋਪੇ ਦੇ ਕੇ ਸਨਮਾਨਤ ਕੀਤਾ ਗਿਆ।

# ਪੰਚ ਨੂੰ ਪਈ ਇੱਕ ਵੋਟ !

ਵੇਰਕਾ (ਰਾਣਾ)- ਵਿਧਾਨ ਸਭਾ ਹਲਕਾ ਮਜੀਠਾ ਅਧੀਨ ਆਉਂਦੇ ਪਿੰਡ ਮੱਜਵਿੰਡ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਈਆਂ ਪੰਚਾਇਤ ਚੋਣਾਂ ਦੌਰਾਨ ਪਿੰਡ ਦਾ ਪੰਚ ਬਣਨ ਦੇ ਇੱਛੁਕ ਉਮੀਦਵਾਰ ਨੂੰ ਮਹਿਜ਼ ਇੱਕ ਵੋਟ ਹੀ ਪਈ। ਇਸ ਬਾਬਤ ਮਿਲੀ ਜਾਣਕਾਰੀ ਅਨੁਸਾਰ ਗ੍ਰਾਮ ਪੰਚਾਇਤ ਪਿੰਡ ਮੱਜਵਿੰਡ ਦਾ ਮੈਂਬਰ ਬਣਨ ਲਈ ਗੁਰਪ੍ਰੀਤ ਸਿੰਘ ਉਮੀਦਵਾਰ ਬਣਿਆ ਸੀ। ਜਿਸ ਨੂੰ ਕੇਵਲ ਆਪਣੀ ਹੀ ਇਕਲੌਤੀ ਵੋਟ ਪਈ। ਵੋਟਾਂ ਪੈਣ ਦੀ ਸਮਾਪਤੀ ਉਪਰੰਤ ਜਦੋਂ ਇਲੈਕਸ਼ਨ ਸਟਾਫ ਨੇ ਚੋਣ ਲੜਨ ਵਾਲੇ ਉਮੀਦਵਾਰਾਂ ਦੀਆਂ ਵੋਟਾਂ ਦੀ ਗਿਣਤੀ ਕਰਨੀ ਆਰੰਭ ਕੀਤੀ ਤਦ ਪੰਚ ਬਣਨ ਵਾਲੇ ਗੁਰਪ੍ਰੀਤ ਸਿੰਘ ਨੂੰ ਪਈ ਇੱਕ ਵੋਟ ਦੀ ਗਿਣਤੀ ਨੇ ਸਭ ਨੂੰ ਹੈਰਾਨ ਕਰ ਦਿੱਤਾ। ਉਕਤ ਮਾਮਲੇ ਦੀ ਇਲਾਕੇ ਭਰ ਵਿੱਚ ਖੂਬ ਚਰਚਾ ਕੀਤੀ ਜਾ ਰਹੀ। ਨਾਲੇ ਲੋਕ ਤਰ੍ਹਾਂ-ਤਰ੍ਹਾਂ ਦੀਆਂ ਫੱਬਤੀਆਂ ਕੱਸ ਰਹੇ ਹਨ।

# ਅਪੋਲੋ ਹਸਪਤਾਲ ਨੇ ਸਥਾਪਿਤ ਕੀਤਾ ਪੰਜਾਬ ਦਾ ਦੂਜਾ ਜਣਨ ਦੇਖਭਾਲ ਕੇਂਦਰ

ਚੰਡੀਗੜ੍ਹ : ਬੱਚਿਆਂ ਤੋਂ ਵਾਂਝੇ ਜੋੜਿਆਂ ਲਈ ਬੇਹਤਰੀਨ ਸਹੂਲਤਾਂ ਮੁਹੱਈਆ ਕਰਵਾ ਕੇ ਉਨ੍ਹਾਂ ਦੀ ਗੋਦ ਨੂੰ ਹਰਾ ਕਰਨ ਵਿੱਚ ਨਾਮ ਖੱਟਣ ਵਾਲੇ ਅਪੋਲੋ ਫਰਟੀਲਿਟੀ ਸੈਂਟਰ ਨੇ ਪੰਜਾਬ ਵਿੱਚ ਆਪਣਾ ਦੂਜਾ ਅਤੇ ਸਭ ਤੋਂ ਵੱਡਾ ਸਟੈਂਡ ਅਲੋਨ ਫਰਟੀਲਿਟੀ ਸੈਂਟਰ ਖੋਲਿਆ ਹੈ।ਕਰੀਬ 7 ਹਜ਼ਾਰ ਵਰਗ ਫੁੱਟ ਵਿੱਚ ਫੈਲੇ ਇਸ ਕੇਂਦਰ ਵਿੱਚ ਅਤਿ ਆਧੁਨਿਕ ਤਕਨੀਕ ਸਥਾਪਿਤ ਕੀਤੀ ਗਈ ਹੈ। ਜਿਸ ਵਿੱਚ 100 ਆਪਰੇਸ਼ਨ ਕੇਂਦਰ, ਭਰੂਣ ਦੇ ਵਿਕਾਸ ਲਈ ਸਰਵੋਤਮ ਏਅਰ ਫਲੋ ਅਤ 7 ਪੜਾਅ ਦਾ ਇੱਕ ਹੈਪਾ ਫਿਲਟਰ ਸ਼ਾਮਿਲ ਹੈ। ਅੱਜ ਇਸ ਦੇ ਉਦਘਾਟਨੀ ਸਮਾਗਮ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਇਸ ਸਬੰਧੀ ਜਾਣਕਾਰੀ ਦਿੰਦਿਆਂ ਅਪੋਲੋ ਫਰਟੀਲਿਟੀ ਦੇ ਮੁੱਖ ਕਾਰਜਕਾਰੀ ਅਧਿਕਾਰੀ ਅਨੁਭਵ ਪ੍ਰਸ਼ਾਤ ਨੇ ਦੱਸਿਆ ਕਿ ਕੇਂਦਰ ਵਿੱਚ 11 ਹਜ਼ਾਰ ਤੋਂ ਵੱਧ ਸੰਯੁਕਤ ਆਈਵੀਐਫ ਕੇਸਾਂ ਵਾਲੇ ਡਾਕਟਰੀ ਅਤੇ ਭਰੂਣ ਵਿਗਿਆਨੀਆਂ ਦੀ ਇੱਕ ਉੱਚ ਕੁਸ਼ਲ ਟੀਮ ਮੌਜੂਦ ਹੈ ਜੋ ਮਰੀਜਾਂ ਲਈ ਵਿਸ਼ਵ ਪੱਧਰੀ ਦੇਖਭਾਲ ਮੁਹੱਈਆ ਕਰਵਾਏਗੀ।

# ਅੱਖਾਂ ਦਾ ਮੁਫ਼ਤ ਚੈੱਕਅੱਪ ਕੈਂਪ ਭਲਕੇ

ਮੋਰਿੰਡਾ (ਜੈਜ਼ੀ ਸਰਦਾਰ) ਸਮਾਜ ਸੁਧਾਰ ਮੰਚ (ਰਜਿ.) ਪੰਜਾਬ ਜਿਲਾ ਰੋਪੜ ਵੱਲੋਂ 18 ਅਕਤੂਬਰ ਦਿਨ ਸ਼ੁੱਕਰਵਾਰ ਨੂੰ ਗੁਰਦੁਆਰਾ ਸੀਸ ਗੰਜ ਸਾਹਿਬ ਮੋਰਿੰਡਾ ਵਿਖੇ ਅੱਖਾਂ ਦਾ ਮੁਫਤ ਚੈੱਕਅੱਪ ਅਤੇ ਅਪ੍ਰੇਸ਼ਨ ਕੈਂਪ ਲਗਾਇਆ ਜਾ ਰਿਹਾ ਹੈ ਜਿਸ ਵਿੱਚ 9 ਵਜੇ ਤੋਂ ਲੈ ਕੇ 2 ਵਜੇ ਤੱਕ ਫਰੀ ਅੱਖਾਂ ਦਾ ਚੈੱਕਅਪ ਕੀਤਾ ਜਾਵੇਗਾ ਜਿਸ ਵਿੱਚ ਡਾਕਟਰ ਚਰਨਜੀਤ ਸਿੰਘ ਅੱਖਾਂ ਦੇ ਮਾਹਿਰ ਦੀ ਟੀਮ ਵੱਲੋਂ ਅੱਖਾਂ ਦੀ ਮੁਫਤ ਜਾਂਚ ਕੀਤੀ ਜਾਵੇਗੀ ਅਤੇ ਮੁਫਤ ਆਪ੍ਰੇਸ਼ਨ ਕਰਨਗੇ ਅਤੇ ਲੋੜਵੰਦਾਂ ਦੇ ਮੁਫਤ ਲੈਂਜ ਪਾਏ ਜਾਣਗੇ।ਇਸ ਕੈਂਪ ਸੰਬੰਧੀ ਜਾਣਕਾਰੀ ਕੁਲਦੀਪ ਸਿੰਘ ਓਇੰਦ ਅਤੇ ਦੀਦਾਰ ਸਿੰਘ ਡਹਿਰ ਨੇ ਦਿੱਤੀ।

# ਟਾਟਾ ਡਿਜੀਟਲ ਨੇ ਟਾਟਾ ਨਿਊ ਐਪ ਤੇ ਟਾਟਾ ਏ ਆਈ ਏ ਲਾਈਫ ਇੰਸ਼ੋਰੈਂਸ ਉਤਪਾਦ ਲਾਂਚ ਕੀਤੇ

ਲੁਧਿਆਣਾ : ਟਾਟਾ ਡਿਜੀਟਲ ਨੇ ਟਾਟਾ ਏ ਆਈ ਏ ਲਾਈਫ ਇੰਸ਼ੋਰੈਂਸ ਦੇ ਸਹਿਯੋਗ ਨਾਲ ਆਪਣੇ ਪਲੇਟਫਾਰਮ ਟਾਟਾ ਨਿਊ ਤੇ ਜੀਵਨ ਬੀਮਾ ਉਤਪਾਦਾਂ ਦੀ ਵਿਸ਼ਾਲ ਸ਼੍ਰੇਣੀ ਲਾਂਚ ਕੀਤੀ ਹੈ। ਇਹ ਰਣਨੀਤਕ ਕਦਮ ਗਾਹਕਾਂ ਦੀਆਂ ਵਿੱਤੀ ਲੋੜਾਂ ਲਈ ਇਕ-ਸਟਾਪ-ਸ਼ਾਪ ਵਜੋਂ ਟਾਟਾ ਨਿਊ ਦੀ ਸਥਿਤੀ ਨੂੰ ਮਜ਼ਬੂਤ ਕਰਦਾ ਹੈ। ਸਹਿਯੋਗ ਲਈ ਆਪਣਾ ਉਤਸ਼ਾਹ ਜ਼ਾਹਰ ਕਰਦੇ ਹੋਏ, ਅਮਰੀਸ਼ ਖੇਰ, ਚੀਫ ਬਿਜ਼ਨਸ ਅਫਸਰ (ਬੀਮਾ), ਟਾਟਾ ਡਿਜੀਟਲ ਨੇ ਕਿਹਾ, ਟਾਟਾ ਏਆਈਏ ਲਾਈਫ ਇੰਸ਼ੋਰੈਂਸ ਨਾਲ ਸਾਡੀ ਭਾਈਵਾਲੀ ਟਾਟਾ ਨਿਊ ਤੇ ਵਿੱਤੀ ਸੇਵਾਵਾਂ ਲਈ ਇੱਕ ਮਹੱਤਵਪੂਰਨ ਮੀਲ ਪੱਥਰ ਹੈ ਜੋ ਸਾਨੂੰ ਪ੍ਰਾਪਤ ਹੋਈ ਸ਼ਾਨਦਾਰ ਪ੍ਰਤੀਕਿਰਿਆ ਦਾ ਪ੍ਰਮਾਣ ਹੈ । ਬਾਸ਼ਾ ਜਿਲਾਨੀ, ਪ੍ਰਧਾਨ ਅਤੇ ਮੁੱਖ ਡਿਲਿਵਰੀ ਅਫਸਰ (ਵਿਕਲਪਕ ਅਤੇ ਉੱਭਰਦੇ ਚੈਨਲ), ਟਾਟਾ ਏਆਈਏ, ਨੇ ਕਿਹਾ, ਸਾਨੂੰ ਸਾਡੇ ਉਪਭੋਗਤਾ-ਕੇਂਦ੍ਰਿਤ ਹੱਲਾਂ ਨੂੰ ਟਾਟਾ ਨਿਊ ਐਪ ਤੇ ਉਪਲਬਧ ਕਰ ਕੇ ਖੁਸ਼ੀ ਹੋ ਰਹੀ ਹੈ, ਇਹ ਸਾਨੂੰ ਅੱਜ ਦੇ ਡਿਜੀਟਲ ਮੂਲ ਖਪਤਕਾਰਾਂ ਨੂੰ ਉਨ੍ਹਾਂ ਦੇ ਮਨਪਸੰਦ ਤੱਕ ਪਹੁੰਚ ਕਰਨ ਵਿੱਚ ਮਦਦ ਕਰਦਾ ਹੈ ।

## COURT NOTICE

(U/o 5 Rule 20 CPC)
In The Court of
**Sh. Gagandeep Singh Garg**
Additional Civil Judge Senior Division, Bathinda
CNR No. PBBT02-000827-2019
Next Date: 29-11-2024
Balbir Singh
Vs
Babu Singh

Suit for recovery of Rs/ 1,50,000/- being the principal amount on the basis of pronote and receipt pronote dated 02.06.2017 executed by the defendant in favour of the plaintiff, vide which the defendant borrowed the said amount of Rs. 1,50,000/- from the plaintiff.

Publication Issued to :
Babu Singh S/o Gurdial Singh S/o Jangir Singh, R/o Village bhame Kalan, Tehsil Sardulgarh, Distt. Mansa.

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 29.11.2024 at 10:00 A.M.

For details logon to https://highcourtchd.gov.in/?trs=district_notice&district=Bathinda

Additional Civil Judge Senior Division, Bathinda
Dated this day of 16-10-2024

## CRIMINAL COURTS, AMRITSAR

In The Court of
Amandeep Singh Ghuman
Judicial Magistrate First Class, Amritsar
Next Date, Purpose Of Case, Orders And Judgments As Well As Other Case Information is Available on http://ecourts.gov.in
NACT/2490/2021
PBAS03-013083-2021
Police Station/Fir No. Gate Hakima
Next Date: 30-11-2024
138 Of Negotiable Instruments Act
M/S Shri Hans Trading Co.
Vs
M/S Sharma Traders
Proclamation Requiring The Appearance of a Person accused
Detail of offence:
Publication Issued To :
Vikas Sharma
Prop. of M/S Sharma Traders R/O New Ranjit Pura, Sher Shah Suri Road, Amritsar.

Whereas Complaint/Case Has been made before me that R/O has committed (or is suspected to have committed) The offence punishable Under Section 138 Of Negotiable Instruments Act and It has been returned to a warrant of arrest thereupon issued that the said cannot be found, and whereas it has been shown to my satisfaction that the said has absconded (or is concealing himself/herself to avoid the service of the said warrant);

Proclamation is hereby made that the daid is required to appear before this court (or before me) on 30-11-2024 to answer the said complaint/case.

Judicial Magistrate First Class, Amritsar
Dated, This Day 0f 14-10-2024.

## ਉਤਰ ਰੇਲਵੇ

### ਈ-ਨਿਵਿਦਾ ਸੂਚਨਾ

ਸੀਨੀ. ਮੰਡਲ ਬਿਜਲੀ ਇੰਜੀਨੀਅਰ/ਸਾਧਾਰਨ, ਉਤਰ ਰੇਲਵੇ, ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਈ-ਟੈਂਡਰਾਂ (www.ireps.gov.in) ਦੀ ਮੰਗ ਕੀਤੀ ਜਾਂਦੀ ਹੈ। ਟੈਂਡਰਕਾਰਕ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ।

| | | | |
|---|---|---|---|
| ਟੈਂਡਰ ਨੰਬਰ | 251- ਬਿਜਲੀ-T-40-2024-25 | | |
| ਕੰਮ ਦਾ ਵੇਰਵਾ | ਫਿਰੋਜ਼ਪੁਰ ਮੰਡਲ ਵਿਚ ਨਵੀਂ ਪ੍ਰੀ-ਕੂਲਿੰਗ ਚਾਰਜਿੰਗ ਪੁਆਇੰਟ, ਬੈਟਰੀ ਚਾਰਜਰ ਅਤੇ ਸਬੰਧਿਤ ਕੰਮ ਦੇ ਨਾਲ ਪ੍ਰਾਵਧਾਨ ਕਰਨ ਲਈ। | | |
| ਅੰਦਾਜਨ ਲਾਗਤ (₹) | 1,68,90,298.73 | ਬਿਆਨਾ ਰਾਸ਼ੀ (₹) | 2,34,500/- |
| ਕੰਮ ਦਾ ਸਮਾਂ | 06 ਮਹੀਨੇ | ਟੈਂਡਰ ਖੁਲ੍ਹਣ ਦੀ ਮਿਤੀ ਅਤੇ ਸਮਾਂ | |
| ਵੈਬਸਾਈਟ | www.ireps.gov.in | 07.11.2024 ਨੂੰ 15:00 ਵਜੇ ਦੇ ਬਾਅਦ | |

ਨੰ. 251-ਬਿਜਲੀ ਟੈਂਡਰ ਨੋਟਿਸ ਨੰ. 33-ਬਿਜਲੀ-2024-25
ਮਿਤੀ 15.10.2024 3200/2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਉੱਤਰ ਰੇਲਵੇ

### ਈ-ਨੀਲਾਮੀ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਸੀਨੀਅਰ ਮੰਡਲ ਵਾਣਿਜਯ ਪ੍ਰਬੰਧਕ, ਉੱਤਰ ਰੇਲਵੇ, ਫ਼ਿਰੋਜ਼ਪੁਰ ਦੁਆਰਾ ਹੇਠਾ ਦਿਤੇ ਗਏ ਕੰਮ ਦੇ ਲਈ ਯੋਗ ਅਤੇ ਰਜਿਸਟਰਡ ਬੋਲੀਦਾਤਾਵਾਂ ਤੋਂ ਫ਼ਿਰੋਜ਼ਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਗਈ ਹੈ:

| ਨੀਲਾਮੀ ਸੂਚੀ ਨੰ: | ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ | ਕੰਮ ਦਾ ਨਾਮ |
|---|---|---|
| EAFZR-OH24-14 | 30.10.2024 ਨੂੰ 10.30 ਵਜੇ | ਵਾਣਿਜਿਅਕ ਪ੍ਰਚਾਰ ਅਧਿਕਾਰਾਂ ਦੇ ਲਈ ਠੇਕੇ ਦਾ ਅਲਾਟਮੈਂਟ: ਕ) ਸੁਜਾਨਪੁਰ, ਸਾਹਨੇਵਾਰ, ਬਾਡੀ, ਬ੍ਰਹਮਣਾ, ਜੰਮੂ ਤਵੀ, ਪਠਾਨਕੋਟ, ਅੰਮ੍ਰਿਤਸਰ, ਜਲੰਧਰ ਸ਼ਹਿਰ, ਬਾਰਾਮੂਲਾ, ਸੋਪੁਰ, ਬਡਗਾਮ, ਸ੍ਰੀਨਗਰ, ਅਨੰਤਨਾਗ, ਕਾਜ਼ੀਗੁੰਡ ਅਤੇ ਬਨਿਹਾਲ ਰੇਲਵੇ ਸਟੇਸ਼ਨ ਉਤੇ ਪਾਨੀ ਦੀ ਟੰਕੀਆਂ ਦੇ ਓਵਰਹੇਡ ਦੇ ਬਾਹਰੀ ਹਿੱਸੇ ਉਤੇ। ਖ) ਛੀਨਾ, ਵੇਰਕਾ, ਜੈਂਤੀਪੁਰਾ, ਬਟਾਲਾ, ਭਗਤਾਂਵਾਲਾ, ਅਤੇ ਪੱਟੀ ਰੇਲਵੇ ਸਟੇਸ਼ਨ ਤੋਂ ਸਟੇ ਲੇਵਲ ਕਰੋਸਿੰਗ ਗੇਟਾਂ ਉਤੇ। ਗ) ਮੁਖੂ, ਨਕੋਦਰ ਤੇ ਸਾਂਭਾ ਰੇਲਵੇ ਸਟੇਸ਼ਨ ਉਤੇ ਹੋਰਡਿੰਗ ਦੇ ਦੁਵਾਰਾ ਤੋਂ ਅਤੇ ਪਾਨੀ ਦੀ ਟੰਕੀਆਂ ਦੇ ਓਵਰਹੇਡ ਦੇ ਬਾਹਰੀ ਹਿੱਸੇ ਉਤੇ। ਘ) ਗੋਰਾਯਿਾ, ਮਾਧੋਪੁਰ ਪੰਜਾਬ ਤੇ ਲੋਹਿਯਾ ਖਾਸ ਰੇਲਵੇ ਸਟੇਸ਼ਨ ਉਤੇ ਹੋਰਡਿੰਗ ਦੇ ਦੁਵਾਰਾ ਤੋਂ। |
| EAFZR-MIS24-10 | 30.10.2024 ਨੂੰ 11.30 ਵਜੇ | ਕ) ਰੇਲਵੇ ਸਟੇਸ਼ਨ ਜਲੰਧਰ ਸ਼ਹਿਰ, ਫਰੀਦਕੋਟ, ਫਿਲੌਰ, ਕਠੂਆ, ਫ਼ਿਰੋਜ਼ਪੁਰ ਕੈਂਟ, ਪਠਾਨਕੋਟ ਕੈਂਟ ਅਤੇ ਉਧਮਪੁਰ ਉਤੇ ਵਾਟਰ ਵੈਂਡਿੰਗ ਮਸ਼ੀਨਾਂ ਦੇ ਪ੍ਰਾਵਧਾਨ ਅਤੇ ਸੰਚਾਲਨ ਦੇ ਲਈ ਠੇਕੇ ਦਾ ਅਲਾਟਮੈਂਟ । ਖ) ਰੇਲਵੇ ਸਟੇਸ਼ਨ ਜਲੰਧਰ ਸਿਟੀ ਅਤੇ ਪਠਾਨਕੋਟ ਕੈਂਟ ਵਿਚ ਸ਼ਾਂਤੀਪੂਰਨ/ਸ਼ਿਥਿਲ ਜੋਨ ਵਿਚ ਬਾਡੀ ਰਿਲੀਫ ਚੇਯਰ ਦੀ ਸਥਾਪਨਾ, ਸੰਚਾਲਨ ਅਤੇ ਰੱਖ-ਰੱਖਾਵ ਦੇ ਠੇਕੇ ਦਾ ਅਲਾਟਮੈਂਟ। |
| EAFZR-MPS24-5 | 30.10.2024 ਨੂੰ 12.30 ਵਜੇ | ਕਠੂਆ ਅਤੇ ਫਰੀਦਕੋਟ ਰੇਲਵੇ ਸਟੇਸ਼ਨ ਉਤੇ ਬਹੁਉਦੇਸ਼ੀਯ ਸਟਾਲ (ਐਮਪੀਐਸ) ਦਾ ਠੇਕੇ ਉਤੇ ਅਲਾਟਮੈਂਟ। |
| EAFZR-PRKG24-7 | 30.10.2024 ਨੂੰ 13.00 ਵਜੇ | ਰੇਲਵੇ ਸਟੇਸ਼ਨ ਹੀਰਾਨਗਰ ਉਤੇ ਪਾਰਕਿੰਗ ਜਗ੍ਹਾਂ ਦਾ ਠੇਕੇ ਉਤੇ ਅਲਾਟਮੈਂਟ। |

ਪੂਰੀ ਜਾਣਕਾਰੀ ਅਤੇ ਰਜਿਸਟਰੇਸ਼ਨ ਦੇ ਲਈ ਕ੍ਰਿਪਾ ਰੇਲਵੇ ਦੀ ਵੇਬਸਾਈਟ www.ireps.gov.in ਉਤੇ ਜਾਉ।
3213/2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

# ਕਲਾਸੀਫਾਈਡ ਇਸ਼ਤਿਹਾਰ

## Change of Name

It is for general information that I, Kabal Singh Son of Sawinder Singh Residence H.No. 948/8, Shaan Gali, Chowk Moni, Amritsar 143001 Punjab, India declare that name of my wife has been wrongly written as Aravinder Kaur in my Passport Vide File No. ASR070075017024). The actual name of my wife is Ravinder Kaur which may be amended accordingly.

I, Palwinder Singh S/O Manjit Singh R/O H. No. 214, Avtar Avenue, Kot Khalsa, Amritsar, Punjab have changed my name from Palwinder Singh to Palwinder as my Given name and Singh as my Surname. Concerned note.

I Pankaj w/o Davinder Kumar Sharma R/O 32 Maha Kali Nagar, Sodal Road, Jalandhar have changed my name to Pankaj Sharma after marriage. Pl. note all concerned

I Sham Sunder Arora S/o Ralla Ram R/o NE57, Sehgala Moh. Jalandhar have changed my name to Sham Sunder. Please note all concerned.

I Nancy W/O Durga Passi Near Passian Chownk VTC 144410,P.O. Phillaur, Tehsil Phillaur, District Jalandhar have Changed my name to Nancy Passi.

I, Charanjit S/o Salag Ram R/o H. No. 227, Kaki Pind, P.O. Dakoha, Jalandhar-144023 Punjab, India have changed my name from Charanjeet to Charanjit. All concerned my be noted please. (10836)

I, Kamaljit W/o Charanjit R/o H. No. 227, Kaki Pind, P.O. Dakoha, Jalandhar-144023 Punjab, India have changed my name from Kamla to Kamaljit. All concerned may be noted please. (10836)

I, Rajiv Kumar S/o Arjun Dass R/o Hassanpura Dera Road, Tehsil Batala, Distt. Gurdaspur have changed my name to Given Name as Rajiv & Surname as Kumar. Concerned Note.

I, Saroj Sharma , W/O Ashwani Kumar R/o #2392, Jal Vayu Vihar, Sector-67, S.A.S Nagar (Mohali), Punjab- 160062. have changed my name and shall hereafter be Known as Saroj Devi.

I, Kuldeep S/O Ravinder Kumar , R/o Ward No-09, Chautala, Sirsa, Haryana- 125101, have changed my name and shall hereafter be Known as Kuldeep Didan.

I, Ajay Kumar S/O Himal Chand , R/o FLat No-A4-705, Solera, Sector-107, Gurgaon, Haryana-122001. Declare that Name of My Mother has been wrongly written as Swarna Devi in my Birth Certificate. The actual name of My Mother is Swarna Kumari , which may be amended accordingly.

I, hitherto known as Phoola Rani W/o Prem Kumar R/o H.No. W.Q-282, Mohalla Chaiam, Basti Sheikh, Jalandhar-144002, Punjab, India have changed my name and shall hereafter be known as Phoolan Rani.

I, hitherto known as Ravi Mohan S/o Prem Kumar R/o H.No. WQ-282, Chaiaam Mohalla, Basti Sheikh, Jalandhar-144001, Punjab, India have changed my name and shall hereafter be known as Ravi Mohan Rai.

I, Gurmeet Singh S/o Khajan Singh R/o 73/5, Guru Arjan Nagar Near Basti Mithu, PO. Basti Guzan, Jalandhar have changed my name to Gurmit Singh. All concerned please note.

I, Sumit Verma S/o Inderjit Singh R/o House No. 140-A, Gali No. 6, Preet Nagar, Ladowali Road, Jalandhar, Punjab-144001, India have changed my name from Sumit Verma to Sumit Bagga. All concerned please note.

I, Manpreet Singh S/o Nirmal Singh R/o H.No.E-10/319, Gali Mangal Puri, Khandwala, Amritsar have changed my name from Manpreet Singh to Manpreet Singh Riar.

I, Rubi Rani W/O Baljinder Kumar R/O Hussainpur, Jalandhar -144026, Punjab have changed my name from Rubi Rani to Ruby Rani. All concern note.

I Divakar Verma S/O Vikram Verma R/O X-1004 Jalandhar Heights-1 66 Feet Road Jalandhar 144022 Punjab India, Have Changed My Name From Divakar Verma To Diwakar Verma.

I, Nirmal Singh S/o Pyara Singh R/o H. No.E-10/319, Gali Mangal Puri, Khandwala, Amritsar have changed my name from Nirmal Singh to Nirmal Singh Riar.

## Change of Name

I, Baljinder Kaur W/o Nirmal Singh R/o H.No.E-10/319, Gali Mangal Puri, Khandwala, Amritsar have changed my name from Baljinder Kaur to Baljinder Kaur Riar

I, Rakesh Kumar Aggarwal S/o Jugal Kishore Resident of 52, New Golden Avenue, Amritsar. I have changed my name from Rakesh Kumar Aggarwal to Rakesh Kumar.

I, Vinod Kumar Bhatia S/o Sh. Tilak Raj Resident of H.No. 275 , Tilak Nagar ,Amritsar have changed my name from Vinod Kumar Bhatia to Vinod Bhatia

I, Surjit Singh Pannu S/o Sucha Singh R/o H.No.M33, Bhalla Colony Chheharta, Amritsar have changed my name from Surjit Singh Pannu to Surjit Singh.

I, Pritpal Singh S/O Dalwinder Singh R/O V.P.O. Poonian, Tehsil Shahkot, Distt. Jalandhar have changed my name to Singh Pritpal, Singh considers as Surname and Pritpal considers as Given name. Note Please.

I Rupinder Kaur W/O Jaspal Singh R/O Hno 613 Ward No 02 Mahilpur Tehsil Garhshankar (Hoshiarpur) Have Changed My Name To Rupinder Kaur (Rupinder As Given Name) And (Kaur As Surname).

I Jaspal Singh S/O Sohan Singh R/O Hno 613 Ward No 02 Mahilpur Tehsil Garhshankar (Hoshiarpur) Have Changed My Name To Jaspal Singh (Jaspal As Given Name ) And (Singh As Surname).

I, Hira Singh alias Ranjit Singh S/o Mangal Singh R/o Village Nasirpur Po. Chaudhariwal Tehsil Batala (Gurdaspur) Pb., have changed my name as Ranjit Singh.

I, Rakesh Verma S/o Kesho Ram Verma R/o H.No. 42, Shastri Nagar, Basti Guzan, Jalandhar declare that Rakesh Verma and Rakesh Kumar is the name of one and the same person. All Please Note.

I, Rozy w/o Bhajan Masih r/o VPO. Raipur Arian, (Via Nadala) Distt. Kapurthala-144624 have changed the spelling of my name to Rozi. All Please Note.

I, Mindho Devi alias Mohinder Kaur Chohan w/o Mundry Ram Chohan r/o Vill. Humbran, Po. Bainch Baja, Distt. Hoshiarpur have changed my name to Mohinder Kaur Chohan. All Please Note.

I, Balihar Kaur w/o Mulkh Raj r/o Vill. Aujla Dhak, Po. Lidder Kalan, Tehsil Phillaur, Jalandhar have changed my minor daughter name from Harsimran Kaur to Kaur Harsimran (Surname as Kaur) All Please Note.

I, hitherto known as Avtar Saini S/o Gurbachan Singh R/o Chhota Saipur, Saini Colony, Jalandhar, Punjab-144004 have changed my name and shall hereafter be known as Avtar Singh. All Please Note.

I, Mohit S/o Om Parkash R/o H.No.69 E, Harbans Nagar. J.P Road, Jalandhar, Punjab have changed my name from Mohit to Mohit Mishra. (Mishra as surname) All Please Note.

I, Gursharan Kaur W/o Sandip Singh R/o Village Nawan Kot, P.O. Meharbanpura, Tehsil & Distt. Amritsar. I have changed my name from Gursharan Kaur to Gursharn Kaur. All Please Note.

I, Akashdeep Singh S/o Jaspal Singh R/o Vill. Arli Bhan, P.O. Dargabad, Tehsil Dera Baba Nanak, Distt. Gurdaspur, Punjab, have changed my name to Singh Akashdeep.

## ਨਾਂਅ ਦੀ ਬਦਲੀ

ਮੈਂ, ਸੰਜੇ ਮੈਨੀ ਪੁੱਤਰ ਸ. ਸੁਰੇਸ਼ ਮੈਨੀ ਵਾਸੀ ਵਾਰਡ ਨੰ. 25, ਸਮਰਾਲਾ ਰੋਡ, ਨਵੀਂ ਅਬਾਦੀ, ਖੰਨਾ, ਤਹਿਸੀਲ ਖੰਨਾ, ਜ਼ਿਲ੍ਹਾ. ਲੁਧਿਆਣਾ ਘੋਸ਼ਣਾ ਕਰਦਾ ਹਾਂ ਕਿ ਮੈਂ ਆਪਣੀ ਨਾਬਾਲਗ ਧੀ ਦਾ ਨਾਂ ਆਸਥਾ ਤੋਂ ਬਦਲ ਕੇ ਆਸਥਾ ਮੈਨੀ ਕਰ ਲਿਆ ਹੈ। ਸਬੰਧਤ ਕਿਰਪਾ ਕਰਕੇ ਨੋਟ ਕਰੋ।

ਮੈਂ, ਬਲਜੀਤ ਸਿੰਘ ਪੁੱਤਰ ਹਰਵੇਲ ਸਿੰਘ ਵਾਸੀ ਪਿੰਡ ਨਬੀਨਗਰ, ਡਾਕਖਾਨਾ ਫੱਤੂਪੁਰ, ਤਹਿਸੀਲ ਡੇਰਾ ਬਾਬਾ ਨਾਨਕ, ਜ਼ਿਲ੍ਹਾ ਗੁਰਦਾਸਪੁਰ, ਪੰਜਾਬ ਨੇ ਆਪਣਾ ਨਾਂਅ ਬਦਲ ਕੇ ਸਿੰਘ ਬਲਜੀਤ ਰੱਖ ਲਿਆ ਹੈ।

## ਆਮ ਸੂਚਨਾ

ਮੈਂ, ਸੰਤੋਖ ਸਿੰਘ ਪੁੱਤਰ ਲੱਖਾ ਸਿੰਘ, ਵਾਸੀ ਪਿੰਡ ਖੈੜਾ ਬੇਟ, ਜ਼ਿਲ੍ਹਾ ਕਪੂਰਥਲਾ, ਪੰਜਾਬ, ਬਿਆਨ ਕਰਦਾ ਹਾਂ ਕਿ ਕੁਝ ਕਾਗਜ਼ਾਤਾਂ ਵਿੱਚ ਮੇਰਾ ਨਾਮ ਗਲਤੀ ਨਾਲ ਸੁਖਦੇਵ ਸਿੰਘ ਦਰਜ਼ ਕਰ ਦਿੱਤਾ ਗਿਆ ਹੈ, ਜਦ ਕਿ ਮੇਰਾ ਸਹੀ ਨਾਮ ਸੰਤੋਖ ਸਿੰਘ ਹੈ। ਮੈਂ ਸੰਤੋਖ ਸਿੰਘ ਦੇ ਨਾਮ ਨਾਲ ਜਾਣਿਆ ਜਾਂਦਾ ਹਾਂ।

ਮੈਂ ਦੇਸ ਰਾਜ ਪੁੱਤਰ ਬੂਟੀ ਰਾਮ ਵਾਸੀ ਪਿੰਡ ਨਬੀਪੁਰ ਜ਼ਿਲ੍ਹਾ ਗੁਰਦਾਸਪੁਰ ਆਪਣੇ ਲੜਕੇ ਰਾਜ ਕੁਮਾਰ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ 18.01.2018 ਨੂੰ ਨਵਾਂ ਜ਼ਮਾਨਾ ਅਖ਼ਬਾਰ ਵਿੱਚ ਇਸ਼ਤਿਹਾਰ ਦੇ ਕੇ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕੀਤਾ ਸੀ । ਹੁਣ ਉਹ ਮੇਰੇ ਕਹਿਣੇ ਵਿੱਚ ਹੈ । ਮੈਂ ਉਸ ਦੀ ਬੇਦਖਲੀ ਵਾਪਸ ਲੈਂਦਾ ਹਾਂ । ਹੁਣ ਉਹ ਪਹਿਲਾਂ ਵਾਂਗ ਮੇਰੀ ਚੱਲ-ਅਚੱਲ ਜਾਇਦਾਦ ਦਾ ਵਾਰਸ ਹੋਵੇਗਾ ।

ਮੈਂ, ਮਨਜੀਤ ਕੌਰ ਪਤਨੀ ਲਖਵਿੰਦਰ ਸਿੰਘ ਵਾਸੀ 3 ਐੱਮ. ਸੀ. ਏ. 3110, ਬਿੱਲੇ ਵਾਲਾ ਚੌਕ, ਮੋਹਕਮਪੁਰਾ, ਤੁੰਗਪਾਈ, ਅੰਮ੍ਰਿਤਸਰ ਸੂਚਿਤ ਕਰਦੀ ਹਾਂ ਕਿ ਮੇਰੇ ਘਰ ਦੀ ਪੁਰਾਣੀ ਰਜਿਸਟਰੀ ਅਸਲੀ ਸੇਲ ਡੀਡ ਮਿਤੀ 21.06.2004 ਦਸਤਾਵੇਜ਼ ਨੰ: 3614 ਰਾਮ ਸਿੰਘ ਪੁੱਤਰ ਪ੍ਰਤਾਪ ਸਿੰਘ ਦੇ ਪੱਖ ਵਿਚ ਪਲਾਟ ਪ੍ਰਾਈਵੇਟ ਨੰ: 30, ਖਸਰਾ ਨੰ: 1581/2 ਮਿਨ, ਕੁਲ ਰਕਬਾ 95.21 ਵਰਗ ਗਜ ਜੋ ਤੁੰਗਪਾਈ ਸਬ-ਅਰਬਨ ਅਬਾਦੀ ਨਿਊ ਰਾਜੇਸ਼ ਨਗਰ ਅੰਮ੍ਰਿਤਸਰ ਵਿਖੇ ਹੈ ਜੋ ਕਿ 24.09.24 ਨੂੰ ਗੁੰਮ ਹੋ ਗਈ ਹੈ। ਜਿਸ ਦੀ ਡੀ. ਡੀ. ਆਰ. 9.10.24 ਨੂੰ ਥਾਣਾ ਮੋਹਕਮਪੁਰਾ ਅੰਮ੍ਰਿਤਸਰ ਵਿਖੇ ਦਰਜ ਕਰਵਾ ਦਿੱਤੀ ਹੈ, ਜਿਸ ਦਾ ਐਲ. ਆਰ. ਨੰਬਰ 524744/2024 ਹੈ। ਅਗਰ ਕਿਸੇ ਨੂੰ ਮਿਲੇ ਤੇ ਉਪਰ ਲਿਖੇ ਪੱਤੇ 'ਤੇ ਸੰਪਰਕ ਕਰੇ। ਮੋਬਾਈਲ : 79734-64319.

## Public Notice

I, Gurdip Kaur W/o Avtar Singh, Charke, Distt Jalandhar declare that Gurdeep Kaur and Gurdip Kaur is one and the same lady.

I, Harmandeep Singh S/o Resham Singh R/o Vill. Pahra, P.O. Tibber, Tehsil/Distt. Gurdaspur-143521, Punjab, declare that my given name as Harmandeep and my Surname as Singh.

I, Davinder Singh S/o Joginder Singh R/o V.P.O. Paniar, Near Bus Stand Sugar Mill, Distt. Gurdaspur, Punjab, declare that my given name as Davinder and my Surname as Singh.

I, Vipan Sarna Son of Sh. J.R. Sarna resident of H. No. ER-241-A, Pucca Bagh, Jalandhar declare that my son namely Vineet Sarna is out of my control and as such i do not want to have any relations with him. I disinherit my son Vineet Sarna from all my movable or immovable properties. I am not responsible for any acts or dealing of Vineet Sarna with anybody.

I, Vipan Sarna Son of Sh. J.R. Sarna resident of H. No. ER-241-A, Pucca Bagh, Jalandhar declare that my son namely Varun Sarna and his wife Sumona are out of my control and as such I do not want to have any relations with him. I disinherit my son Varun Sarna and his wife Sumona from all my movable or immovable properties. I am not responsible for any acts or dealing of Varun Sarna and his wife Sumona with anybody.

## ਬੇਦਖਲੀ ਨੋਟਿਸ

ਮੈਂ, ਮਨਜੀਤ ਸਿੰਘ ਪੁੱਤਰ ਪ੍ਰੀਤਮ ਸਿੰਘ ਅਤੇ ਕਮਲੇਸ਼ ਰਾਣੀ ਪਤਨੀ ਮਨਜੀਤ ਸਿੰਘ ਵਾਸੀਆਨ ਮਕਾਨ ਨੰਬਰ 45-ਏ, ਗਲੀ ਨੰ: 16, ਫਤਹਿ ਸਿੰਘ ਕਾਲੋਨੀ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਸਾਡਾ ਲੜਕਾ ਹਰਵਿੰਦਰ ਸਿੰਘ ਅਤੇ ਉਸ ਦੀ ਪਤਨੀ ਗੁਰਪ੍ਰੀਤ ਕੌਰ ਸਾਡੇ ਕਹਿਣੇਕਾਰ ਨਹੀਂ ਹਨ। ਸਾਡੇ ਨਾਲ ਲੜਾਈ-ਝਗੜਾ ਕਰਦੇ ਹਨ। ਇਸ ਲਈ ਅਸੀਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰ ਦਿੱਤਾ ਹੈ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡਾ ਇਨ੍ਹਾਂ ਨਾਲ ਕੋਈ ਤੁਲਕ ਵਾਸਤਾ ਨਹੀਂ ਰਿਹਾ।

ਅਸੀਂ ਅਵਤਾਰ ਸਿੰਘ ਪੁੱਤਰ ਸ. ਸੋਹਨ ਸਿੰਘ ਅਤੇ ਹਰਬੰਸ ਕੌਰ ਪਤਨੀ ਅਵਤਾਰ ਸਿੰਘ ਵਾਸੀ ਐੱਲ 6/1046, ਗਲੀ ਨੰ: 3, ਸ਼ਹੀਦ ਉਧਮ ਸਿੰਘ ਨਗਰ, ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਰਣਦੀਪ ਸਿੰਘ ਅਤੇ ਉਸ ਦੀ ਪਤਨੀ ਸੁਮਨ ਸਾਡੇ ਕਹਿਣੇਕਾਰ ਨਹੀਂ ਹਨ। ਇਸ ਲਈ ਅਸੀਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰ ਦਿੱਤਾ ਹੈ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡਾ ਇਨ੍ਹਾਂ ਨਾਲ ਕੋਈ ਤੁਲਕ ਵਾਸਤਾ ਨਹੀਂ ਰਿਹਾ।

ਮੈਂ, ਜੋਗਿੰਦਰ ਸਿੰਘ ਪੁੱਤਰ ਤੇਜਾ ਸਿੰਘ ਵਾਸੀ ਪਿੰਡ ਚੌਹਾਨ, ਤਹਿਸੀਲ ਵਾ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸ਼ਰਨਜੀਤ ਸਿੰਘ ਅਤੇ ਉਸ ਦੀ ਪਤਨੀ ਨਿਰਮਲ ਕੌਰ ਮੇਰੇ ਕਹਿਣੇਕਾਰ ਨਹੀਂ ਹਨ। ਇਸ ਲਈ ਮੈਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰ ਦਿੱਤਾ ਹੈ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

## ਬੇਦਖਲੀ ਨੋਟਿਸ

ਮੈਂ ਜਸਬੀਰ ਸਿੰਘ ਪੁੱਤਰ ਸ. ਗੁਲਜਾਰ ਸਿੰਘ ਪੁੱਤਰ ਸ. ਬਹਾਲ ਸਿੰਘ ਵਾਸੀ ਪਿੰਡ ਖਾਲੜਾ,ਤਹਿ-ਭਿੱਖੀਵਿੰਡ, ਜਿਲਾ-ਤਰਨ ਤਾਰਨ ਆਪਣੇ ਪੁੱਤਰ ਪਲਵਿੰਦਰ ਸਿੰਘ ਉਰਫ ਗੋਰਾ ਅਤੇ ਆਪਣੀ ਨੂੰਹ ਗਗਨਦੀਪ ਕੌਰ ਨੂੰ ਆਪਣੇ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ ਅਤੇ ਅਚੱਲ ਜਾਇਦਾਦ ਮਕਾਨ ਆਦਿ ਚੋਂ ਬੇਦਖ਼ਲ ਕਰਦਾ ਹਾਂ। ਇਨ੍ਹਾਂ ਦੋਵਾਂ ਨਾਲ ਕਿਸੇ ਵੀ ਤਰਾਂ ਦਾ ਲੈਣ-ਦੇਣ ਕਰਨ ਵਾਲਾ ਵਿਅਕਤੀ ਖੁਦ ਜ਼ੁੰਮੇਵਾਰ ਹੋਵੇਗਾ, ਕਿਸੇ ਵੀ ਤਰ੍ਹਾਂ ਦੀ ਕਨੂੰਨੀ ਕਾਰਵਾਈ ਲਈ ਮੈਂ ਅਤੇ ਮੇਰਾ ਬਾਕੀ ਪਰਿਵਾਰ ਜ਼ਿੰਮੇਵਾਰ ਨਹੀਂ ਹੋਵੇਗੇ।

ਮੈਂ, ਰਣਜੀਤ ਸਿੰਘ ਪੁੱਤਰ ਮੋਹਿੰਦਰ ਸਿੰਘ ਵਾਸੀ ਪਿੰਡ ਹੀਰਾਪੁਰ, ਡਾਕਖਾਨਾ ਹੇਲਰ, ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਜੁਝਾਰ ਸਿੰਘ ਅਤੇ ਉਸ ਦੀ ਪਤਨੀ ਹਰਪ੍ਰੀਤ ਕੌਰ ਅਤੇ ਉਨ੍ਹਾਂ ਦਾ ਪਰਵਾਰ ਜੋ ਕਿ ਕੈਨੇਡਾ 'ਚ ਰਹਿੰਦੇ ਹਨ, ਮੇਰੇ ਕਹਿਣੇਕਾਰ ਨਹੀਂ ਹਨ। ਇਸ ਲਈ ਮੈਂ ਉਨ੍ਹਾਂ ਨੂੰ (ਸਮੇਤ ਪਰਵਾਰ) ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰ ਦਿੱਤਾ ਹੈ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। (ਆਰ)

ਮੈਂ, ਮਨਜੀਤ ਕੌਰ ਪਤਨੀ ਰਣਜੀਤ ਸਿੰਘ ਵਾਸੀ ਪਿੰਡ ਹੀਰਾਪੁਰ, ਡਾਕਖਾਨਾ ਹੇਲਰ, ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਜੁਝਾਰ ਸਿੰਘ ਅਤੇ ਉਸ ਦੀ ਪਤਨੀ ਹਰਪ੍ਰੀਤ ਕੌਰ ਅਤੇ ਉਨ੍ਹਾਂ ਦਾ ਪਰਵਾਰ ਜੋ ਕਿ ਕੈਨੇਡਾ ਵਿਚ ਰਹਿੰਦੇ ਹਨ, ਮੇਰੇ ਕਹਿਣੇਕਾਰ ਨਹੀਂ ਹਨ। ਇਸ ਲਈ ਮੈਂ ਉਨ੍ਹਾਂ ਨੂੰ (ਸਮੇਤ ਪਰਵਾਰ) ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰ ਦਿੱਤਾ ਹੈ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। (ਆਰ)

ਮੈਂ, ਪਰਮਜੀਤ ਉਰਫ ਪਰਮਜੀਤ ਕੁਮਾਰ ਪੁੱਤਰ ਪ੍ਰੀਤਮ ਦਾਸ ਵਾਸੀ ਮਕਾਨ ਨੰ: 256, ਵਾ. ਨੰ: 8 ਬਲਜੋਤ ਨਗਰ ਕਰਤਾਰਪੁਰ, ਜ਼ਿਲ੍ਹਾ ਜਲੰਧਰ ਦਾ ਰਹਿਣ ਵਾਲਾ ਹਾਂ। ਇਹ ਕਿ ਮੇਰਾ ਪੁੱਤਰ ਪਰਸ਼ੋਤਮ ਕੁਮਾਰ ਅਤੇ ਉਸ ਦੀ ਪਤਨੀ ਬੱਬੂ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਲੜਾਈ-ਝਗੜਾ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਇਨ੍ਹਾਂ ਦੇ ਨਾਲ ਲੈਣ-ਦੇਣ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਜਾਂ ਮੇਰੇ ਪਰਵਾਰ ਦਾ ਇਨ੍ਹਾਂ ਨਾਲ ਕਿਸੇ ਕਿਸਮ ਦਾ ਕੋਈ ਸੰਬੰਧ ਵਾਸਤਾ ਨਹੀਂ ਰਹਿ ਗਿਆ ਹੈ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਬਹਾਦੁਰ ਸਿੰਘ ਪੁੱਤਰ ਸਾਧੂ ਸਿੰਘ ਵਾਸੀ ਪੱਤੀ ਉੱਗਰ, ਰੌਂਤਾ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਜਸਕਰਨ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਪਰਮਜੀਤ ਕੌਰ ਪਤਨੀ ਗੁਰਤੇਜ ਸਿੰਘ ਵਾਸੀ ਮਕਾਨ ਨੰਬਰ 583, ਵਾਰਡ ਨੰਬਰ 8, ਬੇਦੀ ਨਗਰ, ਮੋਗਾ, ਤਹਿਸੀਲ ਵਾ ਜ਼ਿਲ੍ਹਾ ਮੋਗਾ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਜਗਸੀਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ ਵਿਰਸਾ ਸਿੰਘ ਪੁੱਤਰ ਕੁੰਨਣ ਸਿੰਘ ਵਾਸੀ ਪਿੰਡ ਮੁਹਾਵਾ, ਅਟਾਰੀ ਜਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਚਰਨਜੀਤ ਸਿੰਘ ਅਰਮੀਨੀਆ ਵਿੱਚ ਰਹਿੰਦਾ ਹੈ ਤੇ ਮੇਰੀ ਨੂੰਹ ਪਵਨਦੀਪ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਉਸ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ ਲਾਟੀ ਪੁੱਤਰ ਸ. ਗਰੀਬ ਸਿੰਘ ਪੁੱਤਰ ਸ. ਕਪੂਰ ਸਿੰਘ ਵਾਸੀ ਪੱਟੀ ਰੋਡ ਭਿੱਖੀਵਿੰਡ, ਤਹਿ-ਭਿੱਖੀਵਿੰਡ, ਜ਼ਿਲ੍ਹਾ-ਤਰਨ ਤਾਰਨ ਆਪਣੇ ਪੁੱਤਰ ਜਸ਼ਨਪ੍ਰੀਤ ਸਿੰਘ ਉਰਫ ਜਸ਼ਨ ਨੂੰ ਆਪਣੇ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ ਅਤੇ ਅਚੱਲ ਜਾਇਦਾਦ ਮਕਾਨ ਆਦਿ ਚੋਂ ਬੇਦਖ਼ਲ ਕਰਦਾ ਹਾਂ। ਇਸ ਨਾਲ ਕਿਸੇ ਵੀ ਤਰਾਂ ਦਾ ਲੈਣ-ਦੇਣ ਕਰਨ ਵਾਲਾ ਵਿਅਕਤੀ ਖੁਦ ਜ਼ੁੰਮੇਵਾਰ ਹੋਵੇਗਾ, ਕਿਸੇ ਵੀ ਤਰ੍ਹਾਂ ਦੀ ਕਨੂੰਨੀ ਕਾਰਵਾਈ ਲਈ ਮੈਂ ਅਤੇ ਮੇਰਾ ਬਾਕੀ ਪਰਿਵਾਰ ਜ਼ਿੰਮੇਵਾਰ ਨਹੀਂ ਹੋਵਾਗੇ।

ਮੈਂ, ਗੁਰਮੇਜ ਰਾਮ ਪੁੱਤਰ ਮਹਿੰਗਾ ਰਾਮ ਵਾਸੀ ਪਿੰਡ ਤੇ ਡਾਕਖਾਨਾ ਪਰਸਰਾਮਪੁਰ, ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਦਿਲਜੀਤ ਰਾਜ ਅਤੇ ਉਸ ਦੀ ਪਤਨੀ ਸਮਿਤਾ ਕੁਮਾਰੀ ਅਕਸਰ ਮੇਰੇ ਅਤੇ ਬਾਕੀ ਪਰਵਾਰਕ ਮੈਂਬਰਾਂ ਨਾਲ ਝਗੜਾ ਕਰਦੇ ਰਹਿੰਦੇ ਹਨ ਅਤੇ ਮੇਰੇ ਕਹਿਣੇਕਾਰ ਨਹੀਂ ਹਨ। ਇਸ ਲਈ ਮੈਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰ ਦਿੱਤਾ ਹੈ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਮੁਖਤਿਆਰ ਸਿੰਘ ਪੁੱਤਰ ਜਗੀਰ ਸਿੰਘ ਵਾਸੀ ਪਿੰਡ ਕੋਟਲੀ ਫੱਸੀ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਚਰਨਗੁਰਦੇਵ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦਾ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਦੇ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਿਤ ਨੋਟ ਕਰਨ।

ਮੈਂ, ਸੋਮਲਾਲ ਪੁੱਤਰ ਸੋਹਣ ਲਾਲ ਵਾਸੀ ਮੁਹੱਲਾ ਸਯਦਾਂ ਮਹਿਤਪੁਰ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ ਦਾ ਹਾਂ। ਮੇਰਾ ਲੜਕਾ ਬੌਬੀ ਮਾੜੀ ਸੰਗਤ ਕਰਕੇ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਵਾਰ ਦਾ ਇਸ ਨਾਲ ਕੋਈ ਲੈਣ-ਦੇਣ ਨਹੀਂ ਹੈ।

ਮੈ ਹਰਜਿੰਦਰ ਸਿੰਘ ਪੁੱਤਰ ਸੁਰਤ ਸਿੰਘ ਵਾਸੀ ਮਕਾਨ ਨੰ.2382/12, ਗਲੀ ਨੰ.3, ਕਿਸ਼ਨ ਕੋਟ ਇਸਲਾਮਾਬਾਦ ਜਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅਵਤਾਰ ਸਿੰਘ ਤੇ ਇਸਦੀ ਪਤਨੀ ਕਮਲਜੀਤ ਕੋਰ ਮੇਰੇ ਕਹਿਣੇ ਤੋ ਬਾਹਰ ਹਨ ਇਸ ਲਈ ਮੈਂ ਇਹਨਾ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ ਇਹਨਾ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ ਮੇਰਾ ਇਹਨਾ ਨਾਲ ਖੁਨੀ ਰਿਸ਼ਤਾ ਖਤਮ ਹੋ ਗਿਆ।

ਮੈ ਸਤਨਾਮ ਸਿੰਘ ਪੁੱਤਰ ਬੇਅੰਤ ਸਿੰਘ ਵਾਸੀ ਮਕਾਨ 219, ਗਲੀ ਨੰ.10, ਗੁਰੂ ਨਾਨਕਪੁਰਾ ਜਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਮਨਪ੍ਰੀਤ ਸਿੰਘ ਮੇਰੇ ਕਹਿਣੇ ਤੋ ਬਾਹਰ ਹੈ ਇਸ ਲਈ ਮੈਂ ਇਸ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ ਮੇਰਾ ਇਸ ਨਾਲ ਖੁਨੀ ਰਿਸ਼ਤਾ ਖਤਮ ਹੋ ਗਿਆ।

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਤੁਗਲਵਾਲਾ ਤੋਂ ਨਵੇਂ ਚੁਣੇ ਸਰਪੰਚ ਨੇ ਇਲਾਕਾ ਨਿਵਾਸੀਆਂ ਦਾ ਕੀਤਾ ਧੰਨਵਾਦ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)- ਸਰਕਾਰ ਵੱਲੋਂ ਕਰਵਾਈਆਂ ਗਈਆਂ ਪੰਚਾਇਤੀ ਚੋਣਾਂ ਦੌਰਾਨ ਵਿਧਾਨ ਸਭਾ ਹਲਕਾ ਕਾਦੀਆਂ ਅਧੀਨ ਆਉਂਦੇ ਪਿੰਡ ਤੁਗਲਵਾਲਾ ਦੇ ਵਿੱਚ ਵੱਡੀ ਲੀਡ ਦੇ ਨਾਲ ਆਮ ਆਦਮੀ ਪਾਰਟੀ ਦੇ ਉਮੀਦਵਾਰ ਮਨਜਿੰਦਰਪਾਲ ਸਿੰਘ ਸਟੀਵਨ ਨੂੰ ਪਿੰਡ ਦੇ ਲੋਕਾਂ ਨੇ ਸਰਪੰਚ ਚੁਣਿਆ । ਇਸ ਦੌਰਾਨ ਨਵੇਂ ਬਣੇ ਸਰਪੰਚ ਮਨਜਿੰਦਰਪਾਲ ਸਿੰਘ ਸਟੀਵਨ ਨੇ ਸਮੂਹ ਇਲਾਕਾ ਨਿਵਾਸੀ ਅਤੇ ਵੋਟਰਾਂ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹੋਏ ਇਲਾਕੇ ਵਿੱਚ ਉਨ੍ਹਾਂ ਨੂੰ ਸਮਰਥਨ ਕਰਨ ਵਾਲੇ ਵੋਟਰਾਂ ਸਪੋਰਟਰਾਂ ਅਤੇ ਪਾਰਟੀ ਵਰਕਰਾਂ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ। ਨਵੇਂ ਬਣੇ ਸਰਪੰਚ ਸਟੀਵਨ ਨੇ ਕਿਹਾ ਕਿ ਉਨ੍ਹਾਂ ਦਾ ਪਹਿਲਾ ਮਕਸਦ ਹੈ ਕਿ ਪਿੰਡ ਦੇ ਅੰਦਰ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਪਿੰਡ ਦੇ ਵਿਕਾਸ ਕਾਰਜ ਅਤੇ ਜੋ ਵਿਕਾਸ ਰੁਕੇ ਹੋਏ ਹਨ ਉਨ੍ਹਾਂ ਨੂੰ ਪਹਿਲ ਦੇ ਅਧਾਰ 'ਤੇ ਕਰਵਾਇਆ ਜਾਵੇਗਾ । ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਜ਼ਾਈਡਿੰਗ ਅਫਸਰ ਮਨੀਸ਼ ਸ਼ਰਮਾ ਦਸੂਹਾ, ਸਰਪੰਚ ਮਨਜਿੰਦਰਪਾਲ ਸਿੰਘ ਸਟੀਵਨ, ਪੰਚ ਕਰਨਬੀਰ ਸਿੰਘ ਰਿਆੜ, ਪੰਚ ਰਾਜਵਿੰਦਰ ਕੌਰ ਰਿਆੜ, ਪੰਚ ਗੁਰਨਾਮ ਸਿੰਘ ਬੂਰੀ, ਪੰਚ ਲਾਭ ਸਿੰਘ, ਜਗਤਾਰ ਸਿੰਘ ਜੱਗਾ ਪੰਚ, ਪੰਚ ਜਸਬੀਰ ਕੌਰ, ਹਰਦਿਆਲ ਸਿੰਘ ਸਾਬਕਾ ਸਰਪੰਚ, ਰਣਬੀਰ ਸਿੰਘ ਰਾਣਾ, ਸਰਕਲ ਪ੍ਰਧਾਨ ਗੁਰਅੰਮ੍ਰਿਤਪਾਲ ਸਿੰਘ ਸਾਬੀ, ਅਮਨਦੀਪ ਸਿੰਘ ਕਾਹਲੋਂ, ਮੰਗਲ ਸਿੰਘ ਸਾਬਕਾ ਸਰਪੰਚ, ਨਵਤੇਜ ਸਿੰਘ ਲਾਡੀ, ਸੁਖਵਿੰਦਰ ਸਿੰਘ ਲਾਡੀ, ਗੁਰਵਿੰਦਰਜੀਤ ਸਿੰਘ ਰਿਆੜ, ਲਵਲੀ ਲੰਬੜ, ਸੁਰਿੰਦਰ ਸਿੰਘ ਨਾਮਾ ਰਿਆੜ, ਰਘਬੀਰ ਸਿੰਘ ਬੀਰਾ ਫੌਜੀ, ਵੀਰ ਸਿੰਘ, ਸੁਖਦੇਵ ਸਿੰਘ ਦੁਆਬੀਆ, ਪਿੰਕਾ ਰਿਆੜ, ਅਮਨਦੀਪ ਸਿੰਘ ਰੰਧਾਵਾ, ਰਣਜੀਤ ਸਿੰਘ ਰਿੰਕੂ, ਨਵਜੋਤ ਸਿੰਘ ਮਿੰਟੂ, ਜੌਲੀ ਰਿਆੜ, ਬਾਬਾ ਨਿਸ਼ਾਨ ਸਿੰਘ, ਸੋਨੂੰ ਲੰਬੜ, ਸੋਮਪ੍ਰਵੇਸ਼ ਸਿੰਘ ਲੰਬੜ, ਸੁੱਖਾ ਰਿਆੜ ਅਤੇ ਸਮੂਹ ਨਗਰ ਨਿਵਾਸੀ ਹਾਜ਼ਰ ਸਨ।

# ਪਲੇਸਮੈਂਟ ਕੈਂਪ ਭਲਕੇ

ਮੋਹਾਲੀ, (ਗੁਰਜੀਤ ਬਿੱਲਾ) ਪੰਜਾਬ ਸਰਕਾਰ ਦੇ ਮਿਸ਼ਨ ਘਰ-ਘਰ ਰੋਜ਼ਗਾਰ ਤਹਿਤ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਐਸ ਏ ਐਸ ਨਗਰ ਵੱਲੋਂ 18 ਅਕਤੂਬਰ (ਸ਼ੁੱਕਰਵਾਰ) ਨੂੰ ਪਲੇਸਮੈਂਟ ਕੈਂਪ ਦਾ ਆਯੋਜਨ ਜਿਲ੍ਹਾ ਰੋਜ਼ਗਾਰ ਬਿਊਰੋ, ਜਿਲ੍ਹਾ ਪ੍ਰਬੰਧਕੀ ਕੰਪਲੈਕਸ, ਕਮਰਾ ਨੰ: 461, ਤੀਜੀ ਮੰਜ਼ਲ, ਸੈਕਟਰ-76, ਵਿਖੇ ਕੀਤਾ ਜਾ ਰਿਹਾ ਹੈ । ਡੀ ਬੀ ਈ ਈ ਐਸ ਏ ਐਸ ਨਗਰ ਦੇ ਡਿਪਟੀ ਡਾਇਰੈਕਟਰ ਹਰਪ੍ਰੀਤ ਸਿੰਘ ਮਾਨਸ਼ਾਹੀਆਂ ਵੱਲੋਂ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਪੰਜਾਬ ਸਰਕਾਰ ਵੱਲੋਂ ਪ੍ਰਾਰਥੀਆਂ ਨੂੰ ਰੋਜ਼ਗਾਰ ਦੇਣ ਦਾ ਉਪਰਾਲਾ ਲਗਾਤਾਰ ਕੀਤਾ ਜਾ ਰਿਹਾ ਹੈ, ਜਿਸ ਵਿੱਚ ਸ਼ੁੱਕਰਵਾਰ ਮਿਤੀ 18 ਅਕਤੂਬਰ ਨੂੰ ਪਲੇਸਮੈਂਟ ਕੈਂਪ ਆਯੋਜਿਤ ਕੀਤਾ ਜਾਣਾ ਹੈ।ਜਿਸ ਵਿੱਚ ਬਿਗ ਬਾਸਕੇਟ (ਬਾਲਾਜੀ ਕੰਸਲਟੈਂਟਸ), ਬੀਐਲਡੀ ਆਊਟਸੋਰਸਿੰਗ, ਪ੍ਰੌਟਾਲਕ ਸੋਲਿਊਸ਼ਨ, ਆਈਸੀਆਈਸੀਆਈ ਬੈਂਕ (ਆਈ ਪ੍ਰੋਸੈਸ), ਸ਼ਾਮਲ ਹੋਣਗੀਆਂ। ਇਨ੍ਹਾਂ ਕੰਪਨੀਆਂ ਵੱਲੋਂ ਡਿਲਿਵਰੀ ਫੂਡ, ਗ੍ਰੋਸਰੀਜ਼ ਟੂ ਕਸਟਮਰਜ਼ ਡੈਸਟੀਨੇਸ਼ਨ, ਚੈਟ ਪ੍ਰੋਸੈਸ, ਫੀਲਡ ਕਲੈਕਸ਼ਨ ਮੈਨੇਜਰ, ਸੀਨੀਅਰ ਓਪਰੇਸ਼ਨ ਮੈਨੇਜਰ, ਟ੍ਰੈਕਿੰਗ ਅਤੇ ਟਰੇਸਿੰਗ ਐਗਜ਼ਕਿਊਟਿਵ, ਐਮ ਆਈ ਐਸ ਕਾਰਜਕਾਰੀ, ਹੋਮ ਲੋਨ ਅਤੇ ਕਮਰਸ਼ੀਅਲ ਕਾਰਡ ਵਿੱਚ ਸੇਲਜ਼ ਐਗਜ਼ੀਕਿਊਟਿਵ ਦੀਆਂ ਅਸਾਮੀਆਂ ਲਈ ਭਰਤੀ ਕੀਤੀ ਜਾਵੇਗੀ।

## ਬੇਦਖਲੀ ਨੋਟਿਸ

ਮੈਂ, ਅਮਰਜੀਤ ਕੌਰ ਪਤਨੀ ਸੰਜੀਵ ਸਿੰਘ, ਵਾਸੀ ਪਿੰਡ ਕਾਦੂਪੁਰ, ਡਾਕਖਾਨਾ ਲੱਖਣ ਕਲਾਂ, ਜ਼ਿਲ੍ਹਾ ਕਪੂਰਥਲਾ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰੀ ਲੜਕੀ ਸਿਮਰਨ ਕੌਰ ਜੋ ਕਿ ਮੇਰੇ ਕਹਿਣੇਕਾਰ ਵਿੱਚ ਨਹੀਂ ਹੈ ਅਤੇ ਆਪਣੀ ਮਨ-ਮਰਜ਼ੀ ਕਰਦੀ ਹੈ, ਜਿਸ ਕਰਕੇ ਮੈਂ ਆਪਣੀ ਉਕਤ ਲੜਕੀ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰੀ ਉਕਤ ਲੜਕੀ ਨਾਲ ਕਿਸੇ ਵੀ ਕਿਸਮ ਦਾ ਲੈਣ-ਦੇਣ ਕਰਨ ਵਾਲਾ ਵਿਅਕਤੀ ਖੁਦ ਜ਼ਿੰਮੇਵਾਰ ਹੋਵੇਗਾ। ਮੈਂ ਜਾਂ ਮੇਰਾ ਪਰਿਵਾਰ ਜ਼ਿੰਮੇਵਾਰ ਨਹੀਂ ਹੋਵੇਗਾ।

## ਬਾਬਾ ਬੰਦਾ ਸਿੰਘ ਬਹਾਦਰ ਜੀ ਦਾ ਸਕੂਲ 'ਚ ਜਨਮ ਦਿਹਾੜਾ ਮਨਾਇਆ



**ਸਮਾਣਾ (ਇਕਬਾਲ ਸਿੰਘ ਬੱਲ)**-ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਫਤਿਹਪੁਰ ਵਿਖੇ ਬਾਬਾ ਬੰਦਾ ਸਿੰਘ ਬਹਾਦਰ ਜੀ ਦਾ ਜਨਮ ਦਿਹਾੜਾ ਸਕੂਲ ਦੀ ਮੈਨੇਜਮੈਂਟ ਕਮੇਟੀ, ਪ੍ਰਿੰਸੀਪਲ ਤੇ ਸਮੂਹ ਸਟਾਫ ਵੱਲੋਂ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ।ਸਭ ਤੋਂ ਪਹਿਲਾਂ ਜਪੁ ਜੀ ਸਾਹਿਬ ਅਤੇ ਚੌਪਈ ਸਾਹਿਬ ਦਾ ਪਾਠ ਕੀਤਾ ਗਿਆ। ਪਾਠ ਦੀ ਸਮਾਪਤੀ ਤੋਂ ਬਾਅਦ ਸਾਰੇ ਵਿਦਿਆਰਥੀਆਂ ਨੂੰ ਪ੍ਰਸ਼ਾਦ ਦਿੱਤਾ ਗਿਆ। ਇਸ ਤੋਂ ਬਾਅਦ ਵਿਦਿਆਰਥੀਆਂ ਵੱਲੋਂ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਜੀਵਨੀ ਤੇ ਸਿਧਾਂਤਾਂ ਸੰਬੰਧੀ ਵਿਚਾਰ ਸਾਂਝੇ ਕੀਤੇ ਗਏ।ਇਸ ਦੇ ਨਾਲ ਹੀ ਵਿਦਿਆਰਥੀਆਂ ਦੇ ਸ਼ਬਦ-ਗਾਇਨ, ਕਵਿਤਾ, ਗੀਤ ਆਦਿ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਭਾਗ ਲਿਆ।ਇਸ ਮੌਕੇ ਸਕੂਲ ਪ੍ਰਧਾਨ ਸ੍ਰ. ਪਰਦਮਨ ਸਿੰਘ ਵਿਰਕ, ਜਨਰਲ ਸਕੱਤਰ ਡਾ. ਹਰਭਜਨ ਸਿੰਘ, ਸੀਨੀਅਰ ਵਾਈਸ ਪ੍ਰਧਾਨ ਗੁਲਜਾਰ ਸਿੰਘ, ਸਕੂਲ ਪ੍ਰਬੰਧਕ ਕਮੇਟੀ ਮੈਂਬਰ ਜਸਵੰਤ ਸਿੰਘ, ਗੁਰਦੇਵ ਸਿੰਘ, ਬਲਵਿੰਦਰ ਸਿੰਘ, ਕੁਲਦੀਪ ਸਿੰਘ ਢਿੱਲੋਂ, ਸਕੂਲ ਪ੍ਰਿੰਸੀਪਲ ਸ੍ਰੀ ਮਤੀ ਸੁਨੀਤਾ ਰਾਣੀ ਅਤੇ ਸਮੂਹ ਅਧਿਆਪਕ ਹਾਜ਼ਰ ਸਨ।

## ਬੈਲਟ ਬਾਕਸ 'ਚ ਸਿਆਹੀ ਪਾਉਣ ਦੇ ਦੋਸ਼ 'ਚ ਦੋ ਨਾਮਜ਼ਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਮੱਲਾਂਵਾਲਾ ਦੇ ਅਧੀਨ ਆਉਂਦੇ ਪਿੰਡ ਲੋਹਕੇ ਖੁਰਦ ਵਿਖੇ ਚੋਣਾਂ ਦੌਰਾਨ ਬੈਲਟ ਬਾਕਸ ਵਿੱਚ ਸਿਆਹੀ ਪਾਉਣ ਵਾਲੇ ਦੋ ਵਿਅਕਤੀਆਂ ਖਿਲਾਫ ਥਾਣਾ ਮੱਲਾਂਵਾਲਾ ਪੁਲਸ ਨੇ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਸਤਪਾਲ ਨੇ ਦੱਸਿਆ ਕਿ ਇੱਕ ਪੱਤਰ ਵੱਲੋਂ ਪ੍ਰਥਮਸ ਪ੍ਰੋਜ਼ਾਈਡਿੰਗ ਅਫਸਰ 03 ਬਲਾਕ ਜ਼ੀਰਾ ਵੱਲੋਂ ਮੌਸੂਲ ਹੋਇਆ ਕਿ ਇੱਕ ਵਿਅਕਤੀ ਚਾਹ ਦੇ ਬਹਾਨੇ ਨਾਲ ਅੰਦਰ ਆਇਆ, ਜਿਸ ਦੇ ਹੱਥ ਵਿੱਚ ਕੇਤਲੀ ਸੀ, ਜਿਸ ਨੇ ਸਿਆਹੀ ਬੈਲਟ ਬਾਕਸ ਵਿੱਚ ਪਾ ਦਿੱਤੀ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀਆਨ ਗੁਰਪ੍ਰੀਤ ਸਿੰਘ ਪੁੱਤਰ ਤਰਸੇਮ ਸਿੰਘ ਤੇ ਸੁਖਪ੍ਰੀਤ ਸਿੰਘ ਪੁੱਤਰ ਗੁਰਜੰਟ ਸਿੰਘ ਵਾਸੀਅਨ ਪਿੰਡ ਲੋਹਕੇ ਖੁਰਦ ਖਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

## ਸਤੀਪੁਰਾ ਤੋਂ ਪਰਵਿੰਦਰ ਕੌਰ ਬਣੇ ਸਰਪੰਚ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)** : ਪੰਚਾਇਤੀ ਚੋਣਾਂ ਦੇ ਨਤੀਜਿਆਂ ਵਿੱਚੋਂ ਪਿੰਡ ਸਤੀਪੁਰਾ ਦੀ ਰਾਖਵੀਂ ਸੀਟ ਤੋਂ ਸਰਪੰਚ ਵਜੋਂ ਚੋਣ ਲੜੇ ਪਰਵਿੰਦਰ ਕੌਰ ਆਪਣੇ ਵਿਰੋਧੀ ਉਮੀਦਵਾਰ ਹਰਬੰਸ ਕੌਰ ਤੋਂ 40 ਵੋਟਾਂ ਦੇ ਫਰਕ ਨਾਲ ਹਰਾ ਕੇ ਜੇਤੂ ਰਹੇ।ਉਨ੍ਹਾਂ ਦੀ ਜਿੱਤ ਉਪਰੰਤ ਖੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ ਤੇ ਵਧਾਈ ਦਿੱਤੀ ਗਈ।

## ਜ਼ਿਲ੍ਹਾ ਪੱਧਰੀ ਕੁਇੱਜ਼ ਮੁਕਾਬਲੇ ਭਲਕੇ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਪੰਜਾਬ ਸਰਕਾਰ ਦੀ ਸੁਚੱਜੀ ਰਹਿਨੁਮਾਈ ਤੇ ਭਾਸ਼ਾ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸ਼ ਵਿੱਚ ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ ਫ਼ਾਜ਼ਿਲਕਾ ਵੱਲੋਂ ਜ਼ਿਲ੍ਹਾ ਪੱਧਰੀ ਕੁਇੱਜ਼ (ਲਿਖਤੀ) ਮੁਕਾਬਲੇ 18 ਅਕਤੂਬਰ ਨੂੰ ਸਰਕਾਰੀ ਐੱਮ. ਆਰ. ਕਾਲਜ ਫ਼ਾਜ਼ਿਲਕਾ ਵਿਖੇ ਕਰਵਾਏ ਜਾ ਰਹੇ ਹਨ। ਇਹ ਜਾਣਕਾਰੀ ਜ਼ਿਲ੍ਹਾ ਭਾਸ਼ਾ ਅਫਸਰ ਭੁਪਿੰਦਰ ਉਤਰੇਜਾ ਨੇ ਦਿੱਤੀ।ਜ਼ਿਲ੍ਹਾ ਭਾਸ਼ਾ ਅਫਸਰ ਨੇ ਦੱਸਿਆ ਕਿ ਜ਼ਿਲ੍ਹਾ ਪੱਧਰੀ ਕੁਇੱਜ਼ ਮੁਕਾਬਲੇ ਵਿੱਚ ਵਰਗ (ੳ) ਮਿਡਲ ਸ਼੍ਰੇਣੀ ਤੱਕ, ਵਰਗ (ਅ) ਨੌਵੀਂ ਤੋਂ 12ਵੀਂ ਤੱਕ ਤੇ ਵਰਗ (ੲ) ਬੀ.ਏ./ਬੀ.ਕਾਮ./ਬੀ.ਐੱਸ.ਸੀ. ਅਤੇ ਬੀ.ਸੀ.ਏ. (ਗ੍ਰੈਜੂਏਸ਼ਨ ਤੱਕ) ਭਾਗ ਲੈ ਰਹੇ ਹਨ।ਉਨ੍ਹਾਂ ਨੇ ਦੱਸਿਆ ਕਿ ਮੁਕਾਬਲੇ ਦੇ ਨਤੀਜੇ ਓਸੇ ਦਿਨ ਹੀ ਘੋਸ਼ਿਤ ਕੀਤੇ ਜਾਣੇ ਹਨ।ਇਹ ਮੁਕਾਬਲੇ ਸਵੇਰੇ 10 ਵਜੇ ਸ਼ੁਰੂ ਹੋਣਗੇ।ਭੁਪਿੰਦਰ ਉਤਰੇਜਾ ਜ਼ਿਲ੍ਹਾ ਭਾਸ਼ਾ ਅਫ਼ਸਰ ਫ਼ਾਜ਼ਿਲਕਾ ਤੇ ਪਰਮਿੰਦਰ ਸਿੰਘ ਰੰਧਾਵਾ ਖੋਜ ਅਫ਼ਸਰ ਨੇ ਹੋਰ ਦੱਸਿਆ ਕਿ ਇਸ ਵਿੱਚ ਪਹਿਲਾਂ ਤੋਂ ਰਜਿਸਟਰ ਵਿਦਿਆਰਥੀ ਹੀ ਭਾਗ ਲੈ ਸਕਦੇ ਹਨ, ਜਿਨ੍ਹਾਂ ਨੂੰ ਰੋਲ ਨੰਬਰ ਉਨ੍ਹਾਂ ਦੀ ਈ.ਮੇਲ.ਆਈ.ਡੀ. 'ਤੇ ਭੇਜੇ ਜਾ ਚੁੱਕੇ ਹਨ।

## ਪ੍ਰਵਾਸੀ ਮਜ਼ਦੂਰ ਦੀ ਝੁੱਗੀ ਨੂੰ ਲੱਗੀ ਅੱਗ, ਸਾਮਾਨ ਹੋਇਆ ਸੁਆਹ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਤਲਵੰਡੀ ਭਾਈ ਦੀ ਅਜੀਤ ਨਗਰ ਵਿੱਚ ਇਕ ਪ੍ਰਵਾਸ਼ੀ ਮਜ਼ਦੂਰ ਦੀ ਝੁੱਗੀ ਸੜ ਕੇ ਸੁਆਹ ਹੋ ਗਈ। ਇਸ ਦੌਰਾਨ ਜਿੱਥੇ ਲੱਖਾਂ ਰੁਪਏ ਦਾ ਨੁਕਸਾਨ ਹੋਇਆ, ਉੱਥੇ ਇਕ ਵਿਅਕਤੀ ਅੱਗ ਦੀ ਲਪੇਟ 'ਚ ਆ ਕੇ ਜ਼ਖਮੀ ਹੋ ਗਿਆ। ਅੱਗ ਲੱਗਣ ਕਾਰਨ ਝੁੱਗੀ ਅੰਦਰ 50 ਹਜ਼ਾਰ ਰੁਪਏ ਦੀ ਨਗਦੀ ਤੋਂ ਇਲਾਵਾ ਫਰਿਜ, ਐੱਲਸੀਡੀ, ਬੈੱਡ, ਪੱਖਾ, ਅਲਮਾਰੀ, ਕੱਪੜੇ ਆਦਿ ਵੱਡੀ ਗਿਣਤੀ ਵਿੱਚ ਪਿਆ ਸਾਮਾਨ ਸੜ ਕੇ ਸੁਆਹ ਹੋ ਗਏ। ਝੁੱਗੀ ਦੇ ਮਾਲਕ ਰੁਹਾਲ ਪਸਵਾਨ ਨੇ ਦੱਸਿਆ ਕਿ ਉਹ ਅਜੀਤ ਨਗਰ ਵਿੱਚ ਇੱਕ ਝੁੱਗੀ ਵਿੱਚ ਰਹਿੰਦਾ ਹੈ ਤੇ ਉਹ ਇਕ ਕਰਿਆਨੇ ਦੀ ਦੁਕਾਨ 'ਤੇ ਕੰਮ ਕਰਦਾ ਹੈ, ਉਸ ਨੇ ਬੜੀ ਮਿਹਨਤ ਨਾਲ ਇਕ ਇਕ ਕਰਕੇ ਇਹ ਸਾਮਾਨ ਬਣਾਇਆ ਸੀ, ਜੋ ਸੜ ਕੇ ਸੁਆਹ ਹੋ ਗਿਆ। ਉਸ ਨੇ ਦੱਸਿਆ ਕਿ ਝੁੱਗੀ ਵਿੱਚ ਇੱਕਦਮ ਅੱਗ ਲੱਗ ਗਈ। ਭਾਰੀ ਜੱਦੋ ਜਹਿਦ ਪਿੱਛੋਂ ਲੋਕਾਂ ਦੇ ਸਹਿਯੋਗ ਨਾਲ ਇਸ ਅੱਗ 'ਤੇ ਕਾਬੂ ਪਾਇਆ ਗਿਆ। ਉਸ ਨੇ ਦੱਸਿਆ ਕਿ ਜਗ੍ਹਾ ਲੈਣ ਵਾਸਤੇ 50 ਹਜ਼ਾਰ ਰੁਪਏ ਕਿਸੇ ਕੋਲੋਂ ਫੜੇ ਸਨ, ਉਹ ਵੀ ਅੱਗ ਲੱਗਣ ਨਾਲ ਸੜ ਗਏ। ਇਸ ਤੋਂ ਇਲਾਵਾ ਫਰਿਜ, ਐੱਲਸੀਡੀ, ਬੈੱਡ, ਪੱਖਾ, ਅਲਮਾਰੀ ਤੇ ਹੋਰ ਸਾਮਾਨ ਅੱਗ ਨਾਲ ਸੜ ਗਿਆ।

## ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਦਿਹਾੜਾ 21 ਨੂੰ ਮਨਾਇਆ ਜਾਏਗਾ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਪਿਛਲੇ ਸਾਲਾਂ ਦੀ ਤਰ੍ਹਾਂ ਇਸ ਵਾਰ ਵੀ ਫਿਰੋਜ਼ਪੁਰ ਦੇ ਗੁਰਦੁਆਰਾ ਗੁਰੂ ਰਾਮਦਾਸ ਪੁਰੀ ਅਰਮਾਨਪੁਰਾ ਵਿੱਚ ਚੌਥੀ ਪਾਤਸ਼ਾਹੀ ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਦਿਹਾੜਾ 21 ਅਕਤੂਬਰ ਨੂੰ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ। ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹੁਣ ਤੋਂ ਹੀ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ, 19 ਅਕਤੂਬਰ ਨੂੰ ਸ੍ਰੀ ਅਖੰਡ ਪਾਠ ਆਰੰਭ ਕੀਤੇ ਜਾਣਗੇ।ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਤੇ ਪੰਥ ਦੇ ਦਾਸ ਭਗਤ ਮਿਲਖਾ ਸਿੰਘ ਨੇ ਦੱਸਿਆ ਕਿ ਇਲਾਕੇ ਦੀ ਸੰਗਤ ਦੇ ਸਹਿਯੋਗ ਨਾਲ ਚੌਥੀ ਪਾਤਸ਼ਾਹੀ ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਉਤਸਵ ਮਨਾਇਆ ਜਾ ਰਿਹਾ ਹੈ।20 ਅਕਤੂਬਰ ਨੂੰ ਰਾਤ 7 ਵਜੇ ਤੋਂ 9 ਵਜੇ ਤੱਕ ਦੀਵਾਨ ਸਜਾਇਆ ਜਾਏਗਾ, 21 ਅਕਤੂਬਰ ਨੂੰ ਸਵੇਰੇ 8 ਵਜੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ, ਉਪਰੰਤ ਦੀਵਾਨ ਹਾਲ ਵਿੱਚ ਦੀਵਾਨ ਸੱਜਣਗੇ, ਜਿਸ ਵਿੱਚ ਪਹੁੰਚ ਰਹੇ ਸੰਤ ਮਹਾਂਪੁਰਸ਼ ਸੰਤ ਬਾਬਾ ਗੁਰਬਚਨ ਸਿੰਘ ਸੰਪਰਦਾਇ ਬਾਬਾ ਬਿਧੀ ਚੰਦ ਸੁਰ ਸਿੰਘ ਵਾਲੇ, ਸੰਤ ਬਾਬਾ ਸੁੱਚਾ ਸਿੰਘ ਜੀ ਠਾਠ (ਨਾਨਕਸਰ ਛਾਂਗਾ ਖੁਰਦ), ਸੰਤ ਬਾਬਾ ਬੋਹੜ ਸਿੰਘ ਜੀ ਤੂਤਾਂ ਵਾਲੇ, ਬਾਬਾ ਗੁਰਸੇਵਕ ਸਿੰਘ ਜੀ ਸ਼ੀਨੀ ਸਾਹਿਬ ਵਾਲੇ, ਸੰਤ ਬਾਬਾ ਦਰਸ਼ਨ ਸਿੰਘ ਜੀ ਢਾਬਸਰ ਬੋਰੀ ਵਾਲੇ, ਬਾਬਾ ਹਰੀ ਸਿੰਘ ਜੀਰੇ ਵਾਲੇ, ਸੰਤ ਬਾਬਾ ਹਰਭਜਨ ਸਿੰਘ ਜੰਡ ਸਾਹਿਬ ਵਾਲੇ, ਬਾਬਾ ਦਿਲਬਾਗ ਸਿੰਘ ਜੀ ਆਰਿਫਕੇ ਵਾਲੇ ਵਿਸ਼ੇਸ਼ ਰੂਪ ਨਾਲ ਪਹੁੰਚ ਰਹੇ ਹਨ।ਇਸ ਤੋਂ ਇਲਾਵਾ ਰਾਗੀ, ਢਾਡੀ ਤੇ ਕਵੀਸ਼ਰੀ ਜਥੇ ਗੁਰੂ ਜਸ ਸੁਣਾ ਕੇ ਸੰਗਤ ਨੂੰ ਨਿਹਾਲ ਕਰਨਗੇ।ਸਮਾਪਤੀ ਦੋ ਵਜੇ ਹੋਵੇਗੀ ਤੇ ਅਰਦਾਸ ਤੋਂ ਬਾਅਦ ਗੁਰੂ ਦਾ ਲੰਗਰ ਅਟੁੱਟ ਵਰਤਾਇਆ ਜਾਵੇਗਾ।

## ਮਮਤਾ ਦਿਵਸ ਮੌਕੇ ਬਲਾਕ ਚੱਕ ਸ਼ੇਰੇਵਾਲਾ 'ਚ ਟੀਕਾਕਰਨ ਕੈਂਪ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ)**-ਸਿਵਲ ਸਰਜਨ ਡਾ. ਜਗਦੀਪ ਚਾਵਲਾ ਦੇ ਨਿਰਦੇਸ਼ਾਂ ਅਤੇ ਐੱਸ.ਐੱਮ.ਓ. ਡਾ. ਕੁਲਤਾਰ ਸਿੰਘ ਦੀ ਅਗਵਾਈ ਹੇਠ ਬੁੱਧਵਾਰ ਨੂੰ ਮਮਤਾ ਦਿਵਸ ਦੌਰਾਨ ਬਲਾਕ ਚੱਕ ਸ਼ੇਰੇ ਵਾਲਾ ਦੇ ਵੱਖ-ਵੱਖ ਸਿਹਤ ਕੇਂਦਰਾਂ ਵਿਖੇ ਨਵਜਾਤ ਸ਼ਿਸ਼ੂਆਂ ਦਾ ਟੀਕਾਕਰਨ, ਗਰਭਵਤੀ ਔਰਤਾਂ ਦੀ ਜਾਂਚ, ਟੀਕਾਕਰਨ ਤੇ ਜਾਗਰੂਕਤਾ ਕੈਂਪ ਲਗਾਏ ਗਏ।ਇਸ ਬਾਰੇ ਜਾਣਕਾਰੀ ਦਿੰਦੇ ਹੋਏ ਬੀ.ਈ.ਈ. ਮਨਬੀਰ ਸਿੰਘ ਨੇ ਦੱਸਿਆ ਕਿ ਪੀਲੀਆ, ਪੋਲੀਓ, ਤਪਦਿਕ, ਗਲਘੋਟੂ, ਕਾਲੀ ਖੰਘ, ਟੈੱਟਨਸ, ਨਿਮੋਨੀਆ ਤੇ ਦਿਮਾਗੀ ਬੁਖਾਰ, ਦਸਤ, ਖਸਰਾ ਤੇ ਰੁਬੇਲਾ ਅਤੇ ਅੰਧਰਾਤਾ ਵਰਗੀਆਂ 12 ਮਾਰੂ ਬਿਮਾਰੀਆਂ ਤੋਂ ਬਚਾਅ ਲਈ ਬੱਚਿਆਂ ਦਾ ਸੰਪੂਰਨ ਟੀਕਾਕਰਨ ਬਹੁਤ ਜ਼ਰੂਰੀ ਹੈ।ਇਸ ਦੇ ਨਾਲ ਹੀ ਗਰਭ ਅਵਸਥਾ ਦੌਰਾਨ ਵੱਖ ਵੱਖ ਕਾਰਨਾਂ ਕਰਕੇ ਗਰਭਵਤੀ ਔਰਤਾਂ ਦੀ ਸਿਹਤ ਨੂੰ ਖਤਰਾ ਹੋ ਸਕਦਾ ਹੈ।ਜੇਕਰ ਗਰਭਵਤੀ ਔਰਤ ਸਮੇਂ ਸਿਰ ਆਪਣੀ ਜਾਂਚ ਨਹੀਂ ਕਰਵਾਉਂਦੀਆਂ ਤਾਂ ਇਸ ਦੇ ਗੰਭੀਰ ਸਿੱਟੇ ਨਿਕਲ ਸਕਦੇ ਹਨ।ਇਸ ਲਈ ਹਰ ਇੱਕ ਗਰਭਵਤੀ ਮਹਿਲਾ ਨੂੰ ਸਮੇਂ ਸਿਰ ਆਪਣੀ ਸਿਹਤ ਜਾਂਚ ਤੇ ਟੀਕਾਕਰਨ ਕਰਵਾਉਂਦੇ ਰਹਿਣਾ ਚਾਹੀਦਾ ਹੈ।ਸਿਹਤ ਕਰਮੀਆਂ ਨੇ ਦੱਸਿਆ ਕਿ ਗਰਭਵਤੀ ਔਰਤਾਂ ਨੂੰ ਆਪਣੀ ਰਜਿਸਟ੍ਰੇਸ਼ਨ ਸਮੇਂ ਸਿਰ ਕਰਵਾਉਣੀ ਚਾਹੀਦੀ ਹੈ ਤਾਂ ਜੋ ਉਨ੍ਹਾਂ ਨੂੰ ਵਿਭਾਗ ਵੱਲੋਂ ਮਿਲ ਰਹੀਆਂ ਸਿਹਤ ਸਹੂਲਤਾਂ ਦਾ ਲਾਭ ਦਿੱਤਾ ਜਾ ਸਕੇ।ਕੈਂਪ ਦੌਰਾਨ ਪੌਸ਼ਟਿਕ ਖੁਰਾਕ ਤੇ ਬੱਚੇ ਦੀ ਸੰਭਾਲ ਬਾਰੇ ਕੌਂਸਿਲੰਗ ਵੀ ਕੀਤੀ ਜਾਂਦੀ ਹੈ ਤਾਂ ਜੋ ਕਿਸੇ ਵੀ ਬਿਮਾਰੀ ਤੋਂ ਬਚਾਅ ਕੀਤਾ ਜਾ ਸਕੇ।



**ਪੰਚਾਇਤੀ ਚੋਣਾਂ 'ਚ ਪਟਿਆਲਾ ਜ਼ਿਲ੍ਹੇ ਦੇ ਹਲਕਾ ਸਨੌਰ ਵਿੱਚ ਪੁਲਸ ਪ੍ਰਸ਼ਾਸਨ ਵੱਲੋਂ ਕੀਤੀਆਂ ਧਾਂਦਲੀਆਂ ਤੇ ਗੁੰਡਾਗਰਦੀ ਦੇ ਵਿਰੋਧ ਵਿੱਚ ਸਰਬਪਾਰਟੀ ਡੈਲੀਗੇਸ਼ਨ ਐੱਸ.ਐੱਸ.ਪੀ. ਪਟਿਆਲਾ ਨੂੰ ਮਿਲਿਆ ਤੇ ਖੁੱਡਾ ਗੋਲੀ ਕਾਂਡ ਦੇ ਦੋਸ਼ੀਆਂ 'ਤੇ ਪਰਚਾ ਦਰਜ ਕਰਕੇ ਬਣਦੀ ਕਾਰਵਾਈ ਕਰਨ ਲਈ ਕਿਹਾ।**

(ਫੋਟੋ ਤੇ ਵੇਰਵਾ-ਰਾਜਿੰਦਰ ਸਿੰਘ ਥਿੰਦ)

## ਲੋਕਾਂ ਨੇ 'ਆਪ' ਨਾਲ ਜੁੜੇ ਉਮੀਦਵਾਰਾਂ ਨੂੰ ਵੱਡੇ ਪੱਧਰ 'ਤੇ ਕੀਤਾ ਕਾਮਯਾਬ : ਐਡਵੋਕੇਟ ਰਾਏ

**ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਪੰਚਾਇਤੀ ਚੋਣਾਂ ਨੂੰ ਪੁਰ ਅਮਨ ਤਰੀਕੇ ਨਾਲ ਸਿਰੇ ਚੜ੍ਹਾਉਣ ਲਈ ਲੋਕਾਂ ਵੱਲੋਂ ਮਿਲੇ ਸਹਿਯੋਗ ਲਈ ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ ਨੇ ਲੋਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਨਾਂ ਚੋਣਾਂ ਵਿੱਚ ਲੋਕਾਂ ਨੇ ਆਮ ਆਦਮੀ ਪਾਰਟੀ ਨਾਲ ਸੰਬੰਧਤ ਉਮੀਦਵਾਰਾਂ ਨੂੰ ਵੱਡੇ ਪੱਧਰ 'ਤੇ ਕਾਮਯਾਬ ਕਰਕੇ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸੂਬੇ ਵਿੱਚ ਕੀਤੇ ਕ੍ਰਾਂਤੀਕਾਰੀ ਕੰਮਾਂ 'ਤੇ ਮੋਹਰ ਲਾਈ ਹੈ।ਵਿਧਾਇਕ ਲਖਬੀਰ ਸਿੰਘ ਰਾਏ ਨੇ ਕਿਹਾ ਕਿ ਇਹ ਚੋਣਾਂ ਬਹੁਤ ਹੀ ਪਾਰਦਰਸ਼ੀ ਢੰਗ ਨਾਲ ਹੋਈਆਂ ਹਨ ਤੇ ਜਮਹੂਰੀ ਕਦਰਾਂ ਕੀਮਤਾਂ ਨੂੰ ਯਕੀਨੀ ਬਣਾਇਆ ਗਿਆ ਹੈ।ਉਨ੍ਹਾਂ ਕਿਹਾ ਕਿ ਹਲਕੇ ਵਿੱਚ 90 ਤੋਂ 95 ਫੀਸਦ ਤੱਕ ਜਿਹੜੇ ਉਮੀਦਵਾਰ ਸਰਪੰਚ ਤੇ ਪੰਚ ਬਣੇ ਹਨ, ਉਹ ਆਮ ਆਦਮੀ ਪਾਰਟੀ ਨਾਲ ਸੰਬੰਧਤ ਹਨ।

ਸ੍ਰੀ ਰਾਏ ਨੇ ਕਿਹਾ ਕਿ ਜਿਸ ਦਿਨ ਤੋਂ ਆਮ ਆਦਮੀ ਪਾਰਟੀ ਦੀ ਸਰਕਾਰ ਹੋਂਦ ਵਿੱਚ ਆਈ ਹੈ, ਉਸੇ ਦਿਨ ਤੋਂ ਸੂਬੇ ਦੀ ਤਰੱਕੀ ਲਈ ਵੱਡੇ ਪੱਧਰ 'ਤੇ ਕੰਮ ਕੀਤਾ ਜਾ ਰਿਹਾ ਹੈ।ਹਾਲ ਹੀ ਵਿੱਚ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਵੱਲੋਂ ਪਿੰਡਾਂ ਦੀਆਂ ਲਿੰਕਾਂ ਸੜਕਾਂ ਨੂੰ ਵੱਡੇ ਪੱਧਰ 'ਤੇ ਠੀਕ ਕਰਨ ਤੇ ਨਵ ਨਿਰਮਾਣ ਦਾ ਐਲਾਨ ਕੀਤਾ ਹੈ, ਜਿਸ ਨਾਲ ਪਿੰਡਾਂ ਦੇ ਲੋਕਾਂ ਨੂੰ ਵੱਡੀ ਰਾਹਤ ਮਿਲੇਗੀ।

ਸ੍ਰ. ਰਾਏ ਨੇ ਕਿਹਾ ਕਿ ਜਿਸ ਸਹਿਜ ਤੇ ਠਰ੍ਹੰਮੇ ਨਾਲ ਪਿੰਡਾਂ ਦੇ ਵੋਟਰਾਂ ਨੇ ਵੋਟਿੰਗ ਪ੍ਰਕਿਰਿਆ ਵਿੱਚ ਹਿੱਸਾ ਲਿਆ, ਉਹ ਆਪਣੇ ਆਪ ਵਿੱਚ ਇੱਕ ਮਿਸਾਲ ਹੈ।ਵੋਟਾਂ ਵਿੱਚ ਜਿੱਤ ਹਾਰ ਹੋਣੀ ਹੀ ਹੁੰਦੀ ਹੈ, ਪਰ ਨੁਮਾਇੰਦਿਆਂ ਦੇ ਚੁਣੇ ਜਾਣ ਤੋਂ ਬਾਅਦ ਨੁਮਾਇੰਦਿਆਂ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਪਿੰਡਾਂ ਦਾ ਵਿਕਾਸ ਤੇ ਲੋਕ ਭਲਾਈ ਸਕੀਮਾਂ ਦਾ ਲਾਭ ਪਾਰਟੀਬਾਜ਼ੀ ਤੇ ਧੜੇਬੰਦੀ ਤੋਂ ਉੱਪਰ ਉੱਠ ਕੇ ਮੁਹੱਈਆ ਕਰਵਾਉਣ।

ਹਲਕਾ ਵਿਧਾਇਕ ਨੇ ਜਿੱਤਣ ਵਾਲੇ ਸਰਪੰਚਾਂ ਤੇ ਪੰਚਾਂ ਨੂੰ ਵਧਾਈ ਦਿੱਤੀ ਅਤੇ ਪਿੰਡਾਂ ਦੇ ਵਿਕਾਸ ਲਈ ਦਿਨ-ਰਾਤ ਇੱਕ ਕਰਕੇ ਕੰਮ ਕਰਨ ਵਾਸਤੇ ਪ੍ਰੇਰਿਆ।

## ਰੁੜਕੇ ਖੁਰਦ ਨੂੰ ਬਣਾਵਾਂਗੇ ਨਮੂਨੇ ਦਾ ਪਿੰਡ : ਪਰਮਜੀਤ ਕੌਰ



**ਕਾਲਾਂਵਾਲੀ (ਸੁਰਿੰਦਰ ਪਾਲ ਸਿੰਘ)** : ਪਿੰਡ ਰੁੜਕੇ ਖੁਰਦ ਦੇ ਰਿਜ਼ਰਵ ਕੋਟੇ ਅਧੀਨ ਸਰਪੰਚ ਦੀ ਚੋਣ ਜਿੱਤ ਚੁੱਕੀ ਮਹਿਲਾ ਸਰਪੰਚ ਪਰਮਜੀਤ ਕੌਰ ਨੇ ਸਮੂਹ ਨਗਰ ਨਿਵਾਸੀਆਂ ਦਾ ਵਿਸ਼ੇਸ਼ ਧੰਨਵਾਦ ਕਰਦੇ ਕਿਹਾ ਕਿ ਵੋਟਰਾਂ ਨੇ ਪਿੰਡ ਰੁੜਕੇ ਖੁਰਦ ਦੀ ਖੁਸ਼ਹਾਲੀ ਤੇ ਵਿਕਾਸ ਲਈ ਵੋਟ ਦਿੱਤੇ ਹਨ। ਹੁਣ ਸਰਪੰਚ ਵਜੋਂ ਚੋਣ ਕਰਨ 'ਤੇ ਉਹ ਦਲਗਤ ਰਾਜਨੀਤੀ ਤੋਂ ਉਪਰ ਉੱਠ ਕੇ ਭਾਈਚਾਰਕ ਸਾਂਝ ਕਾਇਮ ਕਰਨ ਤੇ ਪਿੰਡ ਰੁੜਕੇ ਖੁਰਦ ਦੇ ਸਰਬਪੱਖੀ ਵਿਕਾਸ ਲਈ ਯਤਨਸ਼ੀਲ ਰਹਿਣਗੇ। ਉਨ੍ਹਾਂ ਕਿਹਾ ਕਿ ਪਿੰਡ ਵਿੱਚ ਨਸ਼ਾ ਬੰਦੀ, ਆਟਾ ਦਾਲ ਸਕੀਮ, ਬੁਢਾਪਾ ਪੈਨਸ਼ਨ, ਮਨਰੇਗਾ ਸਕੀਮ ਅਧੀਨ ਰੁਜ਼ਗਾਰ, ਪਿੰਡ ਦੀ ਖਾਲੀ ਜਗ੍ਹਾ ਤੇ ਪਾਰਕ, ਖਾਲ੍ਹਾਂ ਤੇ ਸੂਇਆਂ ਦੀ ਮਰੰਮਤ, ਨਿਗਰਾਨੀ ਲਈ ਸੀ ਸੀਟੀਵੀ ਕੈਮਰੇ, ਮਿਡਲ ਸਕੂਲ ਨੂੰ ਦਸਵੀਂ ਜਮਾਤ ਤੱਕ ਅੱਪਗਰੇਡ, ਪਿੰਡ ਦੀਆਂ ਗਲੀਆਂ ਨਾਲੀਆਂ ਤੇ ਸੀਵਰੇਜ ਸਿਸਟਮ ਵਿੱਚ ਸੁਧਾਰ, ਕੰਪਿਊਟਰ ਲੈਬ, ਲਾਇਬਰੇਰੀ, ਵਾਟਰ ਵਰਕਸ ਦਾ ਸਾਫ ਸੁਥਰਾ ਪਾਣੀ, ਹਰ ਤਰ੍ਹਾਂ ਦੇ ਖੇਡ ਮੁਕਾਬਲੇ, ਵਾਤਾਵਰਨ ਨੂੰ ਸਾਫ ਰੱਖਣ ਲਈ ਪੇੜ ਪੌਦੇ, ਬਜ਼ੁਰਗਾਂ ਦੀ ਸਿਹਤ ਸੰਭਾਲ ਲਈ ਡਾਕਟਰਾਂ ਦੇ ਕੈਂਪ ਤੇ ਪੰਚਾਇਤ ਖਰਚਿਆਂ ਦੇ ਹਿਸਾਬ ਨੋਟਸ ਬੋਰਡਾਂ 'ਤੇ ਲਾਏ ਜਾਣਗੇ। ਇਸ ਜਿੱਤ 'ਤੇ ਬੀਬਾ ਪਰਮਜੀਤ ਕੌਰ ਦੇ ਪਤੀ ਰਾਮ ਚੰਦ ਫੌਜੀ ਵੱਲੋਂ ਵੀ ਪਿੰਡ ਦੇ ਵਿਕਾਸ ਲਈ ਵਚਨਵੱਧਤਾ ਦਾ ਵਿਸ਼ਵਾਸ ਦੁਆਉਂਦੇ ਕਿਹਾ ਗਿਆ ਕਿ ਉਹ ਸਭ ਨੂੰ ਨਾਲ ਲੈ ਕੇ ਚਲਣਗੇ। ਜਿੱਤ ਦੀ ਇਸ ਖੁਸ਼ੀ ਵਿੱਚ ਸਮਾਜ ਸੇਵਕ ਰਾਮ ਸਿੰਘ ਧਾਲੀਵਾਲ ਗੁਰਵਿੰਦਰ ਸਿੰਘ ਮੈਂਬਰ, ਸਾਬਕਾ ਸਰਪੰਚ ਹਰਬੰਸ ਸਿੰਘ, ਮਾਸਟਰ ਬਲਵਿੰਦਰ ਸਿੰਘ, ਮਾ: ਗੁਰਜੰਟ ਸਿੰਘ ਪ੍ਰਧਾਨ ਗੁਰਦੁਆਰਾ ਮੈਨੇਜਮੈਂਟ ਕਮੇਟੀ, ਹਰਬੰਸ ਕੌਰ ਮੈਂਬਰ, ਚਰਨਜੀਤ ਕੌਰ, ਕੁਲਵੰਤ ਕੌਰ ਬੇਅੰਤ ਕੌਰ ਸਮੇਤ ਪਿੰਡ ਰੁੜਕੇ ਖੁਰਦ ਦੇ ਪੱਤਵੰਤੇ ਹਾਜ਼ਰ ਰਹੇ।

## ਸਹਿਕਾਰੀ ਸਭਾਵਾਂ ਤੇ ਵਿਕਰੀ ਕੇਂਦਰਾਂ 'ਚੋਂ ਨਹੀਂ ਮਿਲ ਰਹੀ ਡੀ ਏ ਪੀ



**ਸਿਰਸਾ (ਸੁਰਿੰਦਰ ਪਾਲ ਸਿੰਘ)** : ਸਿਰਸਾ ਜ਼ਿਲ੍ਹੇ ਦੇ ਚੋਪਟਾ ਇਲਾਕੇ ਵਿੱਚ ਡੀਏਪੀ ਖਾਦ ਦੀ ਘਾਟ ਕਿਸਾਨਾਂ ਲਈ ਪ੍ਰੇਸ਼ਾਨੀ ਬਣੀ ਹੋਈ ਹੈ।ਸਹਿਕਾਰੀ ਸਭਾਵਾਂ ਦੇ ਵਿਕਰੀ ਕੇਂਦਰਾਂ 'ਤੇ ਮੁਲਾਜ਼ਮਾਂ ਵੱਲੋਂ ਡੀਏਪੀ ਖਾਦ ਨਾ ਵੰਡਣ ਦੀਆਂ ਸ਼ਿਕਾਇਤਾਂ ਲਗਾਤਾਰ ਵੱਧ ਰਹੀਆਂ ਹਨ।ਪਿੰਡ ਬਰਾਸਰੀ ਵਿੱਚ ਪੀਏਸੀਐੱਸ 'ਤੇ ਡੀਏਪੀ ਖਾਦ ਵੇਚਦੇ ਸਮੇਂ ਕਿਸਾਨਾਂ ਦੀ ਭੀੜ ਨੂੰ ਦੇਖ ਕੇ ਸੇਲਜ਼ਮੈਨ ਸੇਲਜ਼ ਸੈਂਟਰ ਨੂੰ ਤਾਲਾ ਲਾ ਕੇ ਚਲਾ ਗਿਆ, ਜਦੋਂਕਿ ਪੈਕਸ ਵਿਕਰੀ ਕੇਂਦਰ ਵਿਖੇ ਡੀ.ਏ.ਪੀ. ਖਾਦ ਦੀਆਂ 500 ਬੋਰੀਆਂ ਪਹੁੰਚ ਚੁੱਕੀਆਂ ਹਨ।ਕਿਸਾਨਾਂ ਨੇ ਵਿਕਰੀ ਕੇਂਦਰ 'ਤੇ ਉਡੀਕ ਕਰਨ ਉਪਰੰਤ ਸਰਕਾਰ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕੀਤੀ।ਇਸ ਮਗਰੋਂ ਜਮਾਲ ਚੌਕੀ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਕਿਸਾਨਾਂ ਨੂੰ ਸਮਝਾਇਆ।ਪਿੰਡ ਦੇ ਕਿਸਾਨ ਰਾਜੂ, ਸੁਰਿੰਦਰ ਕੁਮਾਰ, ਸੁਸ਼ੀਲ ਕੁਮਾਰ, ਸੁਨੀਲ ਨੇ ਦੱਸਿਆ ਕਿ ਪਿੰਡ ਬਰਾਸਰੀ ਸਥਿਤ ਪੀਏਸੀਐੱਸ ਖਰੀਦ ਕੇਂਦਰ ਵਿੱਚ ਡੀਏਪੀ ਖਾਦ ਦੀਆਂ ਬੋਰੀਆਂ ਆਉਣ ਦੀ ਸੂਚਨਾ ਮਿਲਣ 'ਤੇ ਕਿਸਾਨ ਖਰੀਦ ਕੇਂਦਰ 'ਤੇ ਪੁੱਜੇ।ਉਥੇ ਮੁਲਾਜ਼ਮਾਂ ਨੇ ਇਕ ਕਿਸਾਨ ਨੂੰ ਇਕ ਆਧਾਰ ਕਾਰਡ 'ਤੇ ਖਾਦ ਦੀਆਂ ਦੋ ਬੋਰੀਆਂ ਵੰਡਣ ਦੀ ਸੂਚਨਾ ਦਿੱਤੀ।ਫਿਰ ਵੱਡੀ ਗਿਣਤੀ ਵਿੱਚ ਕਿਸਾਨ ਖਾਦ ਖ੍ਰੀਦਣ ਲਈ ਵਿਕਰੀ ਕੇਂਦਰ ਪੁੱਜੇ, ਪਰ ਕੁਝ ਸਮੇਂ ਬਾਅਦ ਮੁਲਾਜ਼ਮ ਇਸ ਨੂੰ ਤਾਲਾ ਲਾ ਕੇ ਚਲਾ ਗਿਆ।ਕੇਂਦਰ ਦੇ ਬਾਹਰ ਵਧਦੀ ਭੀੜ ਨੂੰ ਦੇਖਦਿਆਂ ਜਮਾਲ ਚੌਕੀ ਪੁਲਸ ਨੂੰ ਸੂਚਿਤ ਕੀਤਾ ਗਿਆ, ਪਰ ਸੇਲਜ਼ ਸੈਂਟਰ 'ਤੇ ਕੰਮ ਕਰਦਾ ਮੁਲਾਜ਼ਮ ਕੇਂਦਰ 'ਤੇ ਵਾਪਸ ਨਹੀਂ ਆਇਆ।ਕਿਸਾਨਾਂ ਨੇ ਦੱਸਿਆ ਕਿ ਇਸ ਸਮੇਂ ਸਰ੍ਹੋਂ ਦੀ ਬਿਜਾਈ ਦਾ ਸਮਾਂ ਚੱਲ ਰਿਹਾ ਹੈ ਤੇ ਡੀਏਪੀ ਖਾਦ ਨਹੀਂ ਮਿਲ ਰਹੀ, ਜਿਸ ਕਾਰਨ ਉਨ੍ਹਾਂ ਨੂੰ ਕਾਫੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਪੀਏਸੀਐੱਸ ਦੇ ਮੈਨੇਜਰ ਇੰਦਰਪਾਲ ਨੇ ਦੱਸਿਆ ਕਿ ਬਾਰਾਸਰੀ ਵਿਕਰੀ ਕੇਂਦਰ ਵਿੱਚ ਡੀਏਪੀ ਖਾਦ ਦੀਆਂ 500 ਬੋਰੀਆਂ ਪੁੱਜੀਆਂ ਤਾਂ ਕਰਮਚਾਰੀ ਖਾਦ ਵੰਡਣ ਲਈ ਪੁੱਜੇ, ਪਰ ਕਿਸਾਨਾਂ ਦੀ ਭੀੜ ਵਧ ਗਈ ਤੇ ਭੀੜ ਨੂੰ ਕਾਬੂ ਕਰਨ ਲਈ ਸੂਚਨਾ ਪੁਲਸ ਨੂੰ ਦਿੱਤੀ ਗਈ, ਪਰ ਕਿਸਾਨ ਨਹੀਂ ਮੰਨੇ।

## ਕਰਤਾਰ ਕਲੋਨੀ ਦੀ ਸਰਪੰਚੀ ਦਮਨਜੋਤ ਗਰਗ ਨੇ 300 ਵੋਟਾਂ ਨਾਲ ਜਿੱਤੀ

**ਪਿਛਲੇ ਲੰਮੇ ਸਮੇਂ ਤੋਂ ਕੀਤੇ ਲੋਕ ਭਲਾਈ ਦੇ ਕਾਰਜਾਂ 'ਤੇ ਕਲੋਨੀ ਵਾਸੀਆਂ ਨੇ ਲਾਈ ਮੋਹਰ : ਜਿੰਦਲ, ਗਰਗ**



**ਨਾਭਾ (ਵਰਿੰਦਰ ਵਰਮਾ)**-ਹਲਕਾ ਵਿਧਾਨ ਨਾਭਾ ਦੇ ਨਾਲ ਲੱਗਦੀ ਕਲੋਨੀ ਵਿਖੇ ਸਰਪੰਚ ਦੀ ਚੋਣ ਮੈਡਮ ਦਮਨਜੋਤ ਗਰਗ ਧਰਮਪਤਨੀ ਸੁਰੇਸ਼ ਗਰਗ ਗੋਨਾ ਸਪੁੱਤਰ ਵਿਨੋਦ ਕੁਮਾਰ ਗਰਗ ਠੇਕੇਦਾਰ ਨੇ ਆਪਣੇ ਵਿਰੋਧੀ ਉਮੀਦਵਾਰ ਨੂੰ 300 ਦੇ ਕਰੀਬ ਵੋਟਾਂ ਦੇ ਫਰਕ ਨਾਲ ਹਰਾ ਕੇ ਜਿੱਤ ਪ੍ਰਾਪਤ ਕੀਤੀ ਹੈ।ਇਸ ਮੌਕੇ ਨਵ-ਨਿਯੁਕਤ ਸਰਪੰਚ ਮੈਡਮ ਦਮਨਜੋਤ ਗਰਗ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜੋ ਪਿੰਡ ਵਾਸੀਆਂ ਨੇ ਸਾਨੂੰ ਜ਼ਿੰਮੇਵਾਰੀ ਸੌਂਪੀ ਹੈ, ਅਸੀਂ ਸਮੂਹ ਪਰਵਾਰ ਕਲੋਨੀ ਵਾਸੀਆਂ ਨਾਲ ਵਾਅਦਾ ਕਰਦੇ ਹਾਂ ਕਿ ਇਸ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਵਾਂਗੇ। ਉਨ੍ਹਾ ਕਿਹਾ ਕਿ ਕਲੋਨੀ ਦਾ ਵਿਕਾਸ ਹਰ ਪੱਖ ਤੋਂ ਕੀਤਾ ਜਾਵੇਗਾ, ਜੋ ਕਿ ਪਿਛਲੇ ਲੰਮੇ ਸਮੇਂ ਤੋਂ ਵਿੱਚ ਵਿਚਾਲੇ ਅਧੂਰੇ ਪਏ ਕੰਮਾਂ ਨੂੰ ਪਹਿਲ ਦੇ ਅਧਾਰ 'ਤੇ ਪੂਰਾ ਕੀਤਾ ਜਾਵੇਗਾ।ਇਸ ਮੌਕੇ ਬਹੁਤ ਕੁਝ ਨਾ ਕਹਿੰਦੇ ਹੋਏ ਉਨ੍ਹਾਂ ਕਿਹਾ ਕਿ ਅਸੀਂ ਸਮੂਹ ਕਲੋਨੀ ਵਾਸੀਆਂ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਾਂ ਕਿ ਜਿਨ੍ਹਾਂ ਨੇ ਸਾਡੇ 'ਤੇ ਇੰਨਾ ਵੱਡਾ ਭਰੋਸਾ ਕਰਕੇ ਸਾਨੂੰ ਕਲੋਨੀ ਦੀ ਜ਼ਿੰਮੇਵਾਰੀ ਸੌਂਪੀ ਹੈ।ਇਸ ਮੌਕੇ ਆਮ ਆਦਮੀ ਪਾਰਟੀ ਟਰੇਡ ਵਿੰਗ ਦੇ ਜੁਆਇੰਟ ਸਕੱਤਰ ਪੰਜਾਬ ਅਜੇ ਜਿੰਦਲ ਨੇ ਨਵ-ਨਿਯੁਕਤ ਸਰਪੰਚ ਦਮਨਜੋਤ ਗਰਗ ਨੂੰ ਵਧਾਈਆਂ ਦਿੱਤੀਆਂ।ਇਸ ਮੌਕੇ ਵਿਨੋਦ ਗਰਗ ਠੇਕੇਦਾਰ, ਸਾਬਕਾ ਸਰਪੰਚ ਸ਼ਿਮਲਾ ਦੇਵੀ ਤੇ ਸੁਰੇਸ਼ ਗਰਗ ਗੋਨਾ ਨੇ ਕਿਹਾ ਕਿ ਨਵੇਂ ਚੁਣੇ ਗਏ ਪੰਚਾਇਤ ਮੈਂਬਰਾਂ ਵਿੱਚ ਵਾਰਡ ਨੰਬਰ 1 ਤੋਂ ਹਰਬੰਸ ਕੌਰ, ਵਾਰਡ ਨੰਬਰ 2 ਤੋਂ ਰਾਜੇਸ਼ ਕੁਮਾਰ, ਵਾਰਡ ਨੰਬਰ 3 ਤੋਂ ਸਰਬਜੀਤ ਕੁਮਾਰ, ਵਾਰਡ ਨੰਬਰ 4 ਤੋਂ ਦੀਪਕ ਵਰਮਾ, ਵਾਰਡ ਨੰਬਰ 5 ਤੋਂ ਰਜਿੰਦਰ ਕੌਰ, ਵਾਰਡ ਨੰਬਰ 6 ਤੋਂ ਟਵਿੰਕਲ ਸਹਿਗਲ, ਵਾਰਡ ਨੰਬਰ 7 ਤੋਂ ਪਰਮਜੀਤ ਰਾਮ ਨੂੰ ਕਲੋਨੀ ਵਾਸੀਆਂ ਨੇ ਫਤਵਾ ਦਿੱਤਾ ਹੈ। ਇਸ ਮੌਕੇ ਸਾਬਕਾ ਸਰਪੰਚ ਬਾਬਾ ਬਚਿੱਤਰ ਸਿੰਘ, ਬਲਜਿੰਦਰ ਸਿੰਘ, ਸ਼ਿਵ ਕੁਮਾਰ, ਕਾਕਾ ਸਿੰਘ, ਸੁਨੀਲ ਵਰਮਾ, ਗੁਰਜੀਤ ਸਿੰਘ, ਜਸਪ੍ਰੀਤ ਸਿੰਘ, ਭੁਪਿੰਦਰ ਸਿੰਘ, ਅਜੇ ਸ਼ਰਮਾ, ਬਲਜੀਤ ਸਿੰਘ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਕਲੋਨੀ ਵਾਸੀਆਂ ਤੇ ਸਮਰਥਕਾਂ ਨੇ ਨਵ-ਨਿਯੁਕਤ ਸਰਪੰਚ ਦਮਨਜੋਤ ਗਰਗ ਨੂੰ ਮੁਬਾਰਕਬਾਦ ਦਿੱਤੀਆਂ।

## ਪੰਜਾਬ ਸਰਕਾਰ ਵੱਲੋਂ ਵਿੱਤ ਵਿਭਾਗ 'ਚ ਕੀਤੀਆਂ ਨਿਯੁਕਤੀਆਂ ਪੰਜਾਬ ਲਈ ਚਿੰਤਾ ਦਾ ਵਿਸ਼ਾ : ਰਿੱਚੀ ਡਕਾਲਾ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬ ਸਰਕਾਰ ਵੱਲੋਂ ਵਿੱਤ ਵਿਭਾਗ ਵਿੱਚ ਰਿਟਾਇਰਡ ਤੇ ਬਾਹਰਲੇ ਆਫਸਰਾਂ ਦੀਆਂ ਨਿਯੁਕਤੀਆਂ ਪੰਜਾਬ ਲਈ ਬਹੁਤ ਚਿੰਤਾ ਦਾ ਵਿਸ਼ਾ ਹਨ। ਇਸ ਮੌਕੇ ਸੀਨੀਅਰ ਕਾਂਗਰਸ ਆਗੂ ਰਿਚੀ ਡਕਾਲਾ ਨੇ ਕਿਹਾ ਕਿ ਕਿ ਪੰਜਾਬ ਸਰਕਾਰ ਵੱਲੋਂ ਪਿਛਲੇ ਦਿਨੀਂ ਆਪਣੇ ਵਿੱਤ ਵਿਭਾਗ ਵਿੱਚ ਇੱਕ ਰਿਟਾਇਰਡ ਆਈ ਆਰ ਐੱਸ ਅਧਿਕਾਰੀ ਨੂੰ ਵਿੱਤ ਵਿਭਾਗ ਚੀਫ ਐਡਵਾਈਜ਼ਰ ਦੇ ਅਹੁਦੇ ਤੇ ਸਬਸਟੈਨ ਜੇਮਸ ਨੂੰ ਐਡਵਾਈਜ਼ਰ ਦੇ ਅਹੁਦੇ 'ਤੇ ਨਿਯੁਕਤ ਕੀਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮਾਮਲਿਆਂ ਵਿੱਚ ਆਪ ਪਾਰਟੀ ਹਾਈ ਕਮਾਂਡ ਦੀ ਦਖਲਅੰਦਾਜ਼ੀ ਸਾਰੇ ਪੰਜਾਬੀਆਂ ਲਈ ਬਹੁਤ ਚਿੰਤਾਜਨਕ ਤੇ ਪੰਜਾਬ ਲਈ ਕਿਸੇ ਵੀ ਹੱਦ ਤੱਕ ਮਨਜ਼ੂਰ ਨਹੀਂ ਹੈ।ਇਸ ਤੋਂ ਇਲਾਵਾ ਪੰਜਾਬ ਦੇ ਮੰਤਰੀਆਂ ਨੂੰ ਵਾਰ ਵਾਰ ਦਿੱਲੀ ਵਿਖੇ ਤਲਬ ਕਰਨਾ ਵੀ ਲੋਕਾਂ ਦੀ ਚਿੰਤਾ ਦਾ ਵਿਸ਼ਾ ਹੈ, ਜਿਸ ਨਾਲ ਪੰਜਾਬ ਵਾਸੀਆਂ ਦੇ ਰੋਜ਼ਾਨਾ ਹੋਣ ਵਾਲੇ ਕੰਮਾਂ 'ਤੇ ਵੀ ਅਸਰ ਪੈਂਦਾ ਹੈ।ਪਿਛਲੇ ਦਿਨੀਂ ਸਰਕਾਰ ਦੇ ਓ.ਐੱਸ.ਡੀ. ਤੇ ਸਲਾਹਕਾਰਾਂ ਦੇ ਅਚਾਨਕ ਦਿੱਤੇ ਅਸਤੀਫ਼ਿਆਂ ਤੋਂ ਸਪੱਸ਼ਟ ਹੈ ਕਿ ਪੰਜਾਬ ਸਰਕਾਰ ਦਿੱਲੀ ਤੋਂ 'ਆਪ' ਹਾਈ ਕਮਾਂਡ ਦੁਆਰਾ ਚਲਾਈ ਜਾ ਰਹੀ ਹੈ, ਜੋ ਕਿ ਪਿਛਲੀਆਂ ਸਰਕਾਰਾਂ ਵਿੱਚ ਕਦੇ ਵੀ ਦੇਖਣ ਨੂੰ ਨਹੀਂ ਮਿਲਿਆ।ਇਨ੍ਹਾਂ ਸਾਰੀਆਂ ਗੱਲਾਂ ਦਾ ਭਵਿੱਖ ਵਿੱਚ ਪੰਜਾਬ ਦੀ ਰਾਜਨੀਤੀ 'ਤੇ ਮਾੜਾ ਅਸਰ ਪੈਣ ਦੀਆਂ ਸ਼ੰਕਾਵਾਂ ਸਾਫ ਨਜ਼ਰ ਆ ਰਹੀਆਂ ਹਨ, ਪਰ ਮੌਜੂਦਾ ਆਪ ਸਰਕਾਰ ਤੇ ਇਸ ਦੀ ਹਾਈ ਕਮਾਂਡ ਸਿੱਧੇ ਤੌਰ 'ਤੇ ਆਪਣੀਆਂ ਮਨਮਰਜ਼ੀਆਂ 'ਤੇ ਤੁਰੀ ਹੋਈ ਹੈ, ਜੋ ਕਿ ਕਿਸੇ ਵੀ ਸਮੇਂ ਪੰਜਾਬ ਲਈ ਘਾਤਕ ਸਿੱਧ ਹੋ ਸਕਦੀ ਹੈ।

## ਕਿਸਾਨ-ਮਜ਼ਦੂਰ ਜਥੇਬੰਦੀਆਂ ਨੇ ਸੁਪਰੀਮ ਕੋਰਟ ਵੱਲੋਂ ਬਣਾਈ ਕਮੇਟੀ ਨਾਲ ਮੀਟਿੰਗ ਦਾ ਸੱਦਾ ਠੁਕਰਾਇਆ

### *ਕਿਹਾ, ਕਮੇਟੀ ਬਣਾਉਣ ਦੀ ਨਹੀਂ ਕੀਤੀ ਕੋਈ ਮੰਗ*

**ਪਟਿਆਲਾ (ਰਾਜਿੰਦਰ ਸਿੰਘ ਥਿੰਦ)** : ਸ਼ੰਭੂ ਬਾਰਡਰ 'ਤੇ ਬੈਠੇ ਕਿਸਾਨ-ਮਜ਼ਦੂਰ ਮੋਰਚਾ ਤੇ ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਨੇ ਸਟੇਜ ਤੋਂ ਐਲਾਨ ਕੀਤਾ ਕਿ ਦੋਵੇਂ ਅੰਦੋਲਨਕਾਰੀ ਜਥੇਬੰਦੀਆਂ ਨੇ ਸੁਪਰੀਮ ਕੋਰਟ ਵੱਲੋਂ ਗਠਿਤ ਕਮੇਟੀ ਨੂੰ ਨਾ ਮਿਲਣ ਦਾ ਫੈਸਲਾ ਕੀਤਾ ਹੈ।

ਕਿਸਾਨ ਆਗੂਆਂ ਦਾ ਕਹਿਣਾ ਹੈ ਕਿ ਕਿਸੇ ਵੀ ਜਥੇਬੰਦੀ ਨੇ ਸੁਪਰੀਮ ਕੋਰਟ ਨੂੰ ਕਿਸੇ ਕਿਸਮ ਦੀ ਕਮੇਟੀ ਬਣਾਉਣ ਦੀ ਕੋਈ ਮੰਗ ਨਹੀਂ ਕੀਤੀ ਸੀ ਅਤੇ ਨਾ ਹੀ ਉਹ ਅਦਾਲਤ ਵਿੱਚ ਚੱਲ ਰਹੇ ਕੇਸ ਵਿੱਚ ਧਿਰ ਹੈ।ਉਨ੍ਹਾਂ ਦੁਹਰਾਇਆ ਕਿ ਸੜਕ ਨੂੰ ਹਰਿਆਣਾ ਸਰਕਾਰ ਨੇ ਨਾਜਾਇਜ਼ ਤੌਰ 'ਤੇ ਬੰਦ ਕੀਤਾ ਹੋਇਆ ਹੈ, ਨਾ ਕਿ ਕਿਸਾਨਾਂ ਨੇ।

ਸੁਪਰੀਮ ਕੋਰਟ ਵੱਲੋਂ ਗਠਿਤ ਕਮੇਟੀ ਵੱਲੋਂ ਭੇਜੇ ਗਏ ਸੱਦਾ ਪੱਤਰ ਦੇ ਜਵਾਬ ਵਿੱਚ ਕੇ ਐੱਮ ਐੱਮ ਅਤੇ ਐੱਸ ਕੇ ਐੱਮ (ਗੈਰ-ਰਾਜਨੀਤਕ) ਨੇ ਉਨ੍ਹਾਂ ਦੀ ਮੀਟਿੰਗ ਲਈ ਸੱਦੇ ਨੂੰ ਠੁਕਰਾਉਂਦੇ ਹੋਏ ਪੱਤਰ ਲਿਖਿਆ ਹੈ।ਆਪਣੇ ਪੱਤਰ ਵਿੱਚ ਕਿਸਾਨਾਂ ਨੇ ਆਪਣਾ ਜਵਾਬ ਭੇਜ ਕੇ 7 ਨੁਕਤਿਆਂ ਵਿੱਚ ਪੱਖ ਪੇਸ਼ ਕੀਤਾ ਹੈ।ਕਿਸਾਨ ਆਗੂਆਂ ਨੇ ਦਲੀਲ ਦਿੱਤੀ ਕਿ ਸੁਪਰੀਮ ਕੋਰਟ ਇੱਕ ਵਿਅਕਤੀ ਦੇ ਕਤਲ, ਸਰਕਾਰੀ ਅੱਤਿਆਚਾਰ, ਸਰਕਾਰ ਵੱਲੋਂ 433 ਵਿਅਕਤੀਆਂ ਦੇ ਜ਼ਖ਼ਮੀ ਹੋਣ ਅਤੇ ਪੰਜ ਵਿਅਕਤੀਆਂ ਦੀਆਂ ਅੱਖਾਂ ਦੀ ਰੌਸ਼ਨੀ ਗੁਆਉਣ ਦੀਆਂ ਘਟਨਾਵਾਂ ਨੂੰ ਕਿਵੇਂ ਨਜ਼ਰਅੰਦਾਜ਼ ਕਰ ਸਕਦੀ ਹੈ।ਮੋਰਚੇ ਵੱਲੋਂ ਉੱਤਰਾਖੰਡ ਦੇ ਕਿਸਾਨ ਆਗੂ ਤਜਿੰਦਰ ਸਿੰਘ ਵਿਰਕ ਦੇ ਪਿਤਾ ਦੇ ਅਕਾਲ ਚਲਾਣੇ 'ਤੇ ਸ਼ਰਧਾਂਜਲੀ ਭੇਟ ਕੀਤੀ ਗਈ ਅਤੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।ਜਥੇਬੰਦੀ ਨੇ ਕਿਹਾ ਕਿ ਤਿੰਨ ਅਕਤੂਬਰ ਨੂੰ ਲਖੀਮਪੁਰ ਖੀਰੀ ਕਤਲੇਆਮ ਵਿੱਚ ਤਜਿੰਦਰ ਸਿੰਘ ਵਿਰਕ ਨੂੰ ਸਾਬਕਾ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਟੈਣੀ ਦੀ ਥਾਰ ਕਾਰ ਨੇ ਕੁਚਲ ਕੇ ਕਤਲ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ।

## ਸੰਧਵਾਂ ਨੇ ਚੁਣੀਆਂ ਨਵੀਂਆਂ ਪੰਚਾਇਤਾਂ ਨੂੰ ਦਿੱਤੀ ਵਧਾਈ

**☛ ਹਲਕੇ ਦੀਆਂ 10 ਪੰਚਾਇਤਾਂ ਦੀ ਹੋਈ ਸਰਬਸੰਮਤੀ ਨਾਲ ਚੋਣ ☛ ਅਮਨ, ਸਾਂਤੀ ਨਾਲ ਵੋਟਾਂ ਪਾਉਣ 'ਤੇ ਲੋਕਾਂ ਦਾ ਕੀਤਾ ਧੰਨਵਾਦ**



**ਫਰੀਦਕੋਟ (ਗੁਰਪ੍ਰੀਤ ਸਿੰਘ ਬੇਦੀ, ਐਲਿਗਜ਼ੈਂਡਰ ਡਿਸੂਜਾ)**-ਸਪੀਕਰ ਪੰਜਾਬ ਵਿਧਾਨ ਸਭਾ ਸ੍ਰ. ਕੁਲਤਾਰ ਸਿੰਘ ਸੰਧਵਾਂ ਨੇ ਕੱਲ੍ਹ ਹੋਈਆਂ ਗ੍ਰਾਮ ਪੰਚਾਇਤਾਂ ਦੀਆਂ ਚੋਣਾਂ ਵਿੱਚ ਚੁਣੀਆਂ ਪੰਚਾਇਤਾਂ ਤੇ ਪਿੰਡ ਵਾਸੀਆਂ ਨੂੰ ਵਧਾਈ ਦਿੱਤੀ ਅਤੇ ਚੋਣਾਂ ਦੇ ਅਮਲ ਨੂੰ ਅਮਨ ਸ਼ਾਂਤੀ ਤੇ ਬਿਨਾਂ ਲੜਾਈ-ਝਗੜੇ ਦੇ ਕਰਨ 'ਤੇ ਸਮੂਹ ਵੋਟਰਾਂ, ਪਾਰਟੀ ਦੇ ਨੁਮਾਇੰਦਿਆਂ ਦਾ ਧੰਨਵਾਦ ਕੀਤਾ।

ਸਪੀਕਰ ਸ੍ਰ. ਸੰਧਵਾਂ ਨੇ ਕਿਹਾ ਕਿ ਉਨ੍ਹਾਂ ਨੂੰ ਖੁਸ਼ੀ ਹੈ ਕਿ ਉਨ੍ਹਾਂ ਦੇ ਹਲਕੇ ਦੀਆਂ 10 ਪੰਚਾਇਤਾਂ ਸਰਬਸੰਮਤੀ ਨਾਲ ਚੁਣੀਆਂ ਗਈਆਂ ਹਨ ਅਤੇ ਬਾਕੀ ਰਹਿੰਦੀਆਂ ਪੰਚਾਇਤਾਂ ਵੀ ਬਿਨਾਂ ਕਿਸੇ ਪੱਖਪਾਤ, ਲੜਾਈ-ਝਗੜੇ ਤੋਂ ਚੁਣੀਆਂ ਗਈਆਂ ਹਨ।ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਹਲਕੇ ਵਿੱਚ ਕਿਤੇ ਵੀ ਧੱਕੇਸ਼ਾਹੀ ਦੀ ਕੋਈ ਖਬਰ ਨਹੀਂ ਆਈ ਅਤੇ ਨਾ ਹੀ ਕਿਸੇ ਵੀ ਉਮੀਦਵਾਰ ਨੂੰ ਐੱਨ.ਓ.ਸੀ. ਲੈਣ ਦੀ ਦਿੱਕਤ ਆਈ ਹੈ ਤੇ ਨਾ ਹੀ ਕਿਸੇ ਦੇ ਕਾਗਜ਼ ਰੱਦ ਕੀਤੇ ਗਏ ਹਨ।ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਹਲਕੇ ਦੇ 80 ਪ੍ਰਤੀਸ਼ਤ ਦੇ ਕਰੀਬ ਉਮੀਦਵਾਰ ਉਨ੍ਹਾਂ ਦੀ ਪਾਰਟੀ ਦੇ ਚੁਣੇ ਗਏ ਹਨ। ਉਨ੍ਹਾਂ ਕਿਹਾ ਕਿ ਜਿੱਤ ਹਾਰ ਲੋਕਤੰਤਰੀ ਕਦਰਾਂ ਕੀਮਤਾਂ ਦਾ ਇੱਕ ਖੂਬਸੂਰਤ ਹਿੱਸਾ ਹੈ।ਉਨ੍ਹਾਂ ਕਿਹਾ ਕਿ ਚੁਣੇ ਹੋਏ ਸਰਪੰਚ ਆਪਣੇ ਪਿੰਡ ਵਾਸੀਆਂ ਵੱਲੋਂ ਪ੍ਰਗਟਾਏ ਵਿਸ਼ਵਾਸ ਨੂੰ ਪਿੰਡ ਦੇ ਬਿਹਤਰੀਨ ਵਿਕਾਸ ਨਾਲ ਹੋਰ ਪ੍ਰਪੱਕ ਕਰਨ।ਉਨ੍ਹਾਂ ਰਹਿ ਗਏ ਉਮੀਦਵਾਰਾਂ ਨੂੰ ਵੀ ਅਪੀਲ ਕੀਤੀ ਕਿ ਉਹ ਆਪਸੀ ਵੈਰ ਵਿਰੋਧ ਮਿਟਾ ਕੇ ਤੇ ਨਫਰਤ ਦੀ ਅੱਗ ਨੂੰ ਮੱਠਾ ਕਰਕੇ ਪਿੰਡ ਦੇ ਵਿਕਾਸ ਲਈ ਇੱਕ ਦੂਜੇ ਦੇ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਨ।ਜ਼ਿਕਰਯੋਗ ਹੈ ਕਿ ਪਿੰਡ ਸੰਧਵਾਂ ਵਿਖੇ ਸਪੀਕਰ ਸ੍ਰ. ਕੁਲਤਾਰ ਸਿੰਘ ਸੰਧਵਾਂ ਦੇ ਗ੍ਰਹਿ ਵਿਖੇ ਵੱਖ ਵੱਖ ਪਿੰਡਾਂ ਦੀਆਂ ਜੇਤੂ ਪੰਚਾਇਤਾਂ ਦਾ ਤਾਂਤਾ ਲੱਗਿਆ ਹੋਇਆ ਹੈ, ਘਰ ਵਿੱਚ ਵਿਆਹ ਵਰਗਾ ਮਾਹੌਲ ਬਣਿਆ ਹੋਇਆ ਹੈ।ਇਸ ਮੌਕੇ ਐਡਵੋਕੇਟ ਬੀਰਇੰਦਰ ਸਿੰਘ ਸੰਧਵਾਂ, ਪੀ.ਆਰ.ਓ. ਮਨਪ੍ਰੀਤ ਸਿੰਘ ਧਾਲੀਵਾਲ, ਅਮਨਦੀਪ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।

## ਬਿਸ਼ਨਗੜ੍ਹ 'ਚ 'ਨੋਟਾ' ਨੇ ਸੱਤਾਧਾਰੀ ਸਰਪੰਚ ਨੂੰ 10 ਵੋਟਾਂ ਨਾਲ ਹਰਾਇਆ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਬਲਾਕ ਭੁੰਨਰਹੇੜੀ ਦੇ ਪਿੰਡ ਬਿਸ਼ਨਗੜ੍ਹ ਵਿਖੇ ਪੰਚਾਇਤੀ ਚੋਣਾਂ ਦੌਰਾਨ 'ਨੋਟਾ' ਨੂੰ 115 ਵੋਟਾਂ ਪਾਈਆਂ ਅਤੇ ਸੱਤਾਧਾਰੀ ਸਰਪੰਚ ਮਨਦੀਪ ਕੌਰ ਨੂੰ 105 ਵੋਟਾਂ ਮਿਲੀਆਂ, ਇਸ ਵਿੱਚ 'ਨੋਟਾ' ਨੇ ਸਰਪੰਚ ਨੂੰ 10 ਵੋਟਾਂ ਨਾਲ ਹਰਾ ਦਿੱਤਾ ਹੈ।ਪਿੰਡ ਬਿਸ਼ਨਗੜ੍ਹ ਦੇ ਸਾਬਕਾ ਸਰਪੰਚ ਅਮਰਜੀਤ ਸਿੰਘ ਜਾਗਦੇ ਰਹੋ ਨੇ ਦੱਸਿਆ ਕਿ ਹਲਕਾ ਸਨੌਰ ਦੇ ਮੌਜੂਦਾ ਵਿਧਾਇਕ ਹਰਮੀਤ ਸਿੰਘ ਪਠਾਨਮਾਜਰਾ ਨੇ ਸਰਪੰਚੀ ਦੇ ਉਮੀਦਵਾਰ ਸੁਮਨਜੀਤ ਕੌਰ, ਸੁੰਦਰਜੀਤ ਕੌਰ ਤੇ ਰਿੰਪੀ ਦੇ ਕਾਗਜ਼ ਰੱਦ ਕਰਵਾ ਦਿੱਤੇ ਸਨ, ਜਿਸ ਕਰਕੇ ਪਿੰਡ ਬਿਸ਼ਨਗੜ੍ਹ ਦੇ ਲੋਕਾਂ ਨੇ ਸਰਕਾਰੀ ਜਬਰ ਦਾ ਜਵਾਬ 'ਨੋਟਾ' ਨਾਲ ਦਿੱਤਾ।ਜਾਗਦੇ ਰਹੋ ਗਰੁੱਪ ਦੇ 2 ਪੰਚ ਰਾਜਵੀਰ ਸਿੰਘ ਤੇ ਅਵਤਾਰ ਸਿੰਘ ਸਰਬਸੰਮਤੀ ਨਾਲ ਚੁਣੇ ਗਏ ਤੇ ਸਖਤ ਮੁਕਾਬਲੇ ਦੌਰਾਨ ਰਵੀ ਸਿੰਘ ਨੇ ਸੱਤਾਧਾਰੀ ਪੰਚ ਕਮਲੇਸ਼ ਕੌਰ ਨੂੰ ਹਰਾਇਆ।ਪੰਜਾਬ ਵਿੱਚ ਪਹਿਲੀ ਵਾਰ 'ਨੋਟਾ' ਨੇ ਜਿੱਤ ਪ੍ਰਾਪਤ ਕਰਕੇ ਇਤਿਹਾਸ ਰਚਿਆ, ਜੋ ਕਿ ਸਰਕਾਰ ਦੀ ਧੱਕੇਸ਼ਾਹੀ ਦਾ ਸਬੂਤ ਹੈ।ਅਮਰਜੀਤ ਸਿੰਘ ਜਾਗਦੇ ਰਹੋ ਸਾਬਕਾ ਸਰਪੰਚ ਪਿੰਡ ਬਿਸ਼ਨਗੜ੍ਹ ਨੇ ਦੱਸਿਆ ਕਿ ਸਾਡੇ ਤਿੰਨ ਸਰਪੰਚ ਉਮੀਦਵਾਰਾਂ 'ਤੇ ਸ਼ਾਮਲਾਟ ਜ਼ਮੀਨ ਦਾ ਨਾਜਾਇਜ਼ ਕਬਜ਼ਾ ਦੱਸ ਕੇ ਝੂਠਾ ਦੋਸ਼ ਲਗਾ ਕੇ ਕਾਗਜ਼ ਰੱਦ ਕਰਵਾ ਦਿੱਤੇ ਸਨ, ਜਦੋਂਕਿ ਸੁਮਨਜੀਤ ਕੌਰ, ਸੁੰਦਰਜੀਤ ਕੌਰ ਤੇ ਰਿੰਪੀ ਕੋਲ ਕੋਈ ਵੀ ਨਾਜਾਇਜ਼ ਕਬਜ਼ਾ ਨਹੀਂ ਹੈ।ਜਦੋਂਕਿ ਦੂਜੀ ਧਿਰ ਪੰਚੀ ਤੇ ਸਰਪੰਚੀ ਦੀ ਚੋਣ ਲੜਨ ਵਾਲੀ ਖਸਰਾ ਨੰਬਰ 119, 120 ਪੂਰੀ ਦੀ ਪੂਰੀ 5 ਨੰਬਰ ਵਾਰਡ ਸ਼ਾਮਲਾਟ ਜ਼ਮੀਨ ਵਿੱਚ ਘਰ ਬਣਾ ਕੇ ਬੈਠੇ ਹਨ, ਜਿਸ ਦੀ ਨਿਸ਼ਾਨਦੇਹੀ ਤਿੰਨ ਕਾਨੂੰਨਗੋਆਂ ਦੇ ਪੈਨਲ ਨਾਲ 2013 ਵਿੱਚ ਕੀਤੀ ਗਈ ਸੀ।ਜਾਗਦੇ ਰਹੋ ਨੇ ਪੰਜਾਬ ਦੇ ਚੋਣ ਕਮਿਸ਼ਨ ਤੇ ਐੱਸ.ਡੀ.ਐੱਮ. ਪਟਿਆਲਾ ਨੂੰ ਅਪੀਲ ਕੀਤੀ ਹੈ ਕਿ ਬਲਾਕ ਭੁੰਨਰਹੇੜੀ ਦੇ ਪਿੰਡ ਬਿਸ਼ਨਗੜ੍ਹ ਵਿਖੇ ਦੁਬਾਰਾ ਪੰਚਾਇਤੀ ਚੋਣ ਕਰਵਾਈ ਜਾਵੇ।ਇਸ ਮੌਕੇ ਮੌਜੂਦਾ ਪੰਚ ਰਾਜਵੀਰ ਸਿੰਘ, ਪੰਚ ਅਵਤਾਰ ਸਿੰਘ, ਪੰਚ ਰਵੀ ਸਿੰਘ, ਨੰਬਰਦਾਰ ਕਸਪਾਲ ਸਿੰਘ, ਜਸਵਿੰਦਰ ਸਿੰਘ, ਮਲਕੀਤ ਸਿੰਘ, ਰਾਜਾ ਸਿੰਘ, ਸੁੱਚਾ ਸਿੰਘ, ਬਲਜਿੰਦਰ ਕੌਰ, ਕਰਨ ਸਿੰਘ, ਚਰਨਜੀਤ ਸਿੰਘ, ਸੁੰਦਰਜੀਤ ਕੌਰ, ਸੁਮਨਜੀਤ ਕੌਰ, ਰਿੰਪੀ, ਮਾਤਾ ਕੌੜੀ ਕੌਰ ਤੇ ਇੰਦਰਜੀਤ ਕੌਰ ਹਾਜ਼ਰ ਸਨ।

## ਜੇਲ੍ਹ ਅੰਦਰੋਂ ਚੋਣ ਜਿੱਤਿਆ ਨੌਜਵਾਨ, ਬਣਿਆ ਸਰਪੰਚ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਬੀਤੇ ਕੱਲ੍ਹ ਮੁਕੰਮਲ ਹੋਈਆਂ ਪੰਚਾਇਤੀ ਚੋਣਾਂ ਵਿੱਚ ਜੇਲ੍ਹ ਅੰਦਰ ਬੈਠਾ ਨੌਜਵਾਨ ਪਿੰਡ ਦਾ ਸਰਪੰਚ ਬਣ ਗਿਆ ਹੈ। ਉਸ ਨੇ ਜੇਲ੍ਹ ਅੰਦਰੋਂ ਹੀ ਪੰਚਾਇਤੀ ਚੋਣਾਂ ਦੇ ਕਾਗਜ਼ ਦਾਖਲ ਕੀਤੇ ਸੀ ਤੇ ਪਿੰਡ ਵਾਲਿਆਂ ਨੇ ਜੇਲ੍ਹ ਵਿੱਚ ਬੈਠੇ ਨੂੰ ਹੀ ਸਰਪੰਚ ਵੀ ਬਣਾ ਦਿੱਤਾ ਹੈ। ਫਿਰੋਜ਼ਪੁਰ ਦੇ ਪਿੰਡ ਮਧਰੇ ਤੋਂ ਰਵੀ ਕੁਮਾਰ ਨੌਜਵਾਨ ਨੇ ਪੰਚਾਇਤੀ ਚੋਣਾਂ ਵਿੱਚ ਜਿੱਤ ਹਾਸਲ ਕੀਤੀ ਹੈ, ਜੋ ਇਸ ਵੇਲੇ ਫਿਰੋਜ਼ਪੁਰ ਦੀ ਜੇਲ੍ਹ ਵਿੱਚ ਬੰਦ ਹੈ। ਜਾਣਕਾਰੀ ਅਨੁਸਾਰ ਪਿੰਡ ਮਧਰੇ ਵਿੱਚ ਕੁੱਲ 290 ਵੋਟਾਂ ਹਨ।

ਇਨ੍ਹਾਂ ਵਿੱਚੋਂ 272 ਵੋਟਰਾਂ ਨੇ ਵੋਟ ਦੇ ਹੱਕ ਦੀ ਵਰਤੋਂ ਕੀਤੀ ਸੀ। ਇਨ੍ਹਾਂ ਵਿੱਚੋਂ 137 ਵੋਟਾਂ ਰਵੀ ਕੁਮਾਰ ਨੂੰ ਪਈਆਂ ਤੇ ਉਹ ਜੇਤੂ ਐਲਾਨ ਦਿੱਤਾ ਗਿਆ ਹੈ। ਪਰਵਾਰ ਵੱਲੋਂ ਪਿੰਡ ਵਾਸੀਆਂ ਨਾਲ ਖੁਸ਼ੀ ਮਨਾਈ ਜਾ ਰਹੀ ਹੈ। ਪਰਵਾਰ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਪੁੱਤ ਕਿਸੇ ਜਾਅਲਸਾਜ਼ੀ ਦਾ ਸ਼ਿਕਾਰ ਹੋਇਆ ਹੈ, ਜਿਸ ਕਰਕੇ ਉਹ ਜੇਲ੍ਹ ਵਿੱਚ ਬੈਠਾ ਹੈ। ਉਹ ਜਲਦੀ ਹੀ ਛੁੱਟ ਕੇ ਬਾਹਰ ਆਵੇਗਾ ਤੇ ਫਿਰ ਇਸ ਪਿੰਡ ਦਾ ਵਿਕਾਸ ਕਰੇਗਾ। ਲੋਕਾਂ ਨੇ ਵੀ ਉਸ 'ਤੇ ਭਰੋਸਾ ਜਤਾਇਆ ਹੈ ਕਿ ਇਹ ਨੌਜਵਾਨ ਪਿੰਡ ਦੀ ਨੁਹਾਰ ਬਦਲੇਗਾ। ਰਵੀ ਕੁਮਾਰ ਦੇ ਪਿਤਾ ਨੇ ਦੱਸਿਆ ਕਿ ਉਨ੍ਹਾਂ ਦੇ ਪੁੱਤਰ ਨੇ ਬੜੀ ਮਿਹਨਤ ਕੀਤੀ ਹੈ। ਇਹ ਲੋਕਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਉਪਰਾਲੇ ਕਰਦਾ ਹੈ। ਉਸ ਨੇ ਘੋੜੀਆਂ ਰੱਖੀਆਂ ਹੋਈਆਂ ਹਨ, ਅਖਾੜੇ ਬਣਾਏ ਹਨ ਤੇ ਕੁਸ਼ਤੀਆਂ ਕਰਵਾਉਂਦਾ ਹੈ। ਲੋਕ ਇਸ ਨੂੰ ਪਿਆਰ ਕਰਦੇ ਹਨ। ਉਹ ਸਿਆਸਤ ਦੀ ਭੇਟ ਚੜ੍ਹ ਕੇ ਅੱਜ ਜੇਲ੍ਹ ਵਿੱਚ ਬੈਠਾ ਹੈ, ਪਰ ਸਾਨੂੰ ਅਦਾਲਤ ਤੇ ਨਿਆਂ ਪ੍ਰਕਿਰਿਆ 'ਤੇ ਪੂਰਾ ਭਰੋਸਾ ਹੈ ਕਿ ਉਹ ਜਲਦੀ ਬਾਹਰ ਆਵੇਗਾ। ਉਨ੍ਹਾਂ ਇਹ ਵੀ ਦਾਅਵਾ ਕੀਤਾ ਹੈ ਕਿ ਉਹ ਜੇਲ੍ਹ ਦੀ ਬਜਾਏ ਬਾਹਰ ਹੁੰਦਾ ਤਾਂ ਪਿੰਡ ਵਾਲਿਆਂ ਨੇ ਉਸ ਨੂੰ ਸਰਬਸੰਮਤੀ ਨਾਲ ਹੀ ਸਰਪੰਚ ਬਣਾ ਦੇਣਾ ਸੀ।

## ਸਿਹਤ ਵਿਭਾਗ ਨੇ ਗਲੋਬਲ ਹੈਂਡ ਵਾਸ਼ਿੰਗ ਦਿਵਸ ਮਨਾਇਆ

**ਹੱਥ ਧੋਣ ਨਾਲ ਬਹੁਤੀਆਂ ਬਿਮਾਰੀਆਂ ਤੋਂ ਬਚਿਆ ਜਾ ਸਕਦੈ : ਡਾ. ਕਵਿਤਾ ਸਿੰਘ**

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਦੇ ਦਿਸ਼ਾ ਦਿਰਦੇਸ਼ਾਂ ਅਨੁਸਾਰ ਡਾ. ਐਰਿਕ ਤੇ ਡਾ. ਕਵਿਤਾ ਸਿੰਘ ਦੀ ਯੋਗ ਅਗਵਾਈ ਵਿੱਚ ਜ਼ਿਲ੍ਹਾ ਫਾਜ਼ਿਲਕਾ ਦੀਆਂ ਸਿਹਤ ਸੰਸਥਾਵਾਂ ਵਿੱਚ ਗਲੋਬਲ ਹੈਂਡਵਾਸ਼ਿੰਗ ਦਿਵਸ ਮਨਾਇਆ ਗਿਆ।ਇਸ ਦਿਨ ਦੇ ਸਬੰਧ ਵਿੱਚ ਡਾ. ਕਵਿਤਾ ਸਿੰਘ ਨੇ ਦਫ਼ਤਰ ਸਿਵਲ ਸਰਜਨ ਵਿਖੇ ਜਾਗਰੂਕਤਾ ਪੈਂਫਲਿਟ ਵੀ ਰਿਲੀਜ਼ ਕੀਤਾ।

ਉਨ੍ਹਾਂ ਦੱਸਿਆ ਕਿ ਸਿਹਤ ਸਟਾਫ਼ ਵੱਲੋਂ ਵੱਖ ਵੱਖ ਥਾਵਾਂ 'ਤੇ ਹੱਥ ਧੋਣ ਦੀ ਪ੍ਰਕਿਰਿਆ ਬਾਰੇ ਜਾਗਰੂਕ ਕੀਤਾ ਗਿਆ।

ਡਾ. ਕਵਿਤਾ ਸਿੰਘ ਨੇ ਦੱਸਿਆ ਕਿ ਹਰੇਕ ਸਾਲ ਗਲੋਬਲ ਵਿਸ਼ਵ ਹੈਂਡ ਵਾਸ਼ਿੰਗ ਦਿਵਸ ਮਨਾਇਆ ਜਾਂਦਾ ਹੈ।ਇਸ ਸਾਲ ਇਸ ਦਿਨ ਦਾ ਥੀਮ 'ਹੱਥਾਂ ਨੂੰ ਸਾਫ਼ ਰੱਖਣਾ ਹੁਣ ਵੀ ਕਿਉਂ ਜ਼ਰੂਰੀ' ਹੈ।ਇਹ ਥੀਮ ਪ੍ਰਕੋਪ ਤੇ ਮਹਾਂਮਾਰੀ ਨੂੰ ਰੋਕਣ ਲਈ ਸਾਫ਼ ਹੱਥਾਂ ਦੀ ਮਹੱਤਤਾ ਨੂੰ ਉਜਾਗਰ ਕਰਦਾ ਹੈ।ਇਹ ਦਿਨ ਹੱਥ ਧੋਣ ਨੂੰ ਉਤਸ਼ਾਹਤ ਕਰਦਾ ਹੈ, ਜੋ ਸਮੁੱਚੇ ਸਿਹਤ ਨਤੀਜਿਆਂ ਨੂੰ ਬਿਹਤਰ ਬਣਾਉਣ ਤੇ ਬੇਲੋੜੀਆਂ ਮੌਤਾਂ ਨੂੰ ਘਟਾਉਣ ਵਿੱਚ ਮੱਦਦ ਕਰਦਾ ਹੈ।

ਉਨ੍ਹਾਂ ਕਿਹਾ ਕਿ ਬਹੁਤੇ ਲੋਕ ਖਾਣਾ ਖਾਣ ਤੇ ਖਾਣਾ ਪ੍ਰੋਸਣ ਤੋਂ ਪਹਿਲਾਂ ਅਤੇ ਸ਼ੌਚ ਜਾਣ ਤੋਂ ਬਾਅਦ ਹੱਥ ਚੰਗੀ ਤਰ੍ਹਾਂ ਨਹੀਂ ਧੋਂਦੇ, ਜਿਸ ਕਰਕੇ ਸਾਡੇ ਅੰਦਰ ਬਹੁਤ ਸਾਰੇ ਜਰਮ ਚਲੇ ਜਾਂਦੇ ਹਨ ਅਤੇ ਅਸੀਂ ਬਿਮਾਰੀਆਂ ਦੀ ਗ੍ਰਿਹਿਸਤ ਵਿੱਚ ਆ ਜਾਂਦੇ ਹਾਂ, ਜਿਸ ਕਰਕੇ ਸਾਡਾ ਸਮੇਂ, ਸਿਹਤ ਤੇ ਆਰਥਿਕ ਤੌਰ 'ਤੇ ਬਹੁਤ ਨੁਕਸਾਨ ਹੁੰਦਾ ਹੈ।ਇਸ ਲਈ ਸਾਨੂੰ ਸਿਹਤ ਵਿਭਾਗ ਦੇ ਕਰਮਚਾਰੀਆਂ ਦੇ ਦੱਸੇ ਅਨੁਸਾਰ 6 ਸਟੈਪਵਾਈਜ਼ 20 ਸੈਕਿੰਡ ਤੱਕ ਹੱਥ ਚੰਗੀ ਤਰ੍ਹਾਂ ਸਾਬੁਣ ਤੇ ਪਾਣੀ ਨਾਲ ਧੋਣੇ ਚਾਹੀਦੇ ਹਨ।ਖਾਸ ਕਰਕੇ ਖਾਣਾ ਪ੍ਰੋਸਣ ਤੋਂ ਪਹਿਲਾਂ, ਖਾਣਾ ਖਾਣ ਤੋਂ ਪਹਿਲਾਂ ਤੇ ਸ਼ੌਚ ਜਾਣ ਤੋਂ ਬਾਅਦ, ਤਾਂ ਜੋ ਅਸੀਂ ਆਪਣੇ ਆਪ, ਪਰਿਵਾਰ ਨੂੰ ਅਤੇ ਸਮਾਜ ਨੂੰ ਬਿਮਾਰੀਆਂ ਤੋਂ ਬਚਾ ਸਕੀਏ।ਇਸ ਸਮੇਂ ਦਫ਼ਤਰ ਵਿਖੇ ਪ੍ਰੈਕਟੀਕਲ ਹੱਥ ਧੋਣ ਦੀ ਪ੍ਰਰਿਆ ਕਰਕੇ ਜਾਣਕਾਰੀ ਦਿੱਤੀ ਗਈ।

ਇਸ ਸਮੇਂ ਡਾ. ਸੁਨੀਤਾ ਕੰਬੋਜ ਜ਼ਿਲ੍ਹਾ ਐਪੀਡਮੈਲੋਜਿਸਟ, ਸੰਜੀਵ ਕੁਮਾਰ, ਵਿਨੋਦ ਖੁਰਾਣਾ ਦਿਵੇਸ਼ ਕੁਮਾਰ ਹਰਮੀਤ ਸਿੰਘ, ਰੋਹਿਤ ਕੁਮਾਰ, ਅਤਿੰਦਰ ਸਿੰਘ ਹਾਜ਼ਰ ਸਨ।

## ਡੇਂਗੂ ਤੋਂ ਬਚਾਅ ਲਈ ਸਿਹਤ ਵਿਭਾਗ ਵੱਲੋਂ ਲੋਕਾਂ ਨੂੰ ਸਹਿਯੋਗ ਦੇਣ ਦੀ ਅਪੀਲ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ)**-ਡਾ. ਜਗਦੀਪ ਚਾਵਲਾ ਸਿਵਲ ਸਰਜਨ ਸ੍ਰੀ ਮੁਕਤਸਰ ਸਾਹਿਬ ਵੱਲੋਂ ਜ਼ਿਲ੍ਹੇ ਵਿੱਚ ਡੇਂਗੂ ਫੈਲਣ ਤੋਂ ਬਚਾਅ ਲਈ ਲੋਕਾਂ ਨੂੰ ਸਹਿਯੋਗ ਦੇਣ ਦੀ ਅਪੀਲ ਕੀਤੀ ਹੈ।ਉਨ੍ਹਾ ਕਿਹਾ ਕਿ ਲੋਕਾਂ ਦੇ ਸਹਿਯੋਗ ਨਾਲ ਹੀ ਡੇਂਗੂ ਦੀ ਬੀਮਾਰੀ 'ਤੇ ਕਾਬੂ ਪਾਇਆ ਜਾ ਸਕਦਾ ਹੈ।ਉਨ੍ਹਾ ਦੱਸਿਆ ਕਿ ਸ਼ਹਿਰ ਸ੍ਰੀ ਮੁਕਤਸਰ ਸਾਹਿਬ ਵਿੱਚ ਡੇਂਗੂ ਤੇ ਮਲੇਰੀਆ ਦੇ ਫੈਲਣ ਤੋਂ ਬਚਾਅ ਲਈ ਸਿਹਤ ਵਿਭਾਗ ਵੱਲੋਂ ਡੇਂਗੂ ਵਿਰੋਧੀ ਗਤੀਵਿਧੀਆਂ ਲਗਾਤਾਰ ਜਾਰੀ ਹਨ ਅਤੇ ਸਿਹਤ ਵਿਭਾਗ ਵੱਲੋਂ ਟੀਮਾਂ ਬਣਾਈਆਂ ਗਈਆਂ ਹਨ, ਜੋ ਕਿ ਰੋਜ਼ਾਨਾ ਸ਼ਹਿਰ ਸ੍ਰੀ ਮੁਕਤਸਰ ਸਾਹਿਬ ਵਿੱਚ ਘਰ ਘਰ ਜਾ ਕੇ ਡੇਂਗੂ ਤੇ ਮਲੇਰੀਆ ਦੇ ਫੈਲਣ ਤੋਂ ਬਚਾਅ ਸਬੰਧੀ ਲੋਕਾਂ ਨੂੰ ਜਾਗਰੂਕ ਕਰ ਰਹੀਆਂ ਹਨ ਅਤੇ ਨਾਲ ਹੀ ਡੇਂਗੂ ਵਿਰੋਧੀ ਗਤੀਵਿਧੀਆਂ ਕਰ ਰਹੀਆਂ ਹਨ ਅਤੇ ਲੋਕਾਂ ਨੂੰ ਜਾਗਰੂਕ ਕਰਨ ਲਈ ਪੈਂਫਲਿਟ ਵੰਡੇ ਜਾ ਰਹੇ ਹਨ।ਉਨ੍ਹਾ ਲੋਕਾਂ ਨੂੰ ਅਪੀਲ ਕੀਤੀ ਕਿ 'ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ' ਮੁਹਿੰਮ ਦਾ ਹਿੱਸਾ ਬਣਦੇ ਹੋਏ ਆਪਣੇ ਘਰਾਂ ਵਿੱਚ ਹਰ ਸ਼ੁੱਕਰਵਾਰ ਜਾਂਚ ਕੀਤੀ ਜਾਵੇ ਤੇ ਕਿਤੇ ਵੀ ਇਕ ਹਫਤੇ ਤੋਂ ਵੱਧ ਪਾਣੀ ਖੜ੍ਹਾ ਨਾ ਹੋਣ ਦਿੱਤਾ ਜਾਵੇ।ਉਨ੍ਹਾ ਦੱਸਿਆ ਕਿ ਹੁਣ ਤੱਕ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਚ 39 ਡੇਂਗੂ ਦੇ ਪਾਜ਼ੀਟਿਵ ਕੇਸ ਰਿਪੋਰਟ ਹੋ ਚੁੱਕੇ ਹਨ, ਜਿਨ੍ਹਾਂ ਵਿੱਚੋਂ 15 ਕੇਸ ਸ਼ਹਿਰ ਸ੍ਰੀ ਮੁਕਤਸਰ ਸਾਹਿਬ ਵਿੱਚ, 11 ਮਲੋਟ ਸ਼ਹਿਰ ਵਿੱਚ, 6 ਬਲਾਕ ਚੱਕ ਸ਼ੇਰੇਵਾਲਾ ਦੇ ਵੱਖ ਵੱਖ ਪਿੰਡਾਂ ਵਿੱਚ, 2 ਬਲਾਕ ਆਲਮਵਾਲਾ, 2 ਬਲਾਕ ਦੋਦਾ ਦੇ ਤੇ 3 ਲੰਬੀ ਬਲਾਕ ਦੇ ਹਨ।ਇਸ ਮੌਕੇ ਡਾ. ਹਰਕੀਰਤਨ ਸਿੰਘ ਜ਼ਿਲ੍ਹਾ ਐਪੀਡੀਮੋਲੋਜਿਸਟ ਨੇ ਦੱਸਿਆ ਕਿ ਡੇਂਗੂ ਬੁਖਾਰ ਏਡੀਜ਼ ਅਜੈਪਟੀ ਨਾਂਅ ਦੇ ਮੱਛਰ ਦੇ ਕੱਟਣ ਨਾਲ ਫੈਲਦਾ ਹੈ।ਇਹ ਮੱਛਰ ਦਿਨ ਵੇਲੇ ਕੱਟਦਾ ਹੈ ਤੇ ਸਾਫ਼ ਪਾਣੀ ਵਿੱਚ ਪੈਦਾ ਹੁੰਦਾ ਹੈ।ਇਸ ਲਈ ਸਾਨੂੰ ਸਾਰਿਆਂ ਨੂੰ ਮੱਛਰ ਪੈਦਾ ਹੋਣ ਵਾਲੇ ਸੋਮਿਆਂ ਨੂੰ ਨਸ਼ਟ ਕਰਨਾ ਚਾਹੀਦਾ ਹੈ।ਇਸ ਮੌਕੇ ਸੁਖਮੰਦਰ ਸਿੰਘ ਜ਼ਿਲ੍ਹਾ ਮਾਸ ਮੀਡੀਆ ਅਫਸਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜੇਕਰ ਕਿਸੇ ਵਿਅਕਤੀ ਨੂੰ ਇਸ ਸੰਬੰਧੀ ਕੋਈ ਲੱਛਣ ਜਿਵੇਂ ਤੇਜ਼ ਬੁਖਾਰ ਹੋਣਾ, ਸਿਰ ਦਰਦ, ਅੱਖਾਂ, ਜੋੜਾਂ ਤੇ ਸਰੀਰ ਵਿੱਚ ਦਰਦ, ਭੁੱਖ ਘੱਟ ਲੱਗਣਾ ਆਦਿ ਲੱਛਣ ਆਉਣ ਤਾਂ ਨੇੜੇ ਦੇ ਸਿਵਲ ਹਸਪਤਾਲ ਵਿੱਚ ਜਾ ਕੇ ਮਾਹਰ ਡਾਕਟਰ ਨਾਲ ਸੰਪਰਕ ਕੀਤਾ ਜਾਵੇ ਅਤੇ ਡੇਂਗੂ ਦਾ ਟੈਸਟ ਜ਼ਰੂਰ ਕਰਵਾਇਆ ਜਾਵੇ ਅਤੇ ਡੇਂਗੂ ਪੌਜ਼ਟਿਵ ਆਉਣ ਦੀ ਸੂਰਤ ਵਿੱਚ ਮਾਹਰ ਡਾਕਟਰ ਤੋਂ ਸੰਪੂਰਨ ਇਲਾਜ ਕਰਵਾਇਆ ਜਾਵੇ।ਸਾਰੇ ਸਿਵਲ ਹਸਪਤਾਲਾਂ ਵਿੱਚ ਡੇਂਗੂ ਤੇ ਮਲੇਰੀਆ ਦਾ ਟੈਸਟ ਅਤੇ ਇਲਾਜ ਮੁਫਤ ਉਪਲੱਬਧ ਹਨ।ਇਸ ਮੌਕੇ ਸੁਖਮੰਦਰ ਸਿੰਘ ਜ਼ਿਲ੍ਹਾ ਮਾਸ ਮੀਡੀਆ ਅਫਸਰ, ਹੈਲਥ ਵਰਕਰ ਗੁਰਸੇਵਕ ਸਿੰਘ, ਅਮਨਦੀਪ ਸਿੰਘ, ਅੰਮ੍ਰਿਤਪਾਲ ਸਿੰਘ ਤੇ ਬ੍ਰੀਡਿੰਗ ਚੈਕਰ ਹਾਜ਼ਰ ਸਨ।

### ਸਿਹਤ ਵਿਭਾਗ ਵੱਲੋਂ ਡੇਂਗੂ ਵਿਰੋਧੀ ਗਤੀਵਿਧੀਆਂ ਲਗਾਤਾਰ ਜਾਰੀ : ਡਾ. ਚਾਵਲਾ



17-Oct-PAGE-8.qxd 10/16/2024 10:22 PM Page 1



# ਮੁੱਗੋਵਾਲ ਦੇ ਸਰਪੰਚ ਬਣਨ 'ਤੇ ਭੁਪਿੰਦਰ ਸਿੰਘ ਤੇ ਪੰਚਾਇਤ ਮੈਂਬਰਾਂ ਦਾ ਸਨਮਾਨ



**ਮਾਹਿਲਪੁਰ, (ਸ.ਫਰੀ)**-ਦੇਸ਼ ਦੀ ਆਜ਼ਾਦੀ ਵਿੱਚ ਆਪਣਾ ਯੋਗਦਾਨ ਪਾਉਣ ਵਾਲੇ ਪੰਜ ਫਰੀਡਮ ਫਾਈਟਰਾਂ ਦੇ ਪਿੰਡ ਵਜੋਂ ਜਾਣੇ ਜਾਂਦੇ ਪਿੰਡ ਮੁੱਗੋਵਾਲ ਦੇ ਭੁਪਿੰਦਰ ਸਿੰਘ ਦੇ ਸਰਪੰਚ ਚੁਣੇ ਜਾਣ ਤੇ ਉਹਨਾਂ ਨੂੰ ਅਤੇ ਉਨ੍ਹਾਂ ਦੀ ਧਰਮ ਪਤਨੀ ਸ਼੍ਰੀਮਤੀ ਅਮਰਜੀਤ ਕੌਰ ਨੂੰ ਪਿੰਡ ਵਾਸੀਆਂ ਵੱਲੋਂ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਦੇ ਨਾਲ ਹੀ ਉਹਨਾਂ ਦੀ ਟੀਮ ਵਿੱਚ ਸ਼ਾਮਲ ਪੰਚਾਇਤ ਮੈਂਬਰ ਕਰਮਜੀਤ ਸਿੰਘ ਬੱਬੂ, ਹਰਮਨਜੋਤ ਸਿੰਘ, ਕੁਲਦੀਪ ਸਿੰਘ, ਬਲਵੰਤ ਕੌਰ, ਅਤੇ ਕਮਲਜੀਤ ਕੌਰ ਨੂੰ ਵੀ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਲੱਡੂ ਵੰਡੇ ਗਏ ਅਤੇ ਖੁਸ਼ੀ ਦਾ ਇਜ਼ਹਾਰ ਕੀਤਾ ਗਿਆ।ਇਸ ਮੌਕੇ ਪੰਡਿਤ ਨਰਿੰਦਰ ਮੋਹਣ ਨਿੰਦੀ ਸਾਬਕਾ ਸਰਪੰਚ, ਸੁਖਵਿੰਦਰ ਸਿੰਘ ਸਾਬਕਾ ਸਰਪੰਚ, ਮਹਿੰਦਰ ਸਿੰਘ, ਰਘਵੀਰ ਸਿੰਘ, ਪਰਮਿੰਦਰ ਸਿੰਘ, ਮੋਹਨ ਲਾਲ ਪਟਿਆਲਾ, ਲਖਵੀਰ ਸਿੰਘ, ਲੈਂਬਰ ਸਿੰਘ, ਸਤਨਾਮ ਸਿੰਘ, ਪਰਮਜੀਤ ਸਿੰਘ, ਜਸਵੀਰ ਸਿੰਘ ਸਮੇਤ ਪਿੰਡ ਵਾਸੀ ਹਾਜ਼ਰ ਸਨ।ਇਸ ਮੌਕੇ ਗੱਲਬਾਤ ਕਰਦਿਆਂ ਨਵੇਂ ਬਣੇ ਸਰਪੰਚ ਭੁਪਿੰਦਰ ਸਿੰਘ ਨੇ ਕਿਹਾ ਕਿ ਜਿਸ ਤਰ੍ਹਾਂ ਉਹਨਾਂ ਨੇ ਆਪਣੀ ਸਰਕਾਰੀ ਨੌਕਰੀ ਪੂਰੀ ਇਮਾਨਦਾਰੀ, ਦੇਸ਼ ਭਗਤੀ ਤੇ ਲਗਨ ਨਾਲ ਕੀਤੀ ਹੈ।ਇਸੇ ਤਰ੍ਹਾਂ ਉਹ ਪੂਰੀ ਇਮਾਨਦਾਰੀ ਨਾਲ ਕੰਮ ਕਰਦੇ ਹੋਏ ਪਿੰਡ ਨੂੰ ਤਰੱਕੀ ਦੀਆਂ ਬੁਲੰਦੀਆਂ ਤੇ ਲੈ ਕੇ ਜਾਣਗੇ।ਉਹਨਾਂ ਕਿਹਾ ਕਿ ਪਿੰਡ ਵਾਸੀਆਂ ਦੇ ਮਸਲੇ ਪਿੰਡ ਵਿੱਚ ਹੀ ਹੱਲ ਹੋਇਆ ਕਰਨਗੇ।ਉਹ ਬਿਨਾਂ ਕਿਸੇ ਭਿੰਨ ਭੇਤ ਤੋਂ ਆਪਣੇ ਪੰਚਾਇਤ ਮੈਂਬਰਾਂ ਦੇ ਸਾਥ ਅਤੇ ਮੋਹਤਵਾਰ ਵਿਅਕਤੀਆਂ ਦੇ ਸਹਿਯੋਗ ਨਾਲ ਹਰ ਇੱਕ ਵਿਅਕਤੀ ਨੂੰ ਇਨਸਾਫ ਦੇਣ ਲਈ ਹਮੇਸ਼ਾ ਹੀ ਯਤਨਸ਼ੀਲ ਰਹਿਣਗੇ।ਇਸ ਮੌਕੇ ਉਹਨਾਂ ਸਮੂਹ ਨਗਰ ਨਿਵਾਸੀਆਂ ਦਾ ਧੰਨਵਾਦ ਕੀਤਾ, ਜਿਨਾਂ ਨੇ ਉਹਨਾਂ ਨੂੰ ਪਿੰਡ ਮੁੱਗੋਵਾਲ ਦੀ ਸਰਪੰਚੀ ਦਾ ਇਹ ਮਾਣ ਦੇ ਕੇ ਇੱਜਤ ਤੇ ਸਤਿਕਾਰ ਬਖਸ਼ਿਆ।

# ਭਗਵਾਨ ਵਾਲਮੀਕ ਦੀ ਸ਼ੋਭਾ ਯਾਤਰਾ ਧੂਮਧਾਮ ਨਾਲ ਸਜਾਈ





**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਮੋਨਾ ਕਲਾਂ ਵਿਖੇ ਭਗਵਾਨ ਵਾਲਮੀਕ ਦੇ ਅਸਥਾਨ ਤੋਂ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਮਹਾਂਰਿਸ਼ੀ ਭਗਵਾਨ ਬਾਲਮੀਕ ਦੇ ਪ੍ਰਗਟ ਦਿਵਸ ਮੌਕੇ ਵਿਸ਼ਾਲ ਸ਼ੋਭਾ ਯਾਤਰਾ ਸਜਾਈ ਗਈ।ਇਸ ਮੌਕੇ ਮੰਦਰ ਪ੍ਰਧਾਨ ਅਸ਼ੋਕ ਕੁਮਾਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਇਹ ਵਿਸ਼ਾਲ ਸ਼ੋਭਾ ਯਾਤਰਾ ਪਿੰਡ ਮੋਨਾ ਕਲਾਂ, ਫਦਮਾ, ਮੋਨਾ ਖੁਰਦ ਤੋਂ ਹੁੰਦੀ ਹੋਈ ਸ਼ਾਮ ਨੂੰ ਸਮਾਪਤੀ ਹੋਈ।ਇਸ ਮੌਕੇ ਵਿਸ਼ਾਲ ਸ਼ੋਭਾ ਯਾਤਰਾ ਦੌਰਾਨ ਵੱਖ-ਵੱਖ ਮਹੱਲਿਆਂ ਵਿੱਚ ਲੰਗਰ ਲਗਾਏ ਗਏ।ਇਸ ਮੌਕੇ ਗੁਰਮੀਤ ਸਿੰਘ ਸ਼ਿੰਦਾ ਦੇ ਪਰਵਾਰ ਵੱਲੋਂ ਅਤੇ ਫਰੂਟ ਦੇ ਲੰਗਰ ਲਗਾਏ ਗਏ।ਇਸ ਮੌਕੇ ਪ੍ਰਬੰਧਕਾਂ ਦੱਸਿਆ ਕਿ ਵਿਸ਼ਾਲ ਸ਼ੋਭਾ ਯਾਤਰਾ ਦੌਰਾਨ ਵੱਖ ਵੱਖ ਮਹੱਲਿਆਂ ਵਿੱਚ ਸਵਾਗਤ ਦੀ ਗੇਟ ਲਗਾ ਕੇ ਅਤੇ ਫੁੱਲਾਂ ਦੀ ਵਰਖਾ ਕਰਕੇ ਸੰਗਤਾਂ ਦਾ ਸਵਾਗਤ ਕੀਤਾ ਗਿਆ।ਇਸ ਮੌਕੇ ਪ੍ਰਬੰਧਕ ਦੱਸਿਆ ਕਿ ਵਿਸ਼ਾਲ ਸ਼ੋਭਾ ਯਾਤਰਾ ਪਿੰਡ ਮੋਨਾ ਕਲਾ, ਫਦਮਾ ਅਤੇ ਮੋਨਾ ਖੁਰਦ ਵਿਖੇ ਸਮੂਹ ਸੰਗਤਾਂ ਵੱਲੋਂ ਵੱਖ-ਵੱਖ ਪ੍ਰਕਾਰ ਦੇ ਲੰਗਰ ਲਗਾਏ ਗਏ।ਇਸ ਮੌਕੇ ਵਿਸ਼ਾਲ ਸ਼ੋਭਾ ਯਾਤਰਾ ਦੌਰਾਨ ਪ੍ਰਬੰਧਕ ਕਮੇਟੀ ਵੱਲੋਂ ਸਹਿਯੋਗੀਆਂ ਨੂੰ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਕਮੇਟੀ ਪ੍ਰਧਾਨ ਅਸ਼ੋਕ ਕੁਮਾਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰ ਦੱਸਿਆ ਕਿ 17 ਅਕਤੂਬਰ ਨੂੰ ਸ਼੍ਰੀ ਰਾਮਾਇਣ ਜੀ ਦੇ ਪਾਠ ਦੇ ਭੋਗ ਪਾਏ ਜਾਣਗੇ।ਇਸ ਮੌਕੇ ਵਿਸ਼ਾਲ ਸ਼ੋਭਾ ਯਾਤਰਾ ਦੌਰਾਨ ਦੀਪਕ ਲਹੌਰੀਆ ਇੰਟਰਨੈਸ਼ਨਲ ਕਲਾਕਾਰ ਹੁਸ਼ਿਆਰਪੁਰ ਪ੍ਰਭਾਤ ਦੀ ਜਥਾ ਆਦਿ ਨੇ ਭਗਵਾਨ ਬਾਲਮੀਕ ਜੀ ਦੇ ਗੁਣ ਗਾਇਨ ਕੀਤੇ।ਉਪਰੰਤ ਪੰਜਾਬ ਦੇ ਨਾਮਵਰ ਭਜਨ ਮੰਡਲੀਆਂ ਮਹਾਰਿਸ਼ੀ ਭਗਵਾਨ ਵਾਲਮੀਕ ਜੀ ਦੇ ਗੁਣ ਗਾਇਨ ਕਰਨਗੀਆਂ। ਇਸ ਮੌਕੇ ਗੁਰੂ ਜੀ ਦੇ ਲੰਗਰ ਅਤੁੱਟ ਵਰਤਾਏ ਜਾਣਗੇ।ਇਸ ਮੌਕੇ ਕਮੇਟੀ ਪ੍ਰਧਾਨ ਅਸ਼ੋਕ ਕੁਮਾਰ, ਨੰਦ ਲਾਲ, ਹੰਸ ਰਾਜ ਮੰਗਾਂ, ਸਹਿਜ ਲਾਹੌਰੀਆ, ਅਮਨਦੀਪ ਲਾਹੌਰੀਆ, ਕਿਸ਼ਨ ਲਾਲ, ਸਰਿੰਦਰਪਾਲ, ਵਿਜੇ ਕੁਮਾਰ, ਰਕੇਸ਼ ਕੁਮਾਰ, ਕਰਨ ਮੱਟੂ, ਸਤਪਾਲ, ਧਰਮਿੰਦਰ ਕੁਮਾਰ, ਮੰਗਾ ਮੋਨਾ ਕਲਾਂ, ਕੁਲਦੀਪ ਸਿੰਘ ਮਾਣਕ, ਸੁਰਿੰਦਰ ਸਿੰਘ ਸ਼ਿੰਦਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

# ਬੁੱਧ ਵਿਹਾਰ ਸਿਧਾਰਥ ਨਗਰ ਵਿਖੇ ਬੁੱਧ ਧਰਮ ਦੀਕਸ਼ਾ ਦਿਵਸ ਮਨਾਇਆ



**ਜਲੰਧਰ (ਰਾਜੇਸ਼ ਥਾਪਾ)**-ਡਾ. ਬੀ ਆਰ ਅੰਬੇਡਕਰ ਮੈਮੋਰੀਅਲ ਟਰੱਸਟ (ਰਜ਼ਿ) ਵਲੋਂ ਬੁੱਧ ਧੰਮ ਦੀਕਸ਼ਾ ਦਿਵਸ ਸ਼ਰਧਾ ਅਤੇ ਧੂਮ-ਧਾਮ ਨਾਲ ਬੁੱਧ ਵਿਹਾਰ ਸਿਧਾਰਥ ਨਗਰ, ਬੂਟਾ ਮੰਡੀ ਜਲੰਧਰ ਵਿਖੇ ਮਨਾਇਆ ਗਿਆ।ਇਸ ਮੌਕੇ ਪੰਚਸ਼ੀਲ ਦਾ ਝੰਡਾ ਲਹਿਰਾਉਣ ਦੀ ਰਸਮ ਰਾਮ ਨਾਥ ਸੁੰਡਾ ਜਨਰਲ ਸਕੱਤਰ ਅਤੇ ਹੁਸਨ ਲਾਲ ਬੋਧ ਸੀਨੀਅਰ ਟਰੱਸਟੀ ਡਾ. ਬੀ ਆਰ ਅੰਬੇਡਕਰ ਮੈਮੋਰੀਅਲ ਟਰੱਸਟ (ਰਜਿ.) ਨੇ ਨਿਭਾਈ।ਪ੍ਰੋਗਰਾਮ ਦੀ ਸ਼ੁਰੂਆਤ ਬੁੱਧ ਵੰਦਨਾ, ਤਰੀਸ਼ਰਨ ਅਤੇ ਪੰਚਸ਼ੀਲ ਦਾ ਪਾਠ ਪੜ੍ਹ ਕੇ ਕੀਤੀ ਗਈ।ਰਾਮ ਨਾਥ ਸੁੰਡਾ ਨੇ ਦੱਸਿਆ ਕਿ 14 ਅਕਤੂਬਰ 1956 ਨੂੰ ਬਾਬਾ ਸਾਹਿਬ ਡਾ. ਅੰਬੇਡਕਰ ਨੇ ਨਾਗਪੁਰ ਵਿਖੇ ਲੱਖਾਂ ਅਨੁਆਈਆਂ ਸਮੇਤ ਬੁੱਧ ਧਰਮ ਦੀ ਦੀਕਸ਼ਾ ਲਈ ਸੀ।ਆਜ਼ਾਦੀ ਅਤੇ ਭਾਈਚਾਰਕ ਸਾਂਝ ਵਾਲਾ ਸਮਾਜ ਸਥਾਪਿਤ ਕਰਨ ਲਈ ਧਰਮ ਕ੍ਰਾਂਤੀ ਦੀ ਸ਼ੁਰੂਆਤ ਕੀਤੀ ਸੀ।ਇਸ ਮੌਕੇ ਐਡਵੋਕੇਟ ਹਰਭਜਨ ਸਾਂਪਲਾ ਪ੍ਰਧਾਨ ਪੰਜਾਬ ਬੁੱਧਿਸ਼ਟ ਸੁਸਾਇਟੀ (ਰਜਿ.) ਪੰਜਾਬ ਨੇ ਕਿਹਾ ਕਿ ਸਮਰਾਟ ਅਸ਼ੋਕ ਨੇ ਵੀ ਇਸੇ ਦਿਨ ਯੁੱਧ ਤਿਆਗ ਕੇ ਬੁੱਧ ਧਰਮ ਗ੍ਰਹਿਣ ਕੀਤਾ ਸੀ।ਬਾਬਾ ਸਾਹਿਬ ਡਾ.ਅੰਬੇਡਕਰ ਅਤੇ ਸਮਰਾਟ ਅਸ਼ੋਕ ਮਹਾਨ ਦੁਆਰਾ ਸ਼ੁਰੂ ਕੀਤੀ ਧੰਮ ਕ੍ਰਾਂਤੀ ਨੂੰ ਅਸੀਂ ਸਫਲ ਬਣਾਵਾਂਗੇ।ਸ੍ਰੀ ਸਾਂਪਲਾ ਨੇ ਬੋਧਗਯਾ ਮੰਦਰ ਨੂੰ ਆਜ਼ਾਦ ਕਰਵਾਉਣ ਲਈ ਸੰਘਰਸ਼ ਵਿੱਚ ਸ਼ਾਮਲ ਹੋਣ ਦੀ ਸਭ ਨੂੰ ਅਪੀਲ ਕੀਤੀ।

ਸਤਵਿੰਦਰ ਮੁਡਾਰ ਨੇ ਕਿਹਾ ਕਿ ਸਾਨੂੰ ਵੱਧ ਤੋਂ ਵੱਧ ਸਿੱਖਿਆ ਅਤੇ ਗਿਆਨ ਹਾਸਲ ਕਰਨਾ ਚਾਹੀਦਾ ਹੈ ਤਾਂ ਜੋ ਆਪਾਂ ਆਪਣੇ ਬਲਬੂਤੇ 'ਤੇ ਮਜਬੂਤ ਸਮਾਜਿਕ ਸਾਂਝ ਪੈਦਾ ਕਰ ਸਕੀਏ। ਇਹਨਾਂ ਤੋਂ ਇਲਾਵਾ ਹਰਮੇਸ਼ ਜੱਸਲ, ਹੁਸਨ ਲਾਲ ਬੋਧ, ਬਲਵਿੰਦਰ ਪਵਾਰ, ਮੁੰਨਾ ਲਾਲ ਬੋਧ ਅਤੇ ਹੋਰ ਬੁਲਾਰਿਆਂ ਨੇ ਆਪਣੇ ਵਿਚਾਰ ਪੇਸ਼ ਕੀਤੇ।ਇਸ ਮੌਕੇ ਗੁਰਮੀਤ ਲਾਲ ਸਾਂਪਲਾ, ਸ੍ਰੀਮਤੀ ਸੰਤੋਸ਼ ਕੁਮਾਰੀ, ਪਵਨ ਕੁਮਾਰ, ਗੌਰਵ, ਨਰਿੰਦਰ ਬੋਧ, ਰਾਮ ਲਾਲ ਦਾਸ, ਚੰਚਲ ਬੋਧ ਅਤੇ ਸੈਂਕੜੇ ਸ਼ਰਧਾਲੂ ਹਾਜ਼ਰ ਸਨ।

# ਆੜ੍ਹਤੀਆਂ ਵੱਲੋਂ ਆਪਣੀਆਂ ਮੰਗਾਂ ਨੂੰ ਲੈ ਕੇ ਅਣਮਿੱਥੇ ਸਮੇਂ ਲਈ ਹੜਤਾਲ



**ਫਿਲੌਰ (ਨਿਰਮਲ)** ਮਾਰਕੀਟ ਕਮੇਟੀ ਫਿਲੌਰ ਅਧੀਨ ਆਉਂਦੀਆਂ ਮੰਡੀਆਂ ਫਿਲੌਰ, ਅੱਪਰਾ, ਤੇਹਿੰਗ, ਲਸਾੜਾ ਅਤੇ ਮੁਠੱਡਾ ਦੇ ਆੜਤੀਆਂ ਦੀ ਮੰਗਾਂ ਸੰਬੰਧੀ ਵਿਸ਼ੇਸ਼ ਮੀਟਿੰਗ ਫਿਲੌਰ ਵਿਖੇ ਹੋਈ ਜਿਸ ਕਈ ਮਤੇ ਪਾਸ ਕੀਤੇ ਗਏ। ਕੋਈ ਵੀ ਆੜਤੀਆ ਕੋਈ ਬੋਲੀ ਨਹੀਂ ਕਰਵਾਏਗਾ ਨਾ ਹੀ ਕੰਡਾ ਲਗਵਾਏਗਾ ਤੇ ਨਾ ਹੀ ਮੰਡੀਆਂ ਵਿੱਚ ਕੋਈ ਟਰਾਲੀ ਉੱਤਰਾਵੇਗਾ। ਮੰਡੀ ਦੇ ਗੇਟ ਬੰਦ ਕਰ ਦਿੱਤੇ ਜਾਣਗੇ ਮੰਡੀ ਦੇ ਬਾਹਰ ਆੜ੍ਹਤੀਏ ਮਜ਼ਦੂਰ ਧਰਨਾਂ ਦੇਣਗੇ।ਕੋਈ ਵੀ ਆੜਤੀ ਵੱਡੇ ਕੰਡੇ ਨਾਲ ਤੋਲ ਕੇ ਝੋਨੇ ਦੀ ਟਰਾਲੀ ਨਹੀਂ ਉਤਾਰੇਗਾ ਜੋ ਵੀ ਗਲਤੀ ਕਰੇਗਾ ਉਸਨੂੰ 50,000 ਰੁਪੈ ਜੁਰਮਾਨਾ ਹੋਵੇਗਾ।ਮੰਡੀਆਂ ਵਿੱਚ ਜੋ ਕਿਸਾਨ ਗਿੱਲਾ ਝੋਨਾ ਲਿਆਉਣਗੇ ਉਨ੍ਹਾਂ ਕੋਲੋਂ ਤਿੰਨ ਰੁਪਏ ਪ੍ਰਤੀ ਬੋਰੀ ਲਿਆ ਜਾਵੇਗਾ।ਮੀਟਿੰਗਾਂ ਵਿੱਚ ਇਹ ਵੀ ਮਤਾ ਪਾਸ ਕੀਤਾ ਗਿਆ ਕਿ ਇਕੱਲਾ ਪ੍ਰਧਾਨ ਕੁਝ ਨਹੀਂ ਕਰੇਗਾ ਸਾਰੇ ਆੜਤੀਆ ਨੂੰ ਨਾਲ ਲੈ ਕੇ ਚਲੇ ਗਾ। ਆੜਤੀਆ ਸਿਰਫ 72 ਘੰਟੇ ਲਈ ਮਾਲ ਦਾ ਜਿੰਮੇਵਾਰ ਹੋਵੇਗਾ ਉਸ ਤੋਂ ਬਾਅਦ ਏਜੰਸੀ ਜਾਂ ਸੈਲਰ ਖੁਦ ਜਿੰਮੇਵਾਰ ਹੋਵੇਗਾ।ਕੋਈ ਵੀ ਆੜਤੀਆ ਇੰਸਪੈਕਟਰ ਨਾਲ ਅੰਦਰੋਂ ਅੰਦਰੀ ਸਮਝੌਤਾ ਨਹੀਂ ਕਰੇਗਾ।ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਵੱਲੋਂ ਸੈਲਰ ਮਾਲਕਾਂ ਨਾਲ ਕੋਈ ਵੀ ਸਮਝੌਤਾ ਨਾ ਹੋਣ ਕਾਰਨ ਮੰਡੀਆਂ ਵਿੱਚ ਰੁਲ ਰਿਹਾ ਹੈ। ਕਿਸਾਨ ਵਰਗ ਤੇ ਆੜਤੀ ਬੇਹਦ ਪ੍ਰੇਸ਼ਾਨ ਹਨ। ਇਹ ਹੜਤਾਲ ਅਣਮਿੱਥੇ ਸਮੇਂ ਤੱਕ ਚੱਲੇਗੀ।

# ਐੱਸ ਟੀ ਐੱਸ ਵਰਲਡ ਸਕੂਲ ਦੇ ਵਿਦਿਆਰਥੀਆਂ ਨੇ ਵੇਰਕਾ ਮਿਲਕ ਪਲਾਂਟ ਦਾ ਕੀਤਾ ਦੌਰਾ



**ਗੁਰਾਇਆ (ਬਿੰਦਰ ਸੁਮਨ)** ਐੱਸ.ਟੀ.ਐੱਸ ਵਰਲਡ ਸਕੂਲ ਦੇ ਚੌਥੀ ਤੋਂ ਪੰਜਵੀਂ ਤੱਕ ਦੇ ਵਿਦਿਆਰਥੀਆਂ ਦੁਆਰਾ ਜਲੰਧਰ ਸਥਿਤ ਵੇਰਕਾ ਮਿਲਕ ਪਲਾਂਟ ਦਾ ਸਿੱਖਿਅਕ ਦੌਰਾ ਕੀਤਾ ਗਿਆ।ਜਿਸ ਵਿੱਚ ਕੁਲ 188 ਵਿਦਿਆਰਥੀ ਨੇ ਭਾਗ ਲਿਆ।ਇਸ ਮੌਕੇ ਵਿਦਿਆਰਥੀ ਨੇ ਦੁੱਧ ਦੇ ਪ੍ਰੋਸੈਸਿੰਗ ਪ੍ਰਣਾਲੀ, ਦੁੱਧ ਦੀ ਗੁਣਵੱਤਾ ਜਾਂਚ, ਦੁੱਧ ਤੋਂ ਬਣਨ ਵਾਲੇ ਭੋਜਨ ਅਤੇ ਸਾਫ਼ ਸਫ਼ਾਈ ਦੀ ਅਮੁੱਲ ਜਾਣਕਾਰੀ ਪ੍ਰਾਪਤ ਕੀਤੀ ਗਈ । ਇਸ ਮੌਕੇ 'ਤੇ ਸਕੂਲ ਦੇ ਅਧਿਆਪਕ ਮੈਡਮ ਸਵੇਨਿਕਾ, ਮੈਡਮ ਅਨੁਰਾਧਾ,ਮੈਡਮ ਮਨਜੀਤ ਕੌਰ ,ਮੈਡਮ ਨਿਸ਼ੂ ਜੋਸ਼ੀ ਮੈਡਮ ਜੋਤੀ ਅਤੇ ਮੈਡਮ ਪ੍ਰਿਯਾ ਮੌਜੂਦ ਸਨ।ਸ਼੍ਰੀਮਤੀ ਪ੍ਰਭਜੋਤ ਕੌਰ ਗਿੱਲ ਨੇ ਵਿਦਿਆਰਥੀ ਨੂੰ ਦੱਸਿਆ ਕਿ ਸਾਨੂੰ ਕਿਤਾਬੀ ਗਿਆਨ ਤੋਂ ਉੱਪਰ ਉੱਠ ਕੇ ਸਵੈ ਗਿਆਨ ਪ੍ਰਾਪਤ ਚਾਹੀਦਾ ਹੈ।

# ਮੁ.ਫਤ ਮੈਡੀਕਲ ਚੈੱਕਅਪ ਕੈਂਪ ਅੱਜ ਤੋਂ

**ਕੁਰਾਲੀ (ਮੋਹਨ ਅੱਗਰਵਾਲ)** ਪਿਛਲੇ 20 ਸਾਲਾਂ ਤੋਂ ਮਾਨਸਿਕ/ਸਰੀਰਕ ਰੋਗਾਂ ਤੋਂ ਪੀੜਤ ਬੇਸਹਾਰਾ ਨਾਗਰਿਕਾਂ ਦੇ ਇਲਾਜ, ਸਾਂਭ-ਸੰਭਾਲ਼ ਅਤੇ ਮੁੜ-ਵਸੇਬੇ ਨੂੰ ਸਮਰਪਿਤ ਸੰਸਥਾ ਪ੍ਰਭ ਆਸਰਾ ਪਡਿਆਲਾ (ਕੁਰਾਲ਼ੀ) ਦੇ ਯੂਨਿਟ ਪ੍ਰਭ ਆਸਰਾ ਚੈਰੀਟੇਬਲ ਹਸਪਤਾਲ ਚਨਾਲ਼ੋਂ ਵਿਖੇ ਮੁਫ਼ਤ ਮੈਡੀਕਲ ਕੈਂਪ ਲਗਾਇਆ ਜਾ ਰਿਹਾ ਹੈ। ਸੰਸਥਾ ਮੁਖੀ ਭਾਈ ਸ਼ਮਸ਼ੇਰ ਸਿੰਘ ਅਤੇ ਬੀਬੀ ਰਜਿੰਦਰ ਕੌਰ ਨੇ ਦੱਸਿਆ ਕਿ ਪ੍ਰਭ ਆਸਰਾ ਵੱਲੋਂ ਆਪਣਾ 20 ਸਾਲਾ ਮਾਨਵਤਾਵਾਦੀ ਕਾਰਜਕਾਲ ਪੂਰਾ ਹੋਣ 'ਤੇ ਕੀਤੇ ਜਾ ਰਹੇ ਇਸ ਉਪਰਾਲੇ ਵਿੱਚ ਐੱਲ ਏ (ਯੂ ਐੱਸ ਏ) ਤੋਂ ਸਿਹਤ ਮਾਹਿਰਾਂ ਦੀ ਟੀਮ ਪ੍ਰਭ ਆਸਰਾ ਦੇ ਮਾਹਿਰ ਡਾਕਟਰਾਂ ਨਾਲ਼ ਰਲ਼ ਕੇ ਸੇਵਾਵਾਂ ਨਿਭਾਉਣਗੇ।

ਇਸ ਦੌਰਾਨ ਜਨਰਲ ਮੈਡੀਸਨ, ਬੱਚਿਆਂ ਦਾ ਵਿਭਾਗ, ਚਮੜੀ ਦਾ ਵਿਭਾਗ, ਯੂਰੋਲੋਜੀ, ਜੱਚਾ-ਬੱਚਾ ਵਿਭਾਗ , ਜਨਰਲ ਸਰਜਰੀ, ਫਿਜ਼ੀਓਥੈਰੇਪੀ, ਕੰਨ-ਨੱਕ-ਗਲਾ ਵਿਭਾਗ ਅਤੇ ਅੱਖਾਂ ਦੀ ਜਾਂਚ ਤੋਂ ਇਲਾਵਾ ਐਨਕਾਂ ਵੀ ਮੁਫ਼ਤ ਦਿੱਤੀਆਂ ਜਾਣਗੀਆਂ। ਅੱਖਾਂ ਦੇ ਵਿਭਾਗ ਵੱਲੋਂ ਯੂ ਐੱਸ ਏ ਤੋਂ 08 ਆਧੁਨਿਕ ਮਸ਼ੀਨਾਂ ਉਪਲੱਬਧ ਕਰਵਾਈਆਂ ਜਾਣਗੀਆਂ। ਜਿਨ੍ਹਾਂ ਸਦਕਾ 8000+ ਲੋੜਵੰਦਾਂ ਦਾ ਮੁਫ਼ਤ ਚੈਕਅੱਪ ਕੀਤਾ ਜਾ ਸਕੇਗਾ। ਪਹਿਲੇ ਦਸ (10) ਓਪਰੇਸ਼ਨ ਬਿਲਕੁੱਲ ਮੁਫ਼ਤ ਕੀਤੇ ਜਾਣਗੇ ਅਤੇ ਦਵਾਈਆਂ ਵੀ ਮੁਫ਼ਤ ਮੁਹੱਈਆ ਕਰਵਾਈਆਂ ਜਾਣਗੀਆਂ। ਇਹ ਸਭ ਸੇਵਾਵਾਂ 17, 18 ਅਤੇ 19 ਅਕਤੂਬਰ ਨੂੰ ਸਵੇਰੇ 09:00 ਤੋਂ ਬਾਅਦ ਦੁਪਹਿਰ 04:00 ਵਜੇ ਤੱਕ ਦਿੱਤੀਆਂ ਜਾਣਗੀਆਂ।

# ਨਿਪੁਨ ਸ਼ਰਮਾ ਨੇ ਗਾਇਕੀ ਮੁਕਾਬਲੇ 'ਕਿਸ ਮੇਂ ਕਿਤਨਾ ਹੈ ਦਮ' 'ਚ ਹਾਸਲ ਕੀਤਾ ਪਹਿਲਾ ਸਥਾਨ



**ਹੁਸ਼ਿਆਰਪੁਰ( ਬਲਵੀਰ ਸਿੰਘ ਸੈਣੀ)** -ਹੁਸ਼ਿਆਰਪੁਰ ਦੇ ਨਿਪੁਨ ਸ਼ਰਮਾ ਨੇ 'ਮਲਟੀ ਟੈਲੈਂਟ ਰਿਐਲਿਟੀ ਸ਼ੋਅ' ਵੱਲੋਂ ਕਰਵਾਏ ਗਏ ਨੈਸ਼ਨਲ ਪੱਧਰ ਦੇ ਪ੍ਰਤੀਯੋਗਤਾ ਮੁਕਾਬਲੇ 'ਕਿਸਮੇਂ ਕਿਤਨਾ ਹੈ ਦਮ' ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਸੈਂਕੜੇ ਹਰੀਫਾਂ ਨੂੰ ਪਿੱਛੇ ਛੱਡ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ । ਨਿਪੁਨ ਦੀ ਇਸ ਪ੍ਰਾਪਤੀ ਨਾਲ ਸਿਰਫ ਉਸ ਦੇ ਸਕੂਲ ਹੀ ਨਹੀਂ, ਸਗੋਂ ਸਾਰੇ ਜਿਲ੍ਹੇ ਦਾ ਨਾਮ ਰੌਸ਼ਨ ਹੋਇਆ ਹੈ। ਇਸ ਉਪਲੱਬਧੀ 'ਤੇ ਇਕ ਸਮਾਰੋਹ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਜ਼ਿਲ੍ਹਾ ਸਿੱਖਿਆ ਅਫਸਰ (ਸਕੈਂਡਰੀ ਸਿੱਖਿਆ) ਲਲਿਤਾ ਅਰੋੜਾ ਨੇ ਨਿਪੁਨ ਨੂੰ ਪ੍ਰਮਾਣ ਪੱਤਰ ਅਤੇ ਮੋਮੈਂਟੋ ਦੇ ਕੇ ਉਸ ਦੀ ਹੌਸਲਾ ਅਫਜ਼ਾਈ ਕੀਤੀ ਅਤੇ ਉਸ ਦੇ ਉਜੱਲੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਅਰੋੜਾ ਨੇ ਨਿਪੁਨ ਤੋਂ ਰਾਜ ਪੱਧਰ 'ਤੇ ਪੇਸ਼ ਕੀਤਾ ਗਾਣਾ ਵੀ ਸੁਣਿਆ ਅਤੇ ਉਸ ਦੀ ਕਲਾ ਦੀ ਭਰਵੀਂ ਸ਼ਲਾਘਾ ਕੀਤੀ। ਇਸ ਮੌਕੇ ਉੱਪ ਜ਼ਿਲ੍ਹਾ ਸਿੱਖਿਆ ਅਫਸਰ ਸ੍ਰੀ ਧੀਰਜ ਵਿਸ਼ਿਸ਼ਟ, ਰੇਲਵੇ ਮੰਡੀ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਰਾਜਨ ਅਰੋੜਾ, ਲੈਕਚਰਾਰ ਬਲਦੇਵ ਸਿੰਘ, ਵੋਕੇਸ਼ਨ ਲੈਕਚਰਾਰ ਸ੍ਰੀਮਤੀ ਮੀਨਾ ਕੁਮਾਰੀ, ਆਈਸੀਟੀ ਅਕਾਊਂਟੈਂਟ ਸ਼੍ਰੀਮਤੀ ਕੁਸਮ ਲਤਾ, ਅਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ । ਸਭ ਨੇ ਨਿਪੁਨ ਦੇ ਉੱਤਮ ਪ੍ਰਦਰਸ਼ਨ ਦੀ ਪ੍ਰਸ਼ੰਸਾ ਕੀਤੀ । ਨਿਪੁਨ ਦੇ ਮਾਤਾ-ਪਿਤਾ ਸ੍ਰੀ ਨਰਿੰਦਰ ਕੁਮਾਰ, ਜੋ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖੁਆਸਪੁਰ ਹੀਰਾ ਵਿੱਚ ਕੰਪਿਊਟਰ ਫੈਕਲਟੀ ਹਨ ਅਤੇ ਸ਼੍ਰੀਮਤੀ ਪ੍ਰਿਅੰਕਾ ਸ਼ਰਮਾ, ਜੋ ਪੀ.ਡੀ. ਆਰਿਆ ਸਕੂਲ ਵਿੱਚ ਮੈਥਸ ਦੀ ਅਧਿਆਪਿਕਾ ਹਨ, ਵੀ ਇਸ ਸਮਾਰੋਹ ਵਿੱਚ ਮੌਜੂਦ ਸਨ । ਉਨ੍ਹਾਂ ਨੇ ਆਪਣੇ ਪੁੱਤਰ ਦੀ ਪ੍ਰਾਪਤੀ 'ਤੇ ਖੁਸ਼ੀ ਜਤਾਈ ਅਤੇ ਕਿਹਾ ਕਿ ਨਿਪੁਨ ਦੀ ਸਫਲਤਾ ਨਾਲ ਸਿਰਫ ਉਹਨਾਂ ਦੇ ਪਰਿਵਾਰ ਦਾ ਹੀ ਮਾਣ ਨਹੀਂ ਵਧਿਆ, ਸਗੋਂ ਸਾਰੇ ਜ਼ਿਲ੍ਹੇ ਲਈ ਇਹ ਖੁਸ਼ੀ ਦਾ ਪਲ ਹੈ ।

ਸਮਾਰੋਹ ਦੇ ਆਖਰ ਵਿੱਚ ਨਿਪੁਨ ਨੇ ਸਭ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਉਸ ਦੀ ਸਫਲਤਾ ਦਾ ਸਹਿਰ ਉਸਦੇ ਮਾਤਾ-ਪਿਤਾ ਅਤੇ ਅਧਿਆਪਕਾਂ ਨੂੰ ਜਾਂਦਾ ਹੈ । ਉਹ ਆਪਣੇ ਸੰਗੀਤਕ ਅਧਿਐਨ ਨੂੰ ਹੋਰ ਅੱਗੇ ਲੈ ਜਾਣ ਅਤੇ ਦੇਸ਼-ਵਿਦੇਸ਼ ਵਿੱਚ ਹੁਸ਼ਿਆਰਪੁਰ ਦਾ ਮਾਣ ਵਧਾਉਣ ਲਈ ਦ੍ਰਿੜ ਸੰਕਲਪ ਹੈ ।

# ਫਗਵਾੜਾ 'ਚ ਸਜਾਈ ਵਿਸ਼ਾਲ ਕਲਸ਼ ਯਾਤਰਾ



**ਫਗਵਾੜਾ ( ਡਾ. ਰਮਨ)**-ਸ਼੍ਰੀ ਰਾਧਾ ਕ੍ਰਿਸ਼ਨ ਸੇਵਾ ਸੰਮਤੀ ਵੱਲੋਂ 15 ਤੋਂ 23 ਅਕਤੂਬਰ ਤੱਕ ਸਿਟੀ ਪੈਲੇਸ, ਨੇੜੇ ਕਮਲਾ ਨਹਿਰੂ ਕਾਲਜ ਫਗਵਾੜਾ ਵਿਖੇ ਕਰਵਾਈ ਜਾ ਰਹੀ ਸ਼੍ਰੀ ਰਾਮ ਕਥਾ ਨੂੰ ਸਮਰਪਿਤ ਵਿਸ਼ਾਲ ਕਲਸ਼ ਯਾਤਰਾ ਸੋਮਵਾਰ ਦੀ ਸ਼ਾਮ ਨੂੰ ਸ਼੍ਰੀ ਮੌਨੀ ਬਾਬਾ ਮੰਦਿਰ, ਪੁਰਾਣੀ ਦਾਣਾ ਮੰਡੀ ਤੋਂ ਸਜਾਈ ਗਏ, ਜੋ ਕਿ ਵੱਖ-ਵੱਖ ਬਾਜ਼ਾਰਾਂ ਵਿੱਚੋਂ ਹੁੰਦੀ ਹੋਈ ਕਥਾ ਸਥਲ ਸਿਟੀ ਪੈਲੇਸ ਵਿਖੇ ਸਮਾਪਤ ਹੋਈ। ਇਸ ਕਲਸ਼ ਯਾਤਰਾ ਵਿੱਚ ਔਰਤਾਂ ਨੇ ਪੂਰੇ ਉਤਸ਼ਾਹ ਨਾਲ ਭਾਗ ਲਿਆ ਅਤੇ ਸਿਰਾਂ 'ਤੇ ਕਲਸ਼ ਰੱਖ ਕੇ ਯਾਤਰਾ ਦੀ ਅਗਵਾਈ ਕੀਤੀ। ਇਸ ਦੌਰਾਨ ਜਗਦਗੁਰੂ ਰਾਮਭਦਰਾਚਾਰੀਆ ਜੀ ਮਹਾਰਾਜ ਦੀ ਕ੍ਰਿਪਾ ਪ੍ਰਾਪਤ ਸ਼ਿਸ਼ਯਾ ਮਾਨਸ ਚਾਤਿਕੀ ਵੈਦੇਹੀ (ਸੁਰਭੀ ਜੀ) ਨੇ ਕਲਸ਼ ਯਾਤਰਾ 'ਚ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਤੋਂ ਇਲਾਵਾ ਭਗਵਾਨ ਸ਼੍ਰੀ ਰਾਮ ਪਰਿਵਾਰ ਦੀਆਂ ਸੁੰਦਰ ਝਾਕੀਆਂ ਅਤੇ ਆਦਰਸ਼ ਬਾਲ ਵਿਦਿਆਲਿਆ ਦੇ ਵਿਦਿਆਰਥੀਆਂ ਨੇ ਵੀ ਬੈਂਡ ਨਾਲ ਕਲਸ਼ ਯਾਤਰਾ ਦੀ ਸ਼ੋਭਾ ਵਧਾਈ। ਇਸ ਕਲਸ਼ ਯਾਤਰਾ ਵਿੱਚ ਵੱਖ-ਵੱਖ ਧਾਰਮਿਕ ਅਤੇ ਸਮਾਜਿਕ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਵੀ ਸ਼ਮੂਲੀਅਤ ਕੀਤੀ ਅਤੇ ਸੁੰਦਰ ਰੱਥ ਵਿੱਚ ਸੁਸ਼ੋਭਿਤ ਭਗਵਾਨ ਸ੍ਰੀ ਰਾਮ ਜੀ ਦਾ ਨਤਮਸਤਕ ਹੁੰਦਿਆਂ ਅਸ਼ੀਰਵਾਦ ਲਿਆ। ਕਲਸ਼ ਯਾਤਰਾ ਦੀ ਸਮਾਪਤੀ ਮੌਕੇ ਜਾਣਕਾਰੀ ਦਿੰਦਿਆਂ ਕਮੇਟੀ ਪ੍ਰਧਾਨ ਅਤੇ ਸ੍ਰੀ ਰਾਮ ਕਥਾ ਦੇ ਮੁੱਖ ਪ੍ਰਬੰਧਕ ਅਰੁਣ ਖੋਸਲਾ ਸਾਬਕਾ ਮੇਅਰ ਨੇ ਦੱਸਿਆ ਕਿ ਰੋਜ਼ਾਨਾ ਸ਼ਾਮ 7 ਵਜੇ ਤੋਂ 10 ਵਜੇ ਤੱਕ ਵੈਦੇਹੀ ਜੀ ਸ਼੍ਰੀ ਰਾਮ ਕਥਾ ਦਾ ਸੰਚਾਰ ਕਰਨਗੇ। ਉਨ੍ਹਾਂ ਸਮੂਹ ਧਰਮ ਪ੍ਰੇਮੀਆਂ ਨੂੰ ਪੁਰਜ਼ੋਰ ਅਪੀਲ ਕਰਦਿਆਂ ਕਿਹਾ ਕਿ ਉਹ ਆਪਣੇ ਪਰਿਵਾਰ ਅਤੇ ਨਜ਼ਦੀਕੀਆਂ ਸਮੇਤ ਹਾਜ਼ਰੀ ਭਰ ਕੇ ਭਗਵਾਨ ਸ਼੍ਰੀ ਰਾਮ ਦੀ ਪਵਿੱਤਰ ਕਥਾ ਦਾ ਆਨੰਦ ਮਾਨਣ। ਇਸ ਮੌਕੇ ਸ਼੍ਰੀ ਰਾਧਾ ਕ੍ਰਿਸ਼ਨ ਸੇਵਾ ਸੰਮਤੀ ਦੇ ਸਮੂਹ ਮੈਂਬਰ ਅਤੇ ਵੱਡੀ ਗਿਣਤੀ ਵਿੱਚ ਧਾਰਮਿਕ, ਸਮਾਜਿਕ ਜੱਥੇਬੰਦੀਆਂ ਦੇ ਆਗੂ ਵੀ ਹਾਜ਼ਰ ਸਨ।

# ਭਗਵਾਨ ਵਾਲਮੀਕਿ ਜੀ ਨੇ ਰਾਮਾਇਣ ਦੀ ਰਚਨਾ ਕਰਕੇ ਸਾਨੂੰ ਸਿੱਖਿਅਤ ਹੋਣ ਦਾ ਸੰਦੇਸ਼ ਦਿੱਤਾ : ਮਹਿੰਦਰ ਭਗਤ



**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ, ਇਕਬਾਲ ਸਿੰਘ ਉੱਭੀ)** ਭਗਵਾਨ ਵਾਲਮੀਕਿ ਜੀ ਦੇ ਪ੍ਰਗਟ ਉਤਸਵ ਨੂੰ ਸਮਰਪਿਤ ਬਸਤੀਆਤ ਇਲਾਕੇ ਤੋਂ ਵਿਸ਼ਾਲ ਸ਼ੋਭਾ ਯਾਤਰਾ ਕੱਢੀ ਗਈ, ਜਿਸ ਵਿੱਚ ਪੰਜਾਬ ਦੇ ਕੈਬਨਿਟ ਮੰਤਰੀ ਮਹਿੰਦਰ ਭਗਤ ਮੁੱਖ ਮਹਿਮਾਨ ਵਜੋਂ ਪਹੁੰਚੇ ਅਤੇ ਭਗਵਾਨ ਵਾਲਮੀਕਿ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ । ਵੱਖ-ਵੱਖ ਮੰਦਰ ਕਮੇਟੀਆਂ ਅਤੇ ਸੁਸਾਇਟੀਆਂ ਵੱਲੋਂ ਜਿਥੇ ਸ਼ਾਨਦਾਰ ਸਟੇਜਾਂ ਸਜਾ ਕੇ ਸ਼ੋਭਾ ਯਾਤਰਾ ਦਾ ਸਵਾਗਤ ਕੀਤਾ ਗਿਆ ਤੇ ਲੰਗਰ ਪ੍ਰਸ਼ਾਦ ਵਰਤਾਇਆ ਗਿਆ, ਉਥੇ ਮੰਤਰੀ ਮਹਿੰਦਰ ਭਗਤ ਦਾ ਸਨਮਾਨ ਵੀ ਕੀਤਾ ਗਿਆ ।ਇਸ ਮੌਕੇ ਕੈਬਨਿਟ ਮੰਤਰੀ ਨੇ ਸਮੂਹ ਸ਼ਹਿਰ ਵਾਸੀਆਂ ਨੂੰ ਹਾਰਦਿਕ ਵਧਾਈ ਦਿੰਦਿਆਂ ਕਿਹਾ ਕਿ ਭਗਵਾਨ ਵਾਲਮੀਕ ਜੀ ਨੇ ਮਹਾਂਕਾਵਿ ਰਾਮਾਇਣ ਦੀ ਰਚਨਾ ਕੀਤੀ, ਜਿਸ ਦੀਆਂ ਸਿੱਖਿਆਵਾਂ ਅੱਜ ਵੀ ਸਾਡੇ ਜੀਵਨ ਦਾ ਮਹੱਤਵਪੂਰਣ ਹਿੱਸਾ ਹਨ । ਰਾਮਾਇਣ ਤੋਂ ਸਾਨੂੰ ਬਿਨਾਂ ਕਿਸੇ ਭੇਦਭਾਵ ਦੇ ਜੀਵਨ ਜਿਊਣ ਦੀ ਸਿੱਖਿਆ ਮਿਲਦੀ ਹੈ। ਉਨ੍ਹਾਂ ਕਿਹਾ ਕਿ ਰਮਾਇਣ ਤੋਂ ਮਿਲਣ ਵਾਲੀਆਂ ਸਿੱਖਿਆਵਾਂ ਅੱਜ ਵੀ ਹਰ ਵਰਗ ਲਈ ਢੁੱਕਵੀਂਆਂ ਹਨ। ਭਗਵਾਨ ਵਾਲਮੀਕਿ ਜੀ ਨੇ ਰਾਮਾਇਣ ਵਰਗਾ ਮਹਾਨ ਗ੍ਰੰਥ ਰਚ ਕੇ ਸੰਸਾਰ ਨੂੰ ਦੱਸਿਆ ਕਿ ਸਾਨੂੰ ਸਿੱਖਿਅਤ ਬਣ ਕੇ ਸਮਾਜ ਵਿੱਚੋਂ ਵਿਤਕਰੇ ਨੂੰ ਦੂਰ ਕਰਨਾ ਚਾਹੀਦਾ ਹੈ ।ਅੱਜ ਸਾਨੂੰ ਸਾਰਿਆਂ ਨੂੰ ਭਗਵਾਨ ਵਾਲਮੀਕਿ ਜੀ ਵੱਲੋਂ ਦਰਸਾਏ ਮਾਰਗ 'ਤੇ ਚੱਲਣ ਦੀ ਲੋੜ ਹੈ । ਭਗਵਾਨ ਵਾਲਮੀਕਿ ਜੀ ਵੱਲੋਂ ਦਰਸਾਏ ਮਾਰਗ 'ਤੇ ਚੱਲਣ ਦਾ ਭਾਵ ਹੈ ਕਿ ਸਾਨੂੰ ਧਰਮ ਅਤੇ ਸੱਚ ਦੇ ਮਾਰਗ 'ਤੇ ਚੱਲ ਕੇ ਆਪਣਾ ਫਰਜ਼ ਇਮਾਨਦਾਰੀ ਨਾਲ ਨਿਭਾਉਣਾ ਚਾਹੀਦਾ ਹੈ । ਉਨ੍ਹਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਉਨ੍ਹਾਂ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਸਮਾਜ ਦੀ ਬਿਹਤਰੀ ਲਈ ਕੰਮ ਕਰਨੇ ਚਾਹੀਦੇ ਹਨ। ਮੰਤਰੀ ਨੇ ਲੋਕਾਂ ਨੂੰ ਸਮਾਜਿਕ ਬੁਰਾਈਆਂ ਨੂੰ ਖ਼ਤਮ ਕਰਨ ਲਈ ਆਪਣੇ ਬੱਚਿਆਂ ਨੂੰ ਸਿੱਖਿਅਤ ਅਤੇ ਸੰਸਕਾਰੀ ਬਣਾਉਣ ਦਾ ਸੱਦਾ ਦਿੱਤਾ।ਇਸ ਮੌਕੇ ਚੇਅਰਮੈਨ ਚੰਦਨ ਗਰੇਵਾਲ, ਪਵਨ ਹੰਸ, ਕਮਲ ਲੋਚ, ਬੱਬੂ ਥਾਪਰ, ਸਤਪਾਲ ਭਗਤ, ਬਿੱਲਾ ਹੰਸ, ਅਮਰੀਕ ਬੰਗਰੀ, ਗੌਰਵ ਜੋਸ਼ੀ, ਕੁਲਦੀਪ ਗਗਨ ਸਮੇਤ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀਆਂ ਨੇ ਸ਼ਮੂਲੀਅਤ ਕੀਤੀ।

# ਰਣਵੀਰ ਸਿੰਘ ਗੀਗਨਵਾਲ ਦੇ ਦੂਸਰੀ ਵਾਰ ਸਰਬਸੰਮਤੀ ਨਾਲ ਸਰਪੰਚ ਚੁਣੇ ਗਏ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)** ਹੁਸ਼ਿਆਰਪੁਰ ਜਿਲ੍ਹੇ ਦੀਆਂ ਪੰਚਾਇਤ ਚੋਣਾਂ ਅਮਨ ਅਮਾਨ ਸੰਪਨ ਹੋ ਗਈਆਂ।ਇਹਨਾਂ ਚੋਣਾਂ ਦੌਰਾਨ ਪਿੰਡ ਗੀਗਨਵਾਲ ਦੀ ਪੰਚਾਇਤ ਦੀਆਂ ਵੀ ਚੋਣਾਂ ਸੰਪੰਨ ਹੋਈਆਂ।ਇਹਨਾਂ ਚੋਣਾਂ ਦੌਰਾਨ ਸਰਬਸੰਮਤੀ ਨਾਲ ਪਿੰਡ ਦੇ ਨਵੇਂ ਚੁਣੇ ਗਏ ਸਰਪੰਚ ਰਣਵੀਰ ਸਿੰਘ ਨੇ ਪ੍ਰੈਸ ਦੇ ਨਾਂਅ ਜਾਰੀ ਬਿਆਨ ਰਾਹੀਂ ਦੱਸਿਆ ਕਿ ਉਹਨਾਂ ਨੂੰ ਉਹਨਾਂ ਦੇ ਸੋਹਣੇ ਪਿੰਡ ਗੀਗਨਵਾਲ ਦੀਆਂ ਸੰਗਤਾਂ ਨੇ ਸਰਬ ਸੰਮਤੀ ਨਾਲ ਪਹਿਲਾਂ ਤਿੰਨ ਵਾਰ ਲਗਾਤਾਰ ਮੈਬਰ ਪੰਚਾਇਤ ਅਤੇ ਹੁਣ ਲਗਾਤਾਰ ਦੂਜੀ ਵਾਰ ਸਰਬਸੰਮਤੀ ਨਾਲ ਸਰਪੰਚ ਬਣਾ ਕੇ ਜੋ ਮਾਣ ਬਖਸ਼ਿਆ ਹੈ ਉਸ ਲਈ ਉਹ ਸਦਾ ਹੀ ਰਿਣੀ ਰਹਿਣਗੇ।ਉਨ੍ਹਾਂ ਕਿਹਾ ਕਿ ਇਨਾਂ ਚੋਣਾਂ ਦੌਰਾਨ ਪਿੰਡ ਦੇ ਨੌਜਵਾਨਾਂ ਅਤੇ ਵਿਦੇਸ਼ੀ ਰਹਿੰਦੇ ਵੀਰਾ ਦਾ ਬਹੁਤ ਹੀ ਸਹਿਯੋਗ ਰਿਹਾ ਹੈ ਅਤੇ ਸਮੂੰਹ ਸਾਥੀ ਮੈਬਰ ਪੰਚਾਇਤ ਨੇ ਵੀ ਬਹੁਤ ਸਹਿਯੋਗ ਦਿੱਤਾ ਹੈ।ਉਹ ਸਾਰਿਆਂ ਦੇ ਹੀ ਤਹਿ ਦਿਲੋਂ ਧੰਨਵਾਦੀ ਹਨ।ਉਨ੍ਹਾਂ ਵਾਹਿਗੁਰੂ ਦਾ ਸ਼ੁੱਕਰਾਨਾ ਕਰਦਿਆਂ ਪ੍ਰਮਾਤਮਾ ਤੋਂ ਸੁਮੱਤ ਅਤੇ ਹੌਸਲੇ ਦੀ ਮੰਗ ਕਰਦਿਆਂ ਪਿੰਡ ਵਾਸੀ ਸੰਗਤਾਂ ਦੀਆਂ ਉਮੀਦਾਂ ਅਤੇ ਭਰੋਸੇ ਤੇ ਪੂਰਾ ਉਤਰ ਦਾ ਵਿਸ਼ਵਾਸ ਦਿੱਤਾ। ਸਰਪੰਚ ਰਣਵੀਰ ਸਿੰਘ ਨੇ ਦੱਸਿਆ ਕਿ ਨਵੀਂ ਚੁਣੀ ਗਈ ਪੰਚਾਇਤ ਵਿੱਚ ਉਹਨਾਂ ਤੋਂ ਇਲਾਵਾ ਕਰਮਵਾਰ ਸਰਵਸ੍ਰੀ ਸਰਬਜੀਤ ਸਿੰਘ, ਹਰਕਮਲ ਸਿੰਘ, ਵਿਜੈਪਾਲ ਸਿੰਘ, ਚਮਨ ਸਿੰਘ, ਸ੍ਰੀਮਤੀ ਲਖਵੀਰ ਕੌਰ, ਰਮੇਸ਼ ਕੌਰ, ਅਮਰਜੀਤ ਕੌਰ ਸਮੇਤ ਸੱਤ ਮੈਂਬਰ ਪੰਚਾਇਤ ਚੁਣੇ ਗਏ।

# ਅਮਨਪ੍ਰੀਤ ਬਹੂਆ ਦੇ ਸਰਪੰਚ ਚੁਣੇ ਗਏ



**ਬੰਗਾ (ਅਵਤਾਰ ਕਲੇਰ)** ਨਜ਼ਦੀਕੀ ਪਿੰਡ ਬਹੂਆ ਦੇ ਅਮਨਪ੍ਰੀਤ ਸਰਪੰਚ ਚੁਣੇ ਗਏ। ਜਸਵਿੰਦਰ ਕੌਰ, ਕੁਲਵਿੰਦਰ ਕੌਰ, ਮੱਖਣ ਸਿੰਘ, ਬਲਿਹਾਰ ਸਿੰਘ ਪੰਚ ਚੁਣੇ ਗਏ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਰਪੰਚ ਅਮਨਪ੍ਰੀਤ ਨੇ ਦੱਸਿਆ ਕਿ ਪਿੰਡ ਵਾਸੀਆਂ ਨੇ ਮੈਨੂੰ ਸਰਪੰਚ ਚੁਣਿਆ ਹੈ। ਮੈਂ ਪਿੰਡ ਦੀ ਬਹਿਤਰੀ ਲਈ ਕੰਮ ਕਰਾਂਗਾ। ਉਹਨਾਂ ਨਗਰ ਨਿਵਾਸੀਆਂ ਦਾ ਧੰਨਵਾਦ ਕੀਤਾ।ਇਸ ਮੌਕੇ ਪਰਵਿੰਦਰ ਸਿੰਘ ਸਾਬਕਾ ਸਰਪੰਚ, ਨਿਰਮਲ ਸਿੰਘ, ਅਮਰਜੀਤ ਸਿੰਘ, ਮੱਖਣ ਸਿੰਘ, ਪਰਮਿੰਦਰ ਕੌਰ ਸਾਬਕਾ ਸਰਪੰਚ,ਸਨੀ ਕੁਮਾਰ, ਬਲਵਿੰਦਰ ਕੁਮਾਰ, ਸੂਬੇਦਾਰ ਜਸਪ੍ਰੀਤ ਸਿੰਘ, ਰਵੀ, ਗੁਰਪ੍ਰੀਤ, ਮਨਦੀਪ ਸਿੰਘ, ਲਵਦੀਪ ਬੈਂਸ, ਗੌਰਵ, ਪ੍ਰਸ਼ੋਤਮ ਲਾਲ, ਸੁਖਵਿੰਦਰ ਸਿੰਘ ਯੂ ਐਸ ਏ, ਕਸ਼ਮੀਰ ਚੰਦ, ਅਮਰਜੀਤ ਬਿੱਲੂ ਆਦਿ ਹਾਜ਼ਰ ਸਨ।

# ਸਤਨਾਮ ਪਿੰਡ ਮੇਹਲੀ ਦੇ ਸਰਪੰਚ ਚੁਣੇ ਗਏ



**ਬੰਗਾ (ਅਵਤਾਰ ਕਲੇਰ)** ਬੰਗਾ ਹਲਕੇ ਦੇ ਪਿੰਡ ਮੇਹਲੀ ਵਿਖੇ ਪੰਚਾਇਤੀ ਚੋਣਾਂ ਅਮਨ -ਅਮਾਨ ਨਾਲ ਨੇਪਰੇ ਚੜ੍ਹੀਆਂ।ਸਤਨਾਮ ਸਰਪੰਚ ਚੁਣੇ ਗਏ।ਸਰਬਜੀਤ ਕੌਰ, ਗੁਰਸ਼ਰਨ ਕੌਰ, ਕੇਵਲ ਰਾਮ, ਲਖਵੀਰ ਰਾਮ, ਵਿੱਦਿਆ ਦੇਵੀ, ਕਮਲਜੀਤ ਸਿੰਘ, ਸੀਮਾ ਸ਼ਰਮਾ, ਨਵਜੀਤ ਕੌਰ, ਜਸਵਿੰਦਰ ਕੌਰ ਪੰਚ ਚੁਣੇ ਗਏ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਨਵੇਂ ਚੁਣੇ ਗਏ ਸਰਪੰਚ ਸਤਨਾਮ ਨੇ ਦੱਸਿਆ ਕਿ ਮੈਂ ਸਾਰੇ ਪਿੰਡ ਦਾ ਸਰਪੰਚ ਹਾਂ।ਹਰ ਇੱਕ ਦੇ ਦੁੱਖ- ਸੁੱਖ ਚ ਹਾਜ਼ਰ ਰਹਾਂਗਾ।ਪਹਿਲ ਦੇ ਆਧਾਰ 'ਤੇ ਪਿੰਡ ਦੀ ਡਿਵੈਲਪਮੈਂਟ ਕਰਾਂਗੇ।ਨੌਜਵਾਨਾਂ ਲਈ ਜਿੰਮ ਅਤੇ ਖੇਡਾਂ ਵੱਲ ਵਿਸ਼ੇਸ਼ ਤੌਰ 'ਤੇ ਧਿਆਨ ਦਿੱਤਾ ਜਾਵੇਗਾ।ਉਹਨਾਂ ਸਾਰੇ ਸਹਿਯੋਗੀਆਂ ਅਤੇ ਨਗਰ ਨਿਵਾਸੀਆਂ ਦਾ ਧੰਨਵਾਦ ਕੀਤਾ।ਇਸ ਮੌਕੇ ਰਵਿੰਦਰ ਸਿੰਘ ਨੰਬਰਦਾਰ, ਮੋਹਣ ਲਾਲ ਸਾਬਕਾ ਸਰਪੰਚ, ਜਸਪਾਲ ਕਲੇਰ ਸਾਬਕਾ ਪੰਚ, ਠੇਕੇਦਾਰ ਦਰਸ਼ਨ ਰਾਮ, ਅਸ਼ੋਕ ਕੁਮਾਰ ਡੀ ਪੀ, ਅਰਮਿੰਦਰ ਸਿੰਘ ਲੱਕੀ, ਭਜਨ ਸਿੰਘ, ਸੋਮ ਨਾਥ ਬਿੱਟੂ, ਲਖਵੀਰ ਸਾਬਕਾ ਪੰਚ, ਗੁਰਦੀਪ ਸਿੰਘ ਕਾਨੂੰਗੋ, ਬੱਲੀ ਦੋਸਾਂਝ ਆਦਿ ਹਾਜ਼ਰ ਸਨ।

# ਰਿਆਤ ਬਾਹਰਾ ਕਾਲਜ ਦੇ ਵਿਦਿਆਰਥੀਆਂ ਨੇ ਪੰਜਾਬ ਯੂਨੀਵਰਸਿਟੀ 'ਚ ਕੀਤਾ ਸ਼ਾਨਦਾਰ ਪ੍ਰਦਰਸ਼ਨ



**ਹੁਸ਼ਿਆਰਪੁਰ, ( ਬਲਵੀਰ ਸਿੰਘ ਸੈਣੀ)**- ਰਿਆਤ ਬਾਹਰਾ ਕਾਲਜ ਆਫ਼ ਲਾਅ ਦੇ ਵਿਦਿਆਰਥੀਆਂ ਨੇ ਆਪਣੀ ਮਿਹਨਤ ਅਤੇ ਲਗਨ ਨਾਲ ਵਿਦਿਅਕ ਖੇਤਰ ਵਿੱਚ ਇੱਕ ਵਾਰ ਫਿਰ ਤੋਂ ਨਵੀਆਂ ਉਚਾਈਆਂ ਹਾਸਲ ਕੀਤੀਆਂ ਹਨ। ਕਾਲਜ ਦੇ ਹੋਣਹਾਰ ਵਿਦਿਆਰਥੀਆਂ ਨੇ ਪੰਜਾਬ ਯੂਨੀਵਰਸਿਟੀ ਦੀ ਵੱਕਾਰੀ ਮੈਰਿਟ ਸੂਚੀ ਵਿੱਚ ਸਥਾਨ ਹਾਸਲ ਕਰਕੇ ਕਾਲਜ ਦਾ ਨਾਂ ਰੌਸ਼ਨ ਕੀਤਾ ਹੈ । ਇਸ ਸਬੰਧੀ ਕਾਲਜ ਦੇ ਪ੍ਰਿੰਸੀਪਲ ਡਾ. ਆਰ. ਐਨ. ਸਿੰਘ ਨੇ ਦੱਸਿਆ ਕਿ ਇਨ੍ਹਾਂ ਨਤੀਜਿਆਂ ਵਿੱਚ ਪ੍ਰਭਦੀਪ ਦੂਜੇ ਸਮੈਸਟਰ ਵਿੱਚ ਪਹਿਲੇ ਅਤੇ ਮਾਨਸੀ ਪੰਜਵੇਂ ਸਮੈਸਟਰ ਵਿੱਚ ਤੀਜੇ ਸਥਾਨ 'ਤੇ ਰਹੇ । ਜਦੋਂ ਕਿ ਵਿਪਨਦੀਪ ਕੌਰ ਨੇ ਚੌਥੇ ਸਮੈਸਟਰ ਵਿੱਚੋਂ ਪੰਜਵਾਂ ਸਥਾਨ ਹਾਸਲ ਕੀਤਾ ਹੈ। ਪ੍ਰਿੰਸੀਪਲ ਡਾ. ਸਿੰਘ ਨੇ ਕਿਹਾ ਕਿ ਵਿਦਿਆਰਥੀਆਂ ਦੀ ਇਸ ਸ਼ਾਨਦਾਰ ਪ੍ਰਾਪਤੀ ਨੇ ਕਾਲਜ ਦਾ ਮਾਣ ਵਧਾਇਆ ਹੈ ।ਇਹ ਸਫ਼ਲਤਾ ਵਿਦਿਆਰਥੀਆਂ ਦੀ ਸਖ਼ਤ ਮਿਹਨਤ ਅਤੇ ਸੰਸਥਾ ਦੇ ਸਮਰਪਿਤ ਅਧਿਆਪਕਾਂ ਦੀ ਅਗਵਾਈ ਵਾਲੀ ਸਿੱਖਿਆ ਦਾ ਨਤੀਜਾ ਹੈ।ਇਸ ਮੌਕੇ ਚੇਅਰਮੈਨ ਗੁਰਵਿੰਦਰ ਸਿੰਘ ਬਾਹਰਾ ਨੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਇਸ ਪ੍ਰਾਪਤੀ 'ਤੇ ਵਧਾਈ ਦਿਤੀ । ਉਨ੍ਹਾਂ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਦਾ ਪ੍ਰਦਰਸ਼ਨ ਕਰਨ ਲਈ ਪ੍ਰੇਰਿਤ ਕੀਤਾ । ਕੈਂਪਸ ਡਾਇਰੈਕਟਰ ਡਾ. ਚੰਦਰ ਮੋਹਨ ਨੇ ਵੀ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੀ ਮਿਹਨਤ ਅਤੇ ਲਗਨ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਪ੍ਰਾਪਤੀ ਕਾਲਜ ਦੇ ਉੱਚ ਵਿੱਦਿਅਕ ਮਿਆਰ ਦਾ ਪ੍ਰਮਾਣ ਹੈ ।

# ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਇਆ



**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)** ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਵਲੋਂ ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ 555 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਹਰ ਸਾਲ ਦੀ ਤਰ੍ਹਾਂ ਖਾਲਸਾ ਸਕੂਲ ਨਵਾਂਸ਼ਹਿਰ ਵਿਖੇ ਕਰਵਾਏ ਜਾਂਦੇ ਮਹਾਨ ਕੀਰਤਨ ਦਰਬਾਰ ਦਾ ਸੁਨੇਹਾ ਪਿੰਡ ਪਿੰਡ, ਸ਼ਹਿਰ ਸ਼ਹਿਰ ਅਤੇ ਇਲਾਕੇ ਦੀਆਂ ਸੰਗਤਾਂ ਤੱਕ ਪਹੁੰਚਾਉਣ ਅਤੇ ਘਰ-ਘਰ ਅੰਦਰ ਧਰਮਸ਼ਾਲ ਦੇ ਮਾਰਗ ਦੇ ਉਪਦੇਸ਼ 'ਤੇ ਚਲਦੇ ਹੋਏ ਸਾਲ 2022 ਤੋਂ ਗੁਰਮਤਿ ਸਮਾਗਮਾਂ ਦੀ ਲੜੀ ਦਾ ਅਰੰਭ ਕੀਤਾ ਗਿਆ ਸੀ ਜਿਸ ਤਹਿਤ ਪਹਿਲੇ ਸਾਲ 16, ਦੂਸਰੇ ਸਾਲ 21 ਅਤੇ ਇਸ ਸਾਲ 24 ਗੁਰਮਤਿ ਸਮਾਗਮਾਂ ਦਾ ਆਯੋਜਨ ਜਿਲ੍ਹਾ ਸ਼ਹੀਦ ਭਗਤ ਨਗਰ ਵਿਚ 18, ਜਿਲ੍ਹਾ ਹੁਸ਼ਿਆਰਪੁਰ ਵਿਚ 5 ਅਤੇ ਜਿਲ੍ਹਾ ਲੁਧਿਆਣਾ ਦੇ ਇਤਿਹਾਸਕ ਸਥਾਨ ਮਾਛੀਵਾੜਾ ਸਾਹਿਬ ਵਿਖੇ ਵੀ ਇਕ ਸਮਾਗਮ ਕਰਵਾ ਕੇ ਕੀਤਾ ਗਿਆ।ਇਸ ਸਾਲ ਸਮਾਗਮਾਂ ਦੌਰਾਨ ਜੋ ਪਿਆਰ, ਸਤਿਕਾਰ, ਉਤਸ਼ਾਹ ਅਤੇ ਹਰ ਸਮਾਗਮ ਦੌਰਾਨ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਦੀ ਸ਼ਮੂਲੀਅਤ ਸ਼ਾਇਦ ਸੁਸਾਇਟੀ ਮੈਂਬਰ ਦੇ ਕਿਆਸ ਤੋਂ ਕਿਤੇ ਵੱਧ ਪਰੇ ਸੀ। 23 ਸਮਾਗਮ ਦੇ ਆਯੋਜਨ ਉਪਰੰਤ ਇਸ ਲੜੀ ਦੇ ਸੰਪੂਰਨਤਾ ਸਮਾਗਮ ਪਿਛਲੀ ਰਾਤ ਪਿੰਡ ਦੁਰਗਾਪੁਰ ਵਿਖੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਅਸਥਾਨ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇਤਿਹਾਸਕ ਗੁਰਦੁਆਰਾ ਪਾਤਸ਼ਾਹੀਵਿਖੇ ਕਰਵਾਇਆ ਗਿਆ। ਇਨ੍ਹਾਂ ਸਮਾਗਮਾਂ ਵਿੱਚ ਸ਼ਾਮ ਨੂੰ ਸ੍ਰੀ ਰਹਿਰਾਸ ਸਾਹਿਬ ਜੀ ਦੇ ਪਾਠ ਦੇ ਭੋਗ ਉਪਰੰਤ ਗਿਆਨੀ ਮਨਦੀਪ ਸਿੰਘ ਮੁਰੀਦ ਸੰਗਰੂਰ ਵਾਲਿਆਂ ਨੇ ਗੁਰੂ ਇਤਿਹਾਸ ਅਤੇ ਗੁਰਮਤਿ ਵਿਚਾਰਾਂ ਨਾਲ ਸਾਂਝ ਪੰਥ ਪ੍ਰਸਿੱਧ ਕਥਾ ਵਾਚਕ ਗਿਆਨੀ ਸਰਬਜੀਤ ਸਿੰਘ ਲੁਧਿਆਣਾ ਵਾਲਿਆਂ ਨੇ ਸੰਗਤਾਂ ਨਾਲ ਕਥਾ ਵਿਚਾਰਾਂ ਨਾਲ ਜੀਵਨ ਜਾਂਚ ਦੀ ਸਾਂਝ ਪਾਈ। ਸਮਾਪਤੀ 'ਤੇ ਸੰਪੂਰਨਤਾ ਦੀ ਅਰਦਾਸ ਭਾਈ ਵਰਿੰਦਰ ਸਿੰਘ ਹੈੱਡ ਗ੍ਰੰਥੀ ਵਲੋਂ ਕੀਤੀ ਗਈ। ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਦੇ ਮੁੱਖ ਸੇਵਾਦਾਰ ਸੁਰਜੀਤ ਸਿੰਘ ਨੇ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਇਲਾਕੇ ਦੀਆਂ ਸੰਗਤਾਂ ਦਾ ਜਿਥੇ ਧੰਨਵਾਦ ਕੀਤਾ। ਇਸ ਮੌਕੇ ਜਥੇਦਾਰ ਗੁਰਬਖਸ਼ ਸਿੰਘ ਖਾਲਸਾ ਜੂਨੀਅਰ ਮੀਤ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਨੇ ਹਾਜ਼ਰੀ ਦੌਰਾਨ ਸੰਗਤਾਂ ਨੂੰ ਪ੍ਰਕਾਸ਼ ਪੁਰਬ ਦੀ ਵਧਾਈ ਦਿੱਤੀ।

ਉਨ੍ਹਾਂ ਨੇ ਸੁਸਾਇਟੀ ਵਲੋਂ ਗੁਰਮਤਿ ਦੇ ਪ੍ਰਚਾਰ ਪ੍ਰਸਾਰ ਲਈ ਅਰੰਭੇ ਗਏ ਇਨ੍ਹਾ ਉਪਰਾਲਿਆਂ ਦੀ ਭਰਪੂਰ ਸ਼ਲਾਘਾ ਕੀਤੀ। ਗੁਰਦੁਆਰੇ ਪ੍ਰਬੰਧਕ ਕਮੇਟੀ ਦੁਰਗਾਪੁਰ ਵਲੋਂ ਸੁਸਾਇਟੀ ਦੇ ਸਾਰੇ ਮੈਂਬਰਾਂ ਦਾ ਤੇ ਜਥੇਦਾਰ ਖਾਲਸਾ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

# ਇਤਿਹਾਸ ਬਣਾਉਣ ਲਈ ਨਗਰ ਨਿਵਾਸੀਆਂ ਦਾ ਵੱਡਾ ਯੋਗਦਾਨ : ਮਲਕੀਤ ਚੁੰਬਰ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)** ਗ੍ਰਾਮ ਪੰਚਾਇਤ ਨਵਾਂ ਪਿੰਡ ਅਰਾਈਆ (ਸ਼ੌਕੀਆ) ਦੇ ਹੋਏ ਪੰਚਾਇਤੀ ਚੋਣਾਂ ਵਿੱਚ ਨਗਰ ਨਿਵਾਸੀਆਂ ਨੇ ਇਤਿਹਾਸ ਬਣਾਉਣ ਵਿੱਚ ਬਹੁਤ ਵੱਡਾ ਯੋਗਦਾਨ ਪਾਇਆ ਜਿਸ ਵਿੱਚ ਅਮਰਜੀਤ ਸਰਪੰਚ, ਕੁਲਵਿੰਦਰ ਕੌਰ ਪੰਚ, ਸੁਦੇਸ਼ ਕੁਮਾਰੀ ਪੰਚ, ਪੂਜਾ ਪੰਚ, ਤਜਿੰਦਰ ਕੁਮਾਰ ਪੰਚ, ਦਰਸ਼ਨ ਮੈਹਿਮੀ ਪੰਚ, ਜਸਵੀਰ ਰਾਮ ਪੰਚ, ਪ੍ਰਭਜੋਤ ਸਿੰਘ ਸਿੱਧੂ ਪੰਚ ਜੇਤੂ ਹੋਏ ਜੋ ਇੱਕ ਹੀ ਤਰਫ਼ਾਂ ਪੰਚਾਇਤ ਬਣਾਉਣ ਵਿੱਚ ਪਿੰਡ ਵਾਸੀਆਂ ਦਾ ਭਰਪੂਰ ਸਮਰਥਨ ਮਿਲਿਆ ਸਾਰੇ ਨਗਰ ਨਿਵਾਸੀਆਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਬਹੁਤ ਬਹੁਤ ਧੰਨਵਾਦ ਕਰਦੇ ਜਿਹਨਾਂ ਨੇ ਸਾਡੇ ਤੇ ਬਹੁਤ ਵੱਡਾ ਵਿਸ਼ਵਾਸ ਕਰਦਿਆਂ ਇਹ ਫਤਵਾ ਦਿੱਤਾ ਪਿੰਡ ਦੀ ਭਾਈਚਾਰਕ ਸਾਂਝ ਨੂੰ ਮਜ਼ਬੂਤ ਬਣਾਉਣ ਲਈ ਨਗਰ ਨਿਵਾਸੀਆਂ ਦਾ ਵੱਡਾ ਉਪਰਾਲਾ ਹੈ। ਸਾਰੇ ਨਗਰ ਨਿਵਾਸੀਆਂ ਦਾ ਨਵੀਂ ਚੁਣੀ ਪੰਚਾਇਤ ਨੇ ਬਹੁਤ ਬਹੁਤ ਧੰਨਵਾਦ ਕੀਤਾ। ਜਿੱਤ ਕੇ ਦਰਬਾਰ ਬਾਬਾ ਭੋਲਾ ਪੀਰ ਭਗਵਾਨ ਵਾਲਮੀਕਿ ਮਹਾਰਾਜ ਮੰਦਰ ਸਤਿਗੁਰੂ ਰਵਿਦਾਸ ਮਹਾਰਾਜ ਧਾਮ, ਸਿੰਘ ਸਭਾ ਗੁਰਦੁਆਰਾ ਸਾਹਿਬ ਬਾਬਾ ਸਾਹਿਬ, ਡਾਕਟਰ ਭੀਮ ਰਾਓ ਅੰਬੇਡਕਰ ਭਵਨ ਵਿਖੇ ਨਤਮਸਤਕ ਹੋਏ। ਇਸ ਮੌਕੇ ਮਲਕੀਤ ਚੁੰਬਰ ਸਾਬਕਾ ਸਰਪੰਚ, ਮਹਿੰਦਰ ਪਾਲ ਸਾਬਕਾ ਸਰਪੰਚ, ਜਰਨੈਲ ਚੰਦ ਸਾਬਕਾ ਸਰਪੰਚ, ਗੁਰਜੀਤ ਕੌਰ ਸਾਬਕਾ ਸਰਪੰਚ, ਪੁਸ਼ਪਾ ਸਾਬਕਾ ਸਰਪੰਚ, ਤਰਸੇਮ ਚੁੰਬਰ ਸਾਬਕਾ ਪੰਚ, ਪਾਲ ਕੈਲੇ ਸਾਬਕਾ ਪੰਚ, ਨਿੰਦਰੋ ਸਾਬਕਾ ਪੰਚ, ਗੁਰਨਾਮ ਸਾਬਕਾ ਪੰਚ, ਮਹਿੰਦਰ ਚੁੰਬਰ ਪੰਜਾਬ ਦੇ ਮਸ਼ਹੂਰ ਗਾਇਕ ਦੀਪਕ ਹੰਸ, ਰਮਨ ਕੁਮਾਰ ਇੰਦਾ ਘਈ ਸਟੇਜ ਸੈਕਟਰੀ, ਸੁਰਿੰਦਰ ਸੁੰਮਨ, ਪਰਮਜੀਤ, ਬਿੱਲਾ ਅਤੇ ਨਗਰ ਨਿਵਾਸੀਆਂ ਭਾਰੀ ਗਿਣਤੀ ਵਿੱਚ ਹਾਜ਼ਰ ਸਨ।

# ਭਗਵਾਨ ਵਾਲਮੀਕੀ ਦੇ ਪ੍ਰਗਟ ਦਿਹਾੜੇ ਸੰਬੰਧੀ ਸ਼ੋਭਾ ਯਾਤਰਾ ਕੱਢੀ



**ਫਿਲੌਰ (ਨਿਰਮਲ)** ਭਗਵਾਨ ਵਾਲਮੀਕੀ ਦੇ ਪ੍ਰਗਟ ਦਿਹਾੜੇ ਦੇ ਸੰਬੰਧ ਵਿੱਚ ਫਿਲੌਰ ਵਿਖੇ ਵਿਸ਼ਾਲ ਸ਼ੋਭਾ ਯਾਤਰਾ ਭਗਵਾਨ ਵਾਲਮੀਕ ਮੰਦਰ ਤੋਂ ਕੱਢੀ ਗਈ ਇਹ ਜਾਣਕਾਰੀ ਦਿੰਦੇ ਹੋਏ ਸੁਰਿੰਦਰ ਡਾਬਰ ਤਹਿਸੀਲ ਪ੍ਰਧਾਨ ਭਾਵਾਧੱਸ ਫਿਲੌਰ ਨੇ ਦੱਸਿਆ ਕਿ ਭਾਰੀ ਗਿਣਤੀ ਵਿੱਚ ਸ਼ਰਧਾਲੂ ਜਨ ਇਸ ਸ਼ੋਭਾ ਯਾਤਰਾ ਵਿੱਚ ਸ਼ਾਮਲ ਹੋਏ, ਸੰਗਤਾਂ ਪ੍ਰਭੂ ਵਾਲਮੀਕੀ ਦੀ ਮਹਿਮਾ ਦਾ ਗੁਣਗਾਨ ਕਰ ਰਹੀਆਂ ਸਨ। ਸ਼ਹਿਰ ਵਿੱਚ ਸਵਾਗਤੀ ਗੇਟ ਬਣਾਏ ਗਏ ਸਨ।ਪ੍ਰਗਟ ਦਿਹਾੜੇ ਦੀਆਂ ਪ੍ਰਧਾਨ ਡਾਵਰ ਵੱਲੋਂ ਵਧਾਈਆਂ ਦਿੱਤੀਆਂ ਅਤੇ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਵਾਲਮੀਕੀ ਸਭਾ ਦੇ ਪ੍ਰਧਾਨ ਅਰੁਨ ਕੁਮਾਰ, ਸਨੀ ਕੁਮਾਰ, ਨਿਕੂ, ਲਾਡੀ, ਜੈਮੀ, ਨੀਤੂ ਡਾਵਰ, ਕਿਰਨ, ਬੇਬੀ ਅਤੇ ਹੋਰ ਵੱਖ ਵੱਖ ਸਿਆਸੀ ਪਾਰਟੀਆਂ ਧਾਰਮਿਕ ਸੰਸਥਾਵਾਂ ਦੇ ਆਗੂਆਂ ਨੇ ਭਾਗ ਲਿਆ ਸ਼ੋਭਾ ਯਾਤਰਾ ਭਗਵਾਨ ਵਾਲਮੀਕੀ ਗੇਟ ਫਿਲੌਰ ਵਿਖੇ ਸਮਾਪਤ ਹੋਈ ਇਸ ਵਾਰ ਭਾਰੀ ਰੌਣਕਾਂ ਸਨ।

ਇਸ ਮੌਕੇ ਪੁਲਸ ਵੱਲੋਂ ਸੁਰੱਖਿਆ ਦੇ ਪੁਖਤਾ ਪ੍ਰਬੰਧ ਕੀਤੇ ਗਏ ਸਨ।

# ਖ਼ਾਲਸਾ ਕਾਲਜ ਡੁਮੇਲੀ ਵਿਖੇ 450 ਸਾਲਾ ਸ਼ਤਾਬਦੀ ਨੂੰ ਸਮਰਪਿਤ ਸੈਮੀਨਾਰ



**ਫਗਵਾੜਾ (ਡਾ. ਰਮਨ)** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਚੱਲ ਰਹੇ ਵਿਦਿਅਕ ਅਦਾਰੇ ਸੰਤ ਬਾਬਾ ਦਲੀਪ ਸਿੰਘ ਮੈਮੋਰੀਅਲ ਖ਼ਾਲਸਾ ਕਾਲਜ ਡੁਮੇਲੀ ਵਿਖੇ ਸ੍ਰੀ ਗੁਰੂ ਅਮਰਦਾਸ ਦੇ ਜੋਤੀ-ਜੋਤਿ ਦਿਵਸ ਅਤੇ ਸ੍ਰੀ ਗੁਰੂ ਰਾਮਦਾਸ ਦੇ ਗੁਰਿਆਈ ਦਿਵਸ 450 ਸਾਲਾ ਨੂੰ ਸਮਰਪਿਤ 'ਬਾਬਾ ਸੁੰਦਰ ਜੀ ਦੀ ਸਦੁ ਬਾਣੀ ਦਾ ਸੰਦੇਸ਼' ਵਿਸ਼ੇ 'ਤੇ ਇੱਕ ਰੋਜ਼ਾ ਸੈਮੀਨਾਰ ਕਰਵਾਇਆ ਗਿਆ। ਸੈਮੀਨਾਰ ਦੀ ਸ਼ੁਰੂਆਤ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਤੋਂ ਕੀਤੀ ਗਈ।ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਤੋਂ ਬਾਅਦ ਕਾਲਜ ਦੇ ਵਿਦਿਆਰਥੀਆਂ ਦੁਆਰਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ।ਸੈਮੀਨਾਰ ਦੀ ਆਰੰਭਤਾ ਵਿੱਚ ਪ੍ਰੋ. ਅਮਰਪਾਲ ਕੌਰ ਨੇ ਆਏ ਹੋਏ ਮੁੱਖ ਮਹਿਮਾਨਾਂ ਦਾ ਤਹਿ ਦਿਲੋਂ ਜੀ ਆਇਆ ਕੀਤਾ। ਇਸ ਸੈਮੀਨਾਰ ਵਿੱਚ ਮੁੱਖ ਮਹਿਮਾਨ ਵਜੋਂ ਜੱਥੇਦਾਰ ਤਰਲੋਚਨ ਸਿੰਘ ਸਾਬਕਾ ਪ੍ਰਧਾਨ ਕਾਲਜ ਪ੍ਰਬੰਧਕ ਕਮੇਟੀ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਉਹਨਾਂ ਦੁਆਰਾ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਕਿਹਾ ਕਿ ਸ੍ਰੀ ਗੁਰੂ ਅਮਰਦਾਸ ਜੀ ਨੇ ਉਸ ਸਮੇਂ ਪ੍ਰਚਲਿਤ ਸਮਾਜਿਕ ਬੁਰਾਈਆਂ ਦਾ ਖੰਡਨ ਕੀਤਾ ਅਤੇ ਆਪਣੇ ਪੈਰੋਕਾਰਾਂ ਨੂੰ ਵੀ ਇਹਨਾਂ ਬੁਰਾਈਆਂ ਤੋਂ ਦੂਰ ਰਹਿਣ ਦਾ ਸੰਦੇਸ਼ ਦਿੱਤਾ।ਪ੍ਰੋ. ਅਵਤਾਰ ਸਿੰਘ ਦੇ ਦੁਆਰਾ ਵਿਦਿਆਰਥੀਆਂ ਨੂੰ ਗੁਰਬਾਣੀ ਦੇ ਮਹੱਤਵ ਤੋਂ ਜਾਣੂ ਕਰਵਾਉਂਦੇ ਹੋਏ ਗੁਰਬਾਣੀ ਵਿਚਲੇ ਸਾਂਝੀਵਾਲਤਾ ਤੇ ਸਰਬੱਤ ਦੇ ਭਲੇ ਦੇ ਸਿਧਾਂਤ ਨੂੰ ਆਪਣੇ ਜੀਵਨ ਵਿੱਚ ਅਪਣਾਉਣ ਲਈ ਕਿਹਾ ਗਿਆ।ਖੋਜਾਰਥੀ ਵਿਕਰਮਜੀਤ ਸਿੰਘ ਦੇ ਦੁਆਰਾ ਕਿਹਾ ਗਿਆ ਕਿ ਬਾਬਾ ਸੁੰਦਰ ਨੇ ਸ੍ਰੀ ਗੁਰੂ ਅਮਰਦਾਸ ਦੇ ਅੰਤਿਮ ਸਮੇਂ ਨੂੰ ਸਦੁ ਬਾਣੀ ਵਿੱਚ ਵਿਚਾਰਿਆ।ਇਸ ਵਿੱਚ ਉਨ੍ਹਾਂ ਦੇ ਗੁਰਮਤਿ ਦੇ ਅਨੁਸਾਰ ਕਿਹੜੀਆਂ ਕਿਰਿਆਵਾਂ ਕਰਨੀਆਂ ਮਨਮਤ ਹਨ, ਬਾਰੇ ਵਿਸਥਾਰ ਪੂਰਵਕ ਜਾਣਕਾਰੀ ਸਾਂਝੀ ਕੀਤੀ। ਖੋਜਾਰਥੀ ਅਮਨਪ੍ਰੀਤ ਸਿੰਘ ਨੇ ਵੀ ਬਾਬਾ ਸੁੰਦਰ ਦੀ ਬਾਣੀ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ।ਇਸ ਮੌਕੇ ਡਾ. ਸੁਰਜੀਤ ਸਿੰਘ ਭੱਟੀ ਸਾਬਕਾ ਪ੍ਰੋਫੈਸਰ ਪੰਜਾਬੀ ਯੂਨੀਵਰਸਿਟੀ ਪਟਿਆਲਾ, ਡਾ. ਅਮਨਦੀਪ ਕੌਰ ਹੀਰਾ ਪ੍ਰਿੰਸੀਪਲ ਖਾਲਸਾ ਕਾਲਜ ਗੜ੍ਹਸ਼ੰਕਰ, ਡਾ. ਹਰਪ੍ਰੀਤ ਕੌਰ ਪ੍ਰਿੰਸੀਪਲ ਗੁਰੂ ਨਾਨਕ ਖਾਲਸਾ ਕਾਲਜ ਡਰੋਲੀ ਕਲਾਂ, ਡਾ. ਰਣਜੀਤ ਸਿੰਘ ਪ੍ਰਿੰਸੀਪਲ ਭਾਈ ਸੰਗਤ ਸਿੰਘ ਖ਼ਾਲਸਾ ਕਾਲਜ ਬੰਗਾ, ਹਰਵਿੰਦਰ ਕੌਰ ਪ੍ਰਿੰਸੀਪਲ। ਖ਼ਾਲਸਾ ਅਮਰਜੀਤ ਸੀਨੀਅਰ ਸੈਕੰਡਰੀ ਸਕੂਲ ਡੁਮੇਲੀ, ਪ੍ਰੋ.ਰਣਜੀਤ ਸਿੰਘ ਮਾਤਾ ਗੁਜਰੀ ਕਾਲਜ ਕਰਤਾਰਪੁਰ,ਪ੍ਰੋ. ਪਰਮਿੰਦਰ ਸਿੰਘ, ਐਡਵੋਕੇਟ ਜਸਵੰਤ ਸਿੰਘ, ਅੰਮ੍ਰਿਤਪਾਲ ਸਿੰਘ ਕੁਲਾਰ, ਜਸਵਿੰਦਰ ਸਿੰਘ ਬਸਰਾ, ਹਰਵਿੰਦਰ ਸਿੰਘ, ਗੁਰਦਿਆਲ ਸਿੰਘ ਲੱਖਪੁਰ, ਸ.ਜੈ ਦੀਪ ਸਿੰਘ,ਬਾਬਾ ਹਰਦੀਪ ਸਿੰਘ, ਰਮਨਪ੍ਰੀਤ ਸਿੰਘ ਨਿੱਝਰ ਹਰਦੇਵ ਸਿੰਘ, ਬਹਾਦਰ ਸਿੰਘ ਉਚੇਚੇ ਤੌਰ 'ਤੇ ਪਹੁੰਚੇ।

# ਬਰਸਟ ਨੇ ਪੰਚਾਇਤੀ ਚੋਣਾਂ ਦੇ ਜੇਤੂ ਉਮੀਦਵਾਰਾਂ ਨੂੰ ਦਿੱਤੀਆਂ ਵਧਾਈਆਂ



**ਚੰਡੀਗੜ੍ਹ, (ਗੁਰਜੀਤ ਬਿੱਲਾ)** ਆਮ ਆਦਮੀ ਪਾਰਟੀ ਪੰਜਾਬ ਦੇ ਸੂਬਾ ਜਨਰਲ ਸਕੱਤਰ ਅਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਨੇ ਪੰਚਾਇਤ ਚੋਣਾਂ ਵਿੱਚ ਜੇਤੂ ਸਾਰੇ ਉਮੀਦਵਾਰਾਂ ਨੂੰ ਵਧਾਈ ਦਿੱਤੀ।ਉਨ੍ਹਾਂ ਕਿਹਾ ਕਿ ਸਾਰੀਆਂ ਪੰਚਾਇਤਾਂ ਦਾ ਇੱਕੋ-ਇੱਕ ਏਜੰਡਾ ਪਿੰਡ ਦਾ ਸਰਵਪੱਖੀ ਵਿਕਾਸ ਹੋਣਾ ਚਾਹੀਦਾ ਹੈ।ਉਨ੍ਹਾਂ ਵੱਲੋਂ ਪਿੰਡ ਬਰਸਟ ਦੀ ਨਵੀਂ ਚੁਣੀ ਪੰਚਾਇਤ ਨੂੰ ਸਨਮਾਨਿਤ ਕਰਦਿਆਂ ਸਰਪੰਚ ਬਣੇ ਨਰਿੰਦਰ ਸਿੰਘ ਬਰਸਟ ਸਣੇ ਹੋਰਨਾਂ ਪਿੰਡਾਂ ਦੇ ਨਵੇਂ ਚੁਣੇ ਗਏ ਸਰਪੰਚਾਂ ਨੂੰ ਮੁਬਾਰਕਾਂ ਦਿੱਤੀ ਅਤੇ ਆਸ ਜਤਾਈ ਕਿ ਉਨ੍ਹਾਂ ਦੀ ਅਗਵਾਈ ਵਿੱਚ ਪਿੰਡ ਦਾ ਵਿਕਾਸ ਜੰਗੀ ਪੱਧਰ ਤੇ ਹੋਵੇਗਾ ਅਤੇ ਪੰਜਾਬ ਸਰਕਾਰ ਦੀ ਨੀਤੀਆਂ ਨੂੰ ਲੋਕਾਂ ਤੱਕ ਪਹੁੰਚਾਇਆ ਜਾਵੇਗਾ।ਉਨ੍ਹਾਂ ਕਿਹਾ ਕਿ ਪੰਚਾਇਤੀ ਚੋਣਾਂ ਲੋਕ ਰਾਜ ਦੀ ਨੀਂਹ ਹਨ, ਜੋ ਹਰ ਪੰਜ ਸਾਲ ਬਾਅਦ ਆਉਂਦੀਆਂ ਹਨ ਅਤੇ ਜਿਨ੍ਹਾਂ ਰਾਹੀਂ ਪੰਜਾਬ ਦੇ ਲੋਕ ਆਪਣੀ ਅਵਾਜ਼ ਬੁਲੰਦ ਕਰਦੇ ਹਨ ਅਤੇ ਆਪਣੇ ਅਧਿਕਾਰ ਦਾ ਇਸਤੇਮਾਲ ਕਰਦੇ ਹੋਏ ਪੰਚਾਇਤ ਦੀ ਚੋਣ ਕਰਦੇ ਹਨ। ਪੰਜਾਬ ਸਰਕਾਰ ਵੱਲੋਂ ਇਨ੍ਹਾਂ ਪੰਚਾਇਤੀ ਚੋਣਾਂ ਨੂੰ ਨਿਰਪੱਖ ਅਤੇ ਸ਼ਾਂਤੀਪੂਰਵਕ ਕਰਵਾਉਣਾ ਦੇ ਲਈ ਲਗਾਤਾਰ ਯਤਨ ਕੀਤੇ ਗਏ ਸਨ। ਉਸੇ ਦਾ ਨਤੀਜਾ ਹੈ ਕਿ ਇਹ ਚੋਣਾਂ ਸ਼ਾਂਤਮਈ ਢੰਗ ਨਾਲ ਹੋਇਆ ਹਨ। ਉਨ੍ਹਾਂ ਚੋਣ ਕਮਿਸ਼ਨ ਅਤੇ ਪੰਜਾਬ ਪੁਲਿਸ ਦਾ ਧੰਨਵਾਦ ਕਰਦਿਆਂ ਕਿਹਾ ਕਿ ਪੰਚਾਇਤੀ ਚੋਣਾਂ ਵਿੱਚ ਇੱਕਾ-ਦੁੱਕਾ ਘਟਨਾਵਾਂ ਤੋਂ ਇਲਾਵਾ ਚੋਣਾਂ ਅਮਨ-ਸ਼ਾਂਤੀ ਨਾਲ ਹੋਈਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਪਿੰਡ ਦਾ ਸਰਪੰਚ ਕਿਸੇ ਪਾਰਟੀ ਦਾ ਨਹੀਂ, ਸਗੋਂ ਪਿੰਡ ਦਾ ਹੁੰਦਾ ਹੈ, ਜੋ ਪਿੰਡ ਦੀ ਤਰੱਕੀ ਨੂੰ ਪਹਿਲ ਦਿੰਦਾ ਹੈ।ਸ੍ਰੀ ਬਰਸਟ ਨੇ ਕਿਹਾ ਕਿ ਲੋਕਾਂ ਵੱਲੋਂ ਚੁਣੀਆਂ ਪੰਚਾਇਤਾਂ ਨੂੰ ਪਿੰਡਾਂ ਦੇ ਵਿਕਾਸ ਨੂੰ ਅਹਿਮਿਅਤ ਦੇਣੀ ਚਾਹੀਦੀ ਹੈ, ਜਿਸਦੇ ਲਈ ਜ਼ਰੂਰੀ ਹੈ ਕਿ ਸਾਰੇ ਪਾਰਟੀਬਾਜੀ ਅਤੇ ਗੁੱਟਬਾਜੀ ਤੋਂ ਉੱਪਰ ਉੱਠ ਕੇ ਪਿੰਡਾਂ ਅਤੇ ਪੰਜਾਬ ਦੀ ਤਰੱਕੀ ਵਿੱਚ ਆਪਣਾ ਯੋਗਦਾਨ ਪਾਉਣ ਅਤੇ ਪੰਜਾਬ ਸਰਕਾਰ ਦੀ ਨੀਤੀਆਂ ਨੂੰ ਜਮੀਨੀ ਪੱਧਰ ਤੇ ਲੋਕਾਂ ਤੱਕ ਪਹੁੰਚਾਉਣ, ਤਾਂ ਜੋ ਆਮ ਲੋਕਾਂ ਨੂੰ ਪੰਜਾਬ ਸਰਕਾਰ ਵੱਲੋਂ ਦਿੱਤੀ ਜਾ ਰਹੀਆਂ ਸਹੂਲਤਾਂ ਦਾ ਲਾਭ ਮਿਲ ਸਕੇ ਅਤੇ ਪਿੰਡ ਵੀ ਤਰੱਕੀ ਦੀ ਰਾਹ ਤੇ ਅੱਗੇ ਵੱਧ ਸਕਣ। ਉਨ੍ਹਾਂ ਕਿਹਾ ਕਿ ਨਵੀਆਂ ਬਣੀਆਂ ਪੰਚਾਇਤਾਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਪਿੰਡਾਂ ਦੇ ਸਰਵਪੱਖੀ ਵਿਕਾਸ ਨੂੰ ਧਿਆਨ ਵਿੱਚ ਰੱਖ ਕੇ ਸ਼ਾਨਦਾਰ ਤਬਦੀਲੀਆਂ ਲਿਆਉਣ ਲਈ ਯਤਨਸ਼ੀਲ ਹੋਣ। ਉਨ੍ਹਾਂ ਸਾਰੀਆਂ ਨਵੀਆਂ ਪੰਚਾਇਤਾਂ ਨੂੰ ਅਪੀਲ ਕੀਤੀ ਕਿ ਉਹ ਪਿੰਡ ਵਾਸੀਆਂ ਦੇ ਵਿਸ਼ਵਾਸ ਨੂੰ ਕਾਇਮ ਰੱਖਦਿਆਂ ਤਨਦੇਹੀ ਅਤੇ ਇਮਾਨਦਾਰੀ ਨਾਲ ਕੰਮ ਕਰਨ।

# ਵਕੀਲ ਬੇਦੀ ਦੇ ਸਰਪੰਚ ਬਣਨ 'ਤੇ ਵਕੀਲ ਭਾਈਚਾਰੇ 'ਚ ਖੁਸ਼ੀ ਦੀ ਲਹਿਰ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਪਿੰਡ ਸਲੇਰਨ ਤੋਂ ਨਵਜਿੰਦਰ ਸਿੰਘ ਬੇਦੀ ਦੇ ਸਰਪੰਚ ਬਣਨ 'ਤੇ ਵਕੀਲ ਭਾਈਚਾਰੇ ਵਿੱਚ ਖੁਸ਼ੀ ਦੀ ਲਹਿਰ ਹੈ।ਜ਼ਿਲ੍ਹਾ ਕਚਹਿਰੀ ਪਹੁੰਚਣ 'ਤੇ ਵਕੀਲਾਂ ਵੱਲੋਂ ਉਹਨਾਂ ਨੂੰ ਸਨਮਾਨਿਤ ਕੀਤਾ ਗਿਆ।ਬਾਰ ਰੂਮ ਵਿੱਚ ਇਕੱਤਰ ਹੋਏ ਵਕੀਲਾਂ ਨੇ ਐਡਵੋਕੇਟ ਬੇਦੀ ਨੂੰ ਵਧਾਈ ਦਿੰਦਿਆਂ ਕਿਹਾ ਕਿ ਉਹਨਾਂ ਨੇ ਆਪਣੇ ਪਿਤਾ ਅਤੇ ਮਾਤਾ ਦੇ ਪਦ ਚਿੰਨਾ 'ਤੇ ਚਲਦਿਆਂ ਪਿੰਡ ਸਲੇਰਨ ਵਿੱਚ ਕਾਫੀ ਕੰਮ ਕਰਵਾਏ ਹਨ ਅਤੇ ਪਿੰਡ ਵਾਸੀਆਂ ਨੇ ਇੱਕ ਵਾਰ ਫਿਰ ਬੇਦੀ ਪਰਵਾਰ 'ਤੇ ਵਿਸ਼ਵਾਸ ਪ੍ਰਗਟਾ ਕੇ ਸੇਵਾ ਕਰਨ ਦਾ ਮੌਕਾ ਦਿੱਤਾ ਹੈ।ਇਸ ਮੌਕੇ ਐਡਵੋਕੇਟ ਬੇਦੀ ਨੇ ਕਿਹਾ ਕਿ ਉਹ ਜਨਤਾ ਦੇ ਸੇਵਕ ਦੇ ਰੂਪ ਵਿੱਚ ਪਿੰਡ ਦੇ ਵਿਕਾਸ ਲਈ 24 ਘੰਟੇ ਪਿੰਡ ਵਾਸੀਆਂ ਦੀ ਸੇਵਾ ਵਿੱਚ ਹਾਜ਼ਰ ਰਹਿਣਗੇ।ਉਹਨਾਂ ਕਿਹਾ ਕਿ ਪਿੰਡ ਹੀ ਉਹਨਾਂ ਦਾ ਅਸਲੀ ਘਰ ਹੈ ਅਤੇ ਘਰ ਨੂੰ ਵਧੀਆ ਅਤੇ ਖੂਬਸੂਰਤ ਬਣਾਉਣ ਵਿੱਚ ਉਹ ਕੋਈ ਘਾਟ ਨਹੀਂ ਛੱਡਣਗੇ।



# ਰੌਸ਼ਨ ਲਾਲ ਬਣੇ ਦੁਰਗਾਪੁਰ ਦੇ ਸਰਪੰਚ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਪਿੰਡ ਦੁਰਗਾਪੁਰ ਵਿਖੇ ਪੰਚਾਇਤੀ ਚੋਣ ਦੀ ਵਿੱਚ ਰੌਸ਼ਨ ਲਾਲ ਅਤੇ ਜਸਕਰਨ ਦਰਮਿਆਨ ਸਿੱਧਾ ਮੁਕਾਬਲਾ ਹੋਇਆ।ਜਿਸ ਵਿੱਚ ਰੋਸ਼ਨ ਲਾਲ ਜੇਤੂ ਰਿਹਾ।ਪੋਲਿੰਗ ਸਟਾਫ਼ ਦੇ ਇੰਚਾਰਜ ਅਜੇ ਕੁਮਾਰ ਨੇ ਦੱਸਿਆ ਕਿ ਪਿੰਡ ਦੀਆਂ ਕੁੱਲ 741 ਵੋਟਾਂ 'ਚੋਂ 457 ਵੋਟਾਂ ਪੋਲ ਹੋਈਆਂ ਜਿਸ 'ਚੋਂ 296 ਵੋਟਾਂ ਲੈ ਕੇ ਰੋਸ਼ਨ ਲਾਲ ਨੇ ਜਿੱਤ ਪ੍ਰਾਪਤ ਕੀਤੀ। ਜਸਕਰਨ ਨੂੰ 153 ਵੋਟਾਂ ਮਿਲੀਆਂ।ਪਰਮਿੰਦਰ ਕੌਰ ਬਿਨਾਂ ਮੁਕਾਬਲਾ ਪੰਚ ਚੁਣੀ ਗਈ।ਵਾਰਡ ਨੰਬਰ 1 ਵਿੱਚੋਂ ਗੁਰਿੰਦਰ ਕੌਰ 72 ਵੋਟਾਂ ਨਾਲ ਜੇਤੂ ਰਹੀ ਜਦਕਿ ਉਸਦੇ ਵਿਰੋਧੀ ਉਮੀਦਵਾਰ ਦਲਜੀਤ ਕੌਰ ਨੂੰ 33 ਵੋਟਾਂ ਮਿਲੀਆਂ।ਵਾਰਡ ਨੰਬਰ 2 ਵਿੱਚੋਂ ਉਮੀਦਵਾਰ ਸੋਨੂੰ 62 ਵੋਟਾਂ ਲੈ ਕੇ ਜੇਤੂ ਰਿਹਾ ਅਤੇ ਉਸਦੇ ਵਿਰੋਧੀ ਬਹਾਦਰ ਨੂੰ 33 ਵੋਟਾਂ ਮਿਲੀਆਂ।ਵਾਰਡ ਨੰਬਰ 3 ਵਿੱਚੋਂ ਸੁਰਜੀਤ ਰਾਮ 68 ਵੋਟਾਂ ਲੈ ਕੇ ਜੇਤੂ ਰਿਹਾ।ਵਾਰਡ ਨੰਬਰ 4 ਤੋਂ ਤਰਸੇਮ ਲਾਲ 41 ਵੋਟਾਂ ਲੈ ਕੇ ਜੇਤੂ ਰਿਹਾ।

ਚੁਣੇ ਗਏ ਸਰਪੰਚ ਰੌਸ਼ਨ ਲਾਲ ਨੇ ਦੱਸਿਆ ਕਿ ਉਸ ਨੂੰ ਜਿਤਾਉਣ ਵਿੱਚ ਸਾਬਕਾ ਸਰਪੰਚ ਤਲਜਿੰਦਰ ਸਿੰਘ, ਸਾਬਕਾ ਸਰਪੰਚ ਆਤਮਾ ਰਾਮ, ਰਾਮ ਲਾਲ, ਹਰਜਿੰਦਰ ਸਿੰਘ, ਦਿਲਾਵਰ ਸਿੰਘ, ਗੁਰਪਾਲ ਸਿੰਘ ਨੇ ਅਹਿਮ ਭੂਮਿਕਾਵਾਂ ਨਿਭਾਈਆਂ।ਉਨ੍ਹਾ ਜਿੱਤ ਦੇ ਲਈ ਪਿੰਡ ਵਾਸੀਆਂ ਦਾ ਧੰਨਵਾਦ ਕੀਤਾ।

# ਸ਼ੇਰਪੁਰ ਦੀ ਪੰਚਾਇਤ ਸਰਬਸੰਮਤੀ ਨਾਲ ਚੁਣੀ ਗਈ



**ਨੂਰਮਹਿਲ: ( ਬਾਲ ਕ੍ਰਿਸ਼ਨ ਬਾਲੀ)** ਪਿੰਡ ਸ਼ੇਰਪੁਰ ਦੀ ਪੰਚਾਇਤ ਦੀ ਚੋਣ ਸਰਬਸੰਮਤੀ ਨਾਲ ਕੀਤੀ ਗਈ, ਜਿਸ ਵਿੱਚ ਦਲਵੀਰ ਕੌਰ ਨੂੰ ਸਰਪੰਚ, ਵਾਰਡ ਨੰਬਰ 1 ਤੋਂ ਕੁਸ਼ੱਲਿਆ ਪੰਚ, ਵਾਰਡ ਨੰਬਰ 2 ਤੋਂ ਦਲਜੀਤ ਕੌਰ ਪੰਚ, ਵਾਰਡ ਨੰਬਰ 3 ਤੋਂ ਜਗਨ ਨਾਥ ਪੰਚ, ਵਾਰਡ ਨੰਬਰ 4 ਤੋਂ ਪ੍ਰਿਥਵੀ ਰਾਜ ਪੰਚ, ਵਾਰਡ ਨੰਬਰ 5 ਤੋਂ ਮੁੱਖਤਿਆਰ ਸਿੰਘ ਪੰਚ, ਵਾਰਡ ਨੰਬਰ 6 ਤੋਂ ਪ੍ਰਵੀਨ ਪੰਚ, ਵਾਰਡ ਨੰਬਰ 7 ਤੋਂ ਸੁੱਖਵਿੰਦਰ ਸਿੰਘ ਨੂੰ ਪੰਚ ਚੁਣਿਆ ਗਿਆ। ਇਸ ਮੌਕੇ ਪਿੰਡ ਸ਼ੇਰਪੁਰ ਦੀ ਚੁਣੀ ਗਈ ਸਰਪੰਚ ਦਲਵੀਰ ਕੌਰ ਨੇ ਸਮੂਹ ਪਿੰਡ ਵਾਸੀਆ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਪਿੰਡ ਵਾਸੀਆ ਨੇ ਜੋ ਸਾਨੂੰ ਜਿੰਮੇਦਾਰੀ ਸੰਭਾਲੀ ਹੈ ਉਸ ਨੂੰ ਪੂਰੀ ਜਿੰਮੇਦਾਰੀ ਨਾਲ ਨਿਭਾਵਾਗੇ ਪਿੰਡ ਵਾਸੀਆ ਦੇ ਸਹਿਜੋਗ ਦੇ ਨਾਲ ਪਿੰਡ ਦੇ ਵਿਕਾਸ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ ਜਾਵੇਗੀ। ਇਸ ਮੌਕੇ ਸਹਿਜੋਗ ਕਰਨ ਵਾਲਿਆ ਵਿੱਚ ਜਗਦੀਸ਼ ਸ਼ੇਰਪੁਰੀ, ਗਿਆਨ ਸਿੰਘ ਸਾਬਕਾ ਸਰਪੰਚ, ਰਮੇਸ਼ਪਾਲ ਲੰਬੜ, ਨਛੱਤਰ ਰਾਮ , ਜੀਤ ਰਾਮ, ਬਲਵੀਰ ਸਿੰਘ ਸਾਬਕਾ ਸਰਪੰਚ, ਜੋਗਿੰਦਰ ਸਿੰਘ, ਸੋਮ ਲਾਲ ਥਾਣਾ, ਅਮਰਜੀਤ ਸਾਬਕਾ ਪੰਚ, ਸੁਮੀਤ ਬਾਵਾ, ਮੱਖਣ ਸ਼ੇਰਪੁਰੀ, ਭਜਨ ਸਿੰਘ, ਨਰਿੰਦਰ ਸਿੰਘ, ਉਮ ਪ੍ਰਕਾਸ਼, ਸਵਰਨਾ ਰਾਮ, ਜਸਪਾਲ, ਅਵਤਾਰ ਸਿੰਘ, ਪਵਨ ਕੁਮਾਰ, ਸੁੱਖਵਿਦਰ ਸਿੰਘ, ਲਖਵਿੰਦਰ ਸਿੰਘ ਸੁਰੈਣਾ, ਮਨਜੀਤ ਸਿੰਘ, ਜਸਵਿੰਦਰ ਕੌਰ ਸਾਬਕਾ ਚੈਅਰ ਪਰਸਨ, ਡਾ. ਪਰਮਜੀਤ, ਡਾ. ਕਮਲਜੀਤ, ਗੁਰਮੇਲ ਚੰਦ, ਰਾਮ ਲੁਭਾਇਆ ਸਬਕਾ ਪੰਚ, ਜੀਵਨ ਲਾਲ, ਬਲਜੀਤ ਸਿੰਘ ਭੰਗੂ, ਮਨਜੀਤ ਸਿੰਘ ਸਾਬਕਾ ਪੰਚ, ਪਰਮਜੀਤ ਕੌਰ ਸਾਬਕਾ ਸਰਪੰਚ, ਬੂਟਾ ਰਾਮ, ਪਿਆਰਾ ਲਾਲ, ਸੋਮ ਨਾਥ, ਕੁਲਵੀਰ ਸਿੰਘ, ਜਗੀਰ ਸਿੰਘ, ਗੁਰਦਾਵਰ ਸਿੰਘ, ਸੁਖਵੰਤ ਸਿੰਘ, ਰਾਮ ਕਿਸ਼ਨ, ਰੂਪ ਚੰਦ, ਬਲਵੀਰ ਚੰਦ, ਹੈਪੀ, ਸੁਭਾਸ਼ ਚੰਦਰ, ਰਕੇਸ਼ ਕੁਮਾਰ, ਮੁਲਖ ਰਾਜ ਸਾਬਕਾ ਪੰਚ, ਕੁਲਵਿੰਦਰ ਕੌਰ ਸਾਬਕਾ ਪੰਚ, ਵਿਦਿਆ ਸਾਬਕਾ ਪੰਚ, ਸਰਬਜੀਤ ਕੌਰ ਸਾਬਕਾ ਸਰਪੰਚ ਅਤੇ ਹੋਰ ਪਿੰਡ ਵਾਸੀਆ ਦਾ ਪੂਰਨ ਸਹਿਜੋਗ ਰਿਹਾ।

# ਜਥੇਦਾਰ ਮੁਖ਼ਤਾਰ ਸਿੰਘ ਚੀਨੀਆ ਸਰਬਸੰਮਤੀ ਨਾਲ ਬਣੇ ਗਿੱਦੜਪਿੰਡੀ ਦੇ ਸਰਪੰਚ



**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)** ਵਿਧਾਨ ਸਭਾ ਹਲਕਾ ਸ਼ਾਹਕੋਟ ਦੇ ਸਭ ਤੋਂ ਵੱਡੇ ਪਿੰਡਾਂ ਵਜੋਂ ਜਾਣੇ ਜਾਂਦੇ ਸਬ ਤਹਿਸੀਲ ਲੋਹੀਆ ਦੇ ਪਿੰਡ ਗਿੱਦੜ ਪਿੰਡੀ ਦੇ ਵੋਟਰਾਂ ਨੇ ਭਾਈਚਾਰਕ ਸਾਂਝ ਦਾ ਸਬੂਤ ਦਿੰਦੇ ਹੋਏ ਨਵੀਂ ਪੰਚਾਇਤ ਦੀ ਸਰਬਸੰਮਤੀ ਨਾਲ ਚੋਣ ਕਰਕੇ ਜੱਥੇਦਾਰ ਮੁਖ਼ਤਾਰ ਸਿੰਘ ਚੀਨੀਆ ਨੂੰ ਸਰਬਸੰਮਤੀ ਨਾਲ ਪਿੰਡ ਦਾ ਸਰਪੰਚ ਚੁਣਿਆ ਹੈ। ਇਸ ਦੇ ਨਾਲ ਪਿੰਡ ਵਾਸੀਆਂ ਵੱਲੋਂ ਬਾਕੀ ਦੇ 9 ਪੰਚਾਂ ਦੀ ਚੋਣ ਜਿੰਨ੍ਹਾਂ ਵਿਚ ਮਨਜੀਤ ਕੌਰ, ਜਸਵਿੰਦਰ ਸਿੰਘ, ਦਲਜੀਤ ਸਿੰਘ, ਜਸਵਿੰਦਰ ਸਿੰਘ ਜੰਮੂ, ਲਖਬੀਰ ਕੌਰ, ਜਸਪ੍ਰੀਤ ਸਿੰਘ, ਅਮਨਦੀਪ ਕੌਰ, ਕਮਲਜੀਤ ਕੌਰ ਅਤੇ ਹਰਜਿੰਦਰ ਕੌਰ ਨੂੰ ਸਰਬਸੰਮਤੀ ਨਾਲ ਕੀਤੀ ਗਈ ਹੈ। ਦੱਸਣਯੋਗ ਹੈ ਕਿ ਇਹ ਲਗਾਤਾਰ ਤੀਜੀ ਵਾਰ ਹੋਇਆ ਹੈ ਜਦੋਂ ਪਿੰਡ ਵਾਸੀਆਂ ਨੇ ਬਿਨ੍ਹਾਂ ਵੋਟਾਂ ਪਾਏ ਤੀਸਰੀ ਵਾਰ ਪੰਚਾਇਤ ਦੀ ਚੋਣ ਸਰਬਸੰਮਤੀ ਨਾਲ ਕੀਤੀ ਹੈ। ਇਸ ਤੋਂ ਪਹਿਲਾ ਬਣੀਆ 2 ਪੰਚਾਇਤਾਂ ਵੀ ਸਰਬਸੰਮਤੀ ਨਾਲ ਹੀ ਬਣੀਆਂ ਸਨ।ਵਿਦੇਸ਼ੀ ਧਰਤੀ 'ਤੇ ਜਾ ਵਸੇ ਨੌਜਵਾਨਾਂ ਵੱਲੋਂ ਪਿੰਡ ਵਾਸੀਆਂ ਦੇ ਫ਼ੈਸਲੇ ਦੀ ਸ਼ਲਾਘਾ ਕਰਦਿਆਂ ਨਵੀਂ ਚੁਣੀ ਪੰਚਾਇਤ ਨੂੰ ਪਿੰਡ ਦੇ ਭਲਾਈ ਕਾਰਜਾਂ ਲਈ ਸ਼ੁਭਕਾਮਨਾਵਾ ਦਿੱਤੀਆਂ। ਪ੍ਰੈੱਸ ਨਾਲ ਗੱਲਬਾਤ ਕਰਦਿਆਂ ਸਰਪੰਚ ਮੁਖ਼ਤਾਰ ਸਿੰਘ ਚੀਨੀਆ ਨੇ ਆਖਿਆ ਕਿ ਪਿੰਡ ਵਾਸੀਆਂ ਨੇ ਜਿਸ ਚੰਗੀ ਸੋਚ ਨਾਲ ਨਵੀਂ ਪੰਚਾਇਤ ਨੂੰ ਚੁਣਿਆ ਹੈ ਉਹ ਪੂਰੀ ਇਮਾਨਦਾਰੀ ਤੇ ਲਗਨ ਨਾਲ ਪਿੰਡ ਦੇ ਲੋਕਾਂ ਦੀ ਸੇਵਾ ਲਈ ਤੱਤਪਰ ਰਹਿਣਗੇ।

# ਝੋਨੇ ਦੀ ਖਰੀਦ ਨੇ ਫੜੀ ਰਫ਼ਤਾਰ, 1.16 ਲੱਖ ਮੀਟਰਕ ਟਨ ਦੀ ਖਰੀਦ



**ਫਗਵਾੜਾ, (ਡਾ. ਰਮਨ)** ਜ਼ਿਲ੍ਹੇ ਦੀਆਂ ਮੰਡੀਆਂ 'ਚ ਝੋਨੇ ਦੀ ਖਰੀਦ ਨੇ ਰਫ਼ਤਾਰ ਫੜ ਲਈ ਹੈ ਅਤੇ ਬੀਤੇ ਕੱਲ ਤੱਕ ਸਰਕਾਰੀ ਖਰੀਦ ਏਜੰਸੀਆਂ ਵਲੋਂ ਖਰੀਦੇ ਗਏ ਝੋਨੇ ਦੇ ਬਦਲੇ ਕਿਸਾਨਾਂ ਦੇ ਖਾਤਿਆਂ 'ਚ 197.74 ਕਰੋੜ ਰੁਪਏ ਦੀ ਬਣਦੀ ਅਦਾਇਗੀ ਕੀਤੀ ਜਾ ਚੁੱਕੀ ਹੈ।ਡਿਪਟੀ ਕਮਿਸ਼ਨਰ ਅਮਿਤ ਕੁਮਾਰ ਪੰਚਾਲ ਨੇ ਦੱਸਿਆ ਕਿ ਚਾਲੂ ਸੀਜ਼ਨ 2024-25 ਦੌਰਾਨ ਜ਼ਿਲ੍ਹੇ ਭਰ ਵਿਚ 7 ਲੱਖ 60 ਹਜ਼ਾਰ ਮੀਟਰਕ ਟਨ ਤੋਂ ਵੱਧ ਝੋਨੇ ਦੀ ਆਮਦ ਦਾ ਟੀਚਾ ਮਿੱਥਿਆ ਗਿਆ ਹੈ ਅਤੇ ਜਿਸ ਤਹਿਤ ਹੁਣ ਤੱਕ ਜ਼ਿਲ੍ਹੇ ਦੀਆਂ ਮੰਡੀਆਂ 'ਚ 1 ਲੱਖ 18 ਹਜ਼ਾਰ ਮੀਟਰਕ ਟਨ ਤੋਂ ਵੱਧ ਝੋਨੇ ਦੀ ਆਮਦ ਦਰਜ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਵੱਖ-ਵੱਖ ਖਰੀਦ ਏਜੰਸੀਆਂ ਵਲੋਂ 1 ਲੱਖ 16 ਹਜ਼ਾਰ ਮੀਟਰਕ ਟਨ ਦੇ ਕਰੀਬ ਝੋਨੇ ਦੀ ਖਰੀਦ ਕੀਤੀ ਜਾ ਚੁੱਕੀ ਹੈ, ਜੋ ਆਮਦ ਹੋਏ ਝੋਨੇ ਦੀ ਖਰੀਦ ਦਾ 97 ਫੀਸਦੀ ਬਣਦਾ ਹੈ।ਉਨ੍ਹਾਂ ਦੱਸਿਆ ਕਿ ਖਰੀਦੀ ਗਈ ਜਿਣਸ ਦੇ ਬਦਲੇ 197.74 ਕਰੋੜ ਰੁਪਏ ਦੀ ਅਦਾਇਗੀ ਕਿਸਾਨਾਂ ਦੇ ਖਾਤਿਆਂ ਵਿਚ ਮਿੱਥੇ ਸਮੇਂ ਦੌਰਾਨ ਕੀਤੀ ਜਾ ਚੁੱਕੀ ਹੈ।ਉਨ੍ਹਾਂ ਦੱਸਿਆ ਕਿ ਖਰੀਦੇ ਗਏ ਕੁੱਲ 115100.40 ਮੀਟਰਕ ਟਨ ਝੋਨੇ ਵਿਚ ਪਨਗਰੇਨ ਵਲੋਂ 39350.42 ਮੀਟਰਕ ਟਨ, ਮਾਰਕਫੈੱਡ ਵਲੋਂ 37867.48 ਮੀਟਰਕ ਟਨ, ਪਨਸਪ ਵਲੋਂ 27666.50 ਮੀਟਰਕ ਟਨ, ਪੰਜਾਬ ਸਟੇਟ ਵੇਅਰ ਹਾਊਸ ਕਾਰਪੋਰੇਸ਼ਨ ਵਲੋਂ 9346 ਮੀਟਰਕ ਟਨ ਖਰੀਦ ਕੀਤੀ ਗਈ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਮੰਡੀਆਂ ਵਿਚ ਪੀਣ ਵਾਲਾ ਪਾਣੀ, ਸ਼ੈੱਡ ਅਤੇ ਤਰਪਾਲਾਂ ਤੋਂ ਇਲਾਵਾ ਹੋਰ ਲੋੜੀਂਦੀਆਂ ਸਹੂਲਤਾਂ ਉਪਲਬਧ ਹਨ ਤਾਂ ਜੋ ਕਿਸਾਨਾਂ ਨੂੰ ਮੰਡੀ ਵਿਚ ਲਿਆਂਦੀ ਫਸਲ ਨੂੰ ਵੇਚਨ ਸਮੇਂ ਕਿਸੇ ਵੀ ਤਰ੍ਹਾਂ ਦੀ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਕਿਹਾ ਕਿ ਅਧਿਕਾਰੀਆਂ ਨੂੰ ਕਿਸਾਨਾਂ ਦੀ ਖਰੀਦੀ ਗਈ ਫਸਲ ਦੀ ਅਦਾਇਗੀ ਸਮੇਂ ਸਿਰ ਕਰਨ ਦੇ ਵੀ ਨਿਰਦੇਸ਼ ਦਿੱਤੇ ਗਏ ਹਨ।ਉਨ੍ਹਾਂ ਕਿਸਾਨਾਂ ਨੂੰ ਪੁਰਜ਼ੋਰ ਅਪੀਲ ਕਰਦਿਆਂ ਕਿਹਾ ਕਿ ਮੰਡੀਆਂ ਵਿਚ ਸੁੱਕਾ ਝੋਨਾ ਹੀ ਲਿਆਉਣਾ ਯਕੀਨੀ ਬਣਾਇਆ ਜਾਵੇ ਤਾਂ ਜੋ ਉਨ੍ਹਾਂ ਦੀ ਜਿਣਸ ਦੀ ਸਮੇਂ ਸਿਰ ਖਰੀਦ ਮੁਕੰਮਲ ਕੀਤੀ ਜਾ ਸਕੇ।ਉਨ੍ਹਾਂ ਕਿਹਾ ਕਿ ਰਾਤ ਦੇ ਸਮੇਂ ਝੋਨੇ ਦੀ ਕਟਾਈ ਨਾ ਕੀਤੀ ਜਾਵੇ ਅਤੇ ਝੋਨੇ ਦੀ ਨਾੜ ਨੂੰ ਅੱਗ ਲਾਉਣ ਤੋਂ ਖੁਰੇਜ ਕੀਤਾ ਜਾਵੇ ਤਾਂ ਜੋ ਝੋਨੇ ਦੀ ਰਹਿੰਦ-ਖੂੰਹਦ ਨੂੰ ਅੱਗ ਲਾਉਣ ਤੋਂ ਪੈਦਾ ਹੁੰਦੀਆਂ ਬਿਮਾਰੀਆਂ ਅਤੇ ਵਾਤਾਵਰਨ 'ਤੇ ਪੈਂਦੇ ਮਾੜੇ ਪ੍ਰਭਾਵਾਂ ਤੋਂ ਬਚਿਆ ਜਾ ਸਕੇ।

# ਬਲੱਡ ਬੈਂਕ ਨੇ 190ਵੇਂ ਮਾਸਿਕ ਸਮਾਗਮ ਦੌਰਾਨ ਲੋੜਵੰਦ ਔਰਤਾਂ ਨੂੰ ਵੰਡਿਆ ਰਾਸ਼ਨ



**ਫਗਵਾੜਾ (ਡਾ. ਰਮਨ)** ਬਲੱਡ ਬੈਂਕ ਗੁਰੂ ਹਰਗੋਬਿੰਦ ਨਗਰ ਫਗਵਾੜਾ ਵਿਖੇ ਬਲੱਡ ਬੈਂਕ ਦੇ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ ਦੀ ਦੇਖ-ਰੇਖ ਹੇਠ 190ਵਾਂ ਮਾਸਿਕ ਰਾਸ਼ਨ ਵੰਡ ਸਮਾਗਮ ਕਰਵਾਇਆ ਗਿਆ। ਇਸ ਦੌਰਾਨ ਮੁੱਖ ਮਹਿਮਾਨ ਵਜੋਂ ਐਨ ਆਰ ਆਈ ਸੁੱਚਾ ਸਿੰਘ ਰਾਣੀਪੁਰ ਨੇ ਸ਼ਿਰਕਤ ਕੀਤੀ।ਉਹਨਾਂ ਨੇ 65 ਲੋੜਵੰਦ ਔਰਤਾਂ ਨੂੰ ਇੱਕ ਮਹੀਨੇ ਦਾ ਰਾਸ਼ਨ ਵੰਡਣ ਦੀ ਆਰੰਭਤਾ ਕਰਵਾਈ ਅਤੇ ਬਲੱਡ ਬੈਂਕ ਵੱਲੋਂ ਕੀਤੀ ਜਾ ਰਹੀ ਸਮਾਜ ਸੇਵਾ ਦੀ ਭਰਪੂਰ ਸ਼ਲਾਘਾ ਕਰਦਿਆਂ ਆਪਣੇ ਵਲੋਂ ਵੀ ਇਸ ਨੇਕ ਕਾਰਜ ਵਿਚ ਆਰਥਕ ਸਹਿਯੋਗ ਦਾ ਭਰੋਸਾ ਦਿੱਤਾ। ਮਲਕੀਅਤ ਸਿੰਘ ਰਘਬੋਤਰਾ ਨੇ ਅਨੁਸਾਰ ਕਿ ਪਿਛਲੇ ਕਰੀਬ 16 ਸਾਲਾਂ ਤੋਂ ਇਹ ਰਾਸ਼ਨ ਵੰਡਣ ਦੀ ਸੇਵਾ ਨਿਰੰਤਰ ਜਾਰੀ ਹੈ। ਉਹਨਾਂ ਦੱਸਿਆ ਕਿ ਇਸ ਵਾਰ ਦੇ ਰਾਸ਼ਨ ਵੰਡ ਸਮਾਗਮ ਵਿਚ ਡਾ. ਅਮਰਜੀਤ ਚੌਸਰ ਦੀ ਬਰਸੀ ਮੌਕੇ ਉਹਨਾਂ ਦੇ ਪਰਿਵਾਰ ਦਾ ਵਿਸ਼ੇਸ਼ ਸਹਿਯੋਗ ਪ੍ਰਾਪਤ ਹੋਇਆ। ਇਸ ਤੋਂ ਇਲਾਵਾ ਹਰ ਮਹੀਨੇ ਵੰਡੇ ਜਾਣ ਵਾਲੇ ਰਾਸ਼ਨ ਵਿਚ ਸਮਾਜ ਸੇਵਕ ਰਾਜਿੰਦਰ ਸਿੰਘ ਕੋਛੜ (ਖੰਡ ਵਾਲੇ), ਰਮੇਸ਼ ਗਾਬਾ, ਰਮੇਸ਼ ਦੁੱਗਲ, ਮਨੀਸ਼ ਬੱਤਰਾ, ਤਾਰਾ ਚੰਦ ਚੁੰਬਰ, ਅਵਤਾਰ ਸਿੰਘ ਕੋਛੜ, ਰਾਜੀਵ. ਕੁਮਰਾ, ਐਨ ਆਰ ਆਈ ਸਤਪਾਲ ਵਰਮਾ, ਹਰਸ਼ ਵੀਰਜੀ ਛਾਬੜਾ, ਰਮਨ ਨਹਿਰਾ, ਸੋਨੀ ਦੁੱਗਲ ਅਤੇ ਐਡਵੋਕੇਟ ਅੰਕਿਤ ਢੀਂਗਰਾ ਆਦਿ ਦਾ ਲਗਾਤਾਰ ਸਹਿਯੋਗ ਮਿਲ ਰਿਹਾ ਹੈ। ਇਸ ਮੌਕੇ ਵਿਸ਼ਵਾ ਮਿੱਤਰ ਸ਼ਰਮਾ, ਰਮੇਸ਼ ਦੁੱਗਲ, ਚੰਦਰ ਮੋਹਨ ਨਰੂਲਾ ਵਿਪਨ ਖੁਰਾਣਾ ਪ੍ਰਧਾਨ ਜਨਤਾ ਸੇਵਾ ਸੰਮਤੀ, ਮੋਹਨ ਲਾਲ ਤਨੇਜਾ, ਸੁਧਾ ਬੇਦੀ ਆਦਿ ਹਾਜਰ ਸਨ।

# ਗੁਰਚਰਨ ਸਿੰਘ ਮਿੰਟੂ ਬੋਹਣ ਦੇ ਬਣੇ ਸਰਪੰਚ



**ਹੁਸ਼ਿਆਰਪੁਰ (ਓ ਪੀ ਰਾਣਾ)** ਹਲਕਾ ਚੱਬੇਵਾਲ ਦੇ ਪਿੰਡ ਬੋਹਣ ਦੀ ਗ੍ਰਾਮ ਪੰਚਾਇਤ ਲਈ ਹੋਈ ਚੋਣ ਵਿੱਚ ਗੁਰਚਰਨ ਸਿੰਘ ਮਿੰਟੂ ਸਰਪੰਚ ਚੁਣੇ ਗਏ ਹਨ। ਉਨ੍ਹਾਂ 837 ਵੋਟਾਂ ਪ੍ਰਾਪਤ ਕਰਕੇ ਜਿੱਤ ਹਾਸਲ ਕੀਤੀ।ਜਾਣਕਾਰੀ ਅਨੁਸਾਰ ਗੁਰਚਰਨ ਸਿੰਘ ਮਿੰਟੂ ਨੂੰ 837 ਅਤੇ ਗੁੱਲੂ ਰਾਮ ਨੂੰ 583 ਵੋਟਾਂ ਪਈਆਂ।ਸ਼ੁਕਰਾਨੇ ਵਜੋਂ ਡੇਰਾ 108 ਸੰਤ ਸ਼ੀਤਲ ਦਾਸ ਬੋਹਣ ਵਿਖੇ ਨਤਮਸਤਿਕ ਹੋ ਕੇ ਡੇਰੇ ਦੇ ਗੱਦੀ ਨਸ਼ੀਨ ਸੰਤ ਸਰਵਣ ਦਾਸ ਤੋਂ ਅਸ਼ੀਰਵਾਦ ਪ੍ਰਾਪਤ ਕੀਤਾ।ਇਸ ਮੌਕੇ ਗੁਰਚਰਨ ਸਿੰਘ ਨੇ ਸਮੂਹ ਨਗਰ ਬੋਹਣ ਵਾਸੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਬਿਨਾਂ ਕਿਸੇ ਭੇਦ ਭਾਵ ਦੇ ਪਿੰਡ ਦਾ ਸਰਬਪੱਖੀ ਵਿਕਾਸ ਕਰਵਾਉਣਗੇ ਅਤੇ ਪਿੰਡ ਵਾਸੀਆਂ ਦੀ ਹਰ ਸਮੱਸਿਆ ਨੂੰ ਪਹਿਲ ਦੇ ਅਧਾਰ 'ਤੇ ਹੱਲ ਕਰਨ ਦਾ ਯਤਨ ਕਰਨਗੇ।ਇਸ ਮੌਕੇ ਚੁਣੇ ਗਏ ਪੰਚਾਇਤ ਮੈਂਬਰ ਬਲਰਾਜ ਸਿੰਘ ਫੌਜੀ, ਨੀਲਮ ਬੱਧਣ, ਮਨਦੀਪ ਸਿੰਘ ਸੈਣੀ, ਕ੍ਰਿਸ਼ਨ ਕੁਮਾਰ, ਕਰਨੈਲ ਸਿੰਘ ਕੇਲੀ, ਸਰਬਜੀਤ ਕੌਰ, ਪਰਮਜੀਤ ਕੌਰ ਅਤੇ ਨਗਰ ਨਿਵਾਸੀ ਹਰਦੀਪ ਸਿੰਘ ਲੌਂਗੀਆਂ, ਪਰਮਜੀਤ ਪੰਮੀ, ਹਰਜਿੰਦਰ ਸਿੰਘ ਪੰਚ, ਰਣਬੀਰ ਸਿੰਘ, ਹਰਪ੍ਰੀਤ ਭਾਟੀਆ, ਧਰਮਵੀਰ ਵੀ ਹਾਜ਼ਰ ਸਨ।

# ਨਰਿੰਦਰ ਕੌਰ ਸੂਰੀ ਬਣੀ ਲੋਹਟ ਤੋਂ ਸਰਪੰਚ



**ਬਲਾਚੌਰ (ਜਸਵਿੰਦਰ ਬੈਂਸ)** ਤਹਿਸੀਲ ਬਲਾਚੌਰ ਤੋਂ ਪਿੰਡ ਲੋਹਟ ਤੋਂ ਸਰਪੰਚੀ ਉਮੀਦਵਾਰ ਸ਼੍ਰੀਮਤੀ ਨਰਿੰਦਰ ਕੌਰ ਸੂਰੀ ਜੇਤੂ ਕਰਾਰ ਰਹੇ। ਨਰਿੰਦਰ ਕੌਰ ਦੀ ਜਿੱਤ ਦੀ ਖਬਰ ਨਾਲ ਪਿੰਡ 'ਚ ਹੀ ਨਹੀਂ ਸਗੋਂ ਇਲਾਕੇ 'ਚ ਵੀ ਖੁਸ਼ੀ ਦੀ ਲਹਿਰ ਹੈ।

ਯਾਦ ਰਹੇ ਕਿ ਡਾਕਟਰ ਉਜਾਗਰ ਸਿੰਘ ਸੂਰੀ ਵੀ ਪਿੰਡ ਲੋਹਟ ਦੇ ਸਰਪੰਚ ਰਹਿ ਚੁੱਕੇ ਹਨ, ਇਸ ਮੌਕੇ ਉਹਨਾਂ ਦੇ ਘਰ ਵਧਾਈਆਂ ਦੇਣ ਵਾਲਿਆਂ ਦਾ ਠਾਠਾ ਮਾਰਦਾ ਇੱਕਠ ਲੱਗਾ ਹੋਇਆ ਹੈ।

# ਜਸਪਾਲ ਸਿੰਘ ਨੇ ਸਰਪੰਚ ਬਣਨ 'ਤੇ ਪਿੰਡ ਵਾਸੀਆਂ ਦਾ ਕੀਤਾ ਧੰਨਵਾਦ



**ਬਲਾਚੌਰ ( ਜਸਵਿੰਦਰ ਬੈਂਸ)** ਗ੍ਰਾਮ ਪੰਚਾਇਤ ਪਿੰਡ ਗਰਲੋ ਬੇਟ ਤੋਂ ਨਵੇਂ ਬਣੇ ਸਰਪੰਚ ਜਸਪਾਲ ਸਿੰਘ ਨੇ ਪਿੰਡ ਗਰਲੋ ਵਾਸੀਆਂ ਦਾ ਧੰਨਵਾਦ ਕੀਤਾ।ਇਸ ਮੌਕੇ ਉਨ੍ਹਾਂ ਨੇ ਕਿਹਾ ਕਿ ਪਿੰਡ ਵਾਸੀਆਂ ਦੇ ਪਿਆਰ ਅਤੇ ਸਤਿਕਾਰ ਸਦਕਾ ਉਨ੍ਹਾਂ ਨੂੰ ਸਰਪੰਚੀ ਮਿਲੀ ਹੈ ਉਨ੍ਹਾਂ ਨੇ ਇਸ ਜਿੱਤ ਲਈ ਸਾਰੇ ਪਿੰਡ ਵਾਸੀਆਂ ਦਾ ਦਿਲੋਂ ਧੰਨਵਾਦ ਕੀਤਾ ਅਤੇ ਕਿਹਾ ਕਿ ਉਹ ਪਿੰਡ ਦੀ ਤਰੱਕੀ ਖੁਸ਼ਹਾਲੀ ਲਈ ਦਿਨ ਰਾਤ ਇੱਕ ਕਰਕੇ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਪਿੰਡ ਦੀ ਸੇਵਾ ਕਰਨਗੇ।ਇਸ ਮੌਕੇ ਉਹਨਾਂ ਨੇ ਕਿਹਾ ਕਿ ਉਹ ਪਿੰਡ ਦੇ ਵਿਕਾਸ ਕਾਰਜਾਂ ਵਿੱਚ ਕਿਸੇ ਵੀ ਕਿਸਮ ਦੀ ਕੋਈ ਵੀ ਕਮੀ ਨਹੀਂ ਆਉਣ ਦੇਣਗੇ ਅਤੇ ਪਿੰਡ ਦਾ ਵਿਕਾਸ ਪਹਿਲ ਦੇ ਆਧਾਰ 'ਤੇ ਕੀਤਾ ਜਾਵੇਗਾ।

# ਸ਼ਾਂਤਮਈ ਵੋਟਿੰਗ ਲਈ ਵੋਟਰਾਂ ਤੇ ਪੋਲਿੰਗ ਸਟਾਫ਼ ਦਾ ਧੰਨਵਾਦ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓਮ ਪ੍ਰਕਾਸ਼ ਰਾਣਾ)** ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਕੋਮਲ ਮਿੱਤਲ ਨੇ ਦੱਸਿਆ ਕਿ ਜ਼ਿਲ੍ਹੇ ਵਿਚ ਪੰਚਾਇਤਾਂ ਲਈ ਵੋਟਿੰਗ ਅਮਨ-ਅਮਾਨ ਨਾਲ ਮੁਕੰਮਲ ਹੋਈ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹੇ ਦੇ 10 ਬਲਾਕਾਂ ਵਿਚ 1405 ਗਰਾਮ ਪੰਚਾਇਤਾਂ ਹਨ ਅਤੇ ਪੋਲਿੰਗ ਬੂਥਾਂ ਦੀ ਗਿਣਤੀ 1683 ਹੈ।ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿਚ ਸਰਪੰਚ ਅਹੁਦੇ ਲਈ ਕੁਲ 2730 ਅਤੇ ਪੰਚ ਅਹੁਦੇ ਲਈ 6751 ਉਮੀਦਵਾਰਾਂ ਨੇ ਚੋਣ ਲੜੀ ਹੈ।ਜ਼ਿਲ੍ਹੇ ਵਿਚ 265 ਪੰਚਾਇਤਾਂ ਸਰਬਸੰਮਤੀ ਨਾਲ ਪਹਿਲਾਂ ਹੀ ਚੁਣ ਲਈਆਂ ਗਈਆਂ ਹਨ।ਡਿਪਟੀ ਕਮਿਸ਼ਨਰ ਨੇ ਚੋਣ ਪ੍ਰਕਿਰਿਆ ਵਿਚ ਡਿਊਟੀ ਨਿਭਾਉਣ ਵਾਲੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਉਨ੍ਹਾਂ ਵਲੋਂ ਜ਼ਿੰਮੇਵਾਰੀ ਨਾਲ ਨਿਭਾਈ ਗਈ ਡਿਊਟੀ ਕਾਰਨ ਹੀ ਸਫ਼ਲਤਾਪੂਰਵਕ ਚੋਣਾਂ ਮੁਕੰਮਲ ਹੋਈਆਂ ਹਨ।ਉਨ੍ਹਾਂ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ਵਾਲੇ ਸਮੂਹ ਵੋਟਰਾਂ ਦੀ ਪ੍ਰਸ਼ੰਸਾ ਅਤੇ ਧੰਨਵਾਦ ਕੀਤਾ।ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਐਸ.ਐਸ.ਪੀ ਸੁਰੇਂਦਰ ਲਾਂਬਾ ਸਮੇਤ ਅੱਜ ਵੱਖ-ਵੱਖ ਪੋਲਿੰਗ ਬੂਥਾਂ ਦਾ ਦੌਰਾ ਕਰਕੇ ਚੋਣ ਪ੍ਰਕਿਰਿਆ ਦਾ ਜਾਇਜ਼ਾ ਲਿਆ।ਇਸ ਦੌਰਾਨ ਉਨ੍ਹਾਂ ਪਿੰਡ ਅੱਜੋਵਾਲ, ਆਦਮਵਾਲ, ਬਜਵਾੜਾ, ਹਰਦੋਖਾਨਪੁਰ, ਰਾਮ ਕਲੋਨੀ ਕੈਂਪ ਅਤੇ ਜਹਾਨਖੇਲਾਂ ਅਤੇ ਹੋਰ ਥਾਵਾਂ ਦੇ ਪੋਲਿੰਗ ਬੂਥਾਂ 'ਤੇ ਪਹੁੰਚ ਕੇ ਸਮੁੱਚੀ ਪ੍ਰਕਿਰਿਆ ਦਾ ਜਾਇਜ਼ਾ ਲਿਆ ਅਤੇ ਉਥੇ ਮੌਜੂਦ ਅਧਿਕਾਰੀਆਂ ਨਾਲ ਗੱਲਬਾਤ ਵੀ ਕੀਤੀ।ਐਸ ਐਸ ਪੀ ਸੁਰੇਂਦਰ ਲਾਂਬਾ ਨੇ ਸੁਰੱਖਿਆ ਵਿਵਸਥਾ ਦਾ ਜਾਇਜ਼ਾ ਲਿਆ।ਉਨ੍ਹਾਂ ਕਿਹਾ ਕਿ ਸ਼ਾਂਤਮਈ ਢੰਗ ਨਾਲ ਚੋਣ ਅਮਲ ਨੇਪਰੇ ਚਾੜ੍ਹਨ ਨੂੰ ਯਕੀਨੀ ਬਣਾਉਣ ਸੁਰੱਖਿਆ ਦੇ ਪੁਖਤਾ ਇੰਤਜ਼ਾਮ ਕੀਤੇ ਗਏ ਸਨ ਅਤੇ ਵੱਖ-ਵੱਖ ਥਾਵਾਂ 'ਤੇ ਲੋੜੀਂਦੇ ਮੁਲਾਜ਼ਮ ਤਾਇਨਾਤ ਸਨ।

**ਨਵਾਂਸ਼ਹਿਰ, ( ਕੁਲਵਿੰਦਰ ਸਿੰਘ ਦੁਰਗਾਪੁਰੀਆ)** -ਜ਼ਿਲ੍ਹੇ ਵਿਚ ਪੰਚਾਇਤੀ ਚੋਣਾਂ ਦਾ ਕੰਮ ਅਮਨ-ਅਮਾਨ ਤੇ ਨਿਰਵਿਘਨ ਢੰਗ ਨਾਲ ਨੇਪਰੇ ਚੜ੍ਹ ਗਿਆ।ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਸ਼ਹੀਦ ਭਗਤ ਸਿੰਘ ਨਗਰ ਰਾਜੇਸ਼ ਧੀਮਾਨ ਨੇ ਚੋਣ ਅਮਲ ਦੌਰਾਨ ਸ਼ਾਂਤੀ ਤੇ ਸਦਭਾਵਨਾ ਬਣਾਈ ਰੱਖਣ ਲਈ ਜ਼ਿਲ੍ਹੇ ਦੇ ਵੋਟਰਾਂ ਦਾ ਧੰਨਵਾਦ ਕੀਤਾ।ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਦਾ ਮੁੱਖ ਮੰਤਵ ਚੋਣਾਂ ਦੌਰਾਨ ਪਿੰਡਾਂ ਵਿਚ ਭਾਈਚਾਰਕ ਸਾਂਝ ਅਤੇ ਅਮਨ-ਕਾਨੂੰਨ ਬਹਾਲ ਰੱਖਣਾ ਸੀ, ਜਿਸ ਵਿਚ ਪੂਰਨ ਕਾਮਯਾਬੀ ਮਿਲੀ ਹੈ।ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੇ ਵੋਟਰਾਂ ਵੱਲੋਂ ਪੂਰੇ ਉਤਸ਼ਾਹ ਨਾਲ ਆਪਣੇ ਵੋਟ ਦੇ ਹੱਕ ਦਾ ਇਸਤੇਮਾਲ ਕੀਤਾ, ਜਿਸ ਸਦਕਾ ਮਤਦਾਨ ਦੀ ਪ੍ਰਤੀਸ਼ਤਤਾ ਵਧੀਆ ਰਹੀ ਹੈ।

ਡਿਪਟੀ ਕਮਿਸ਼ਨਰ ਨੇ ਚੋਣ ਅਮਲ ਨੂੰ ਨਿਰਵਿਘਨ ਤੇ ਸਫ਼ਲਤਾਪੂਰਵਕ ਨੇਪਰੇ ਚਾੜ੍ਹਨ ਲਈ ਜ਼ਿਲ੍ਹਾ ਅਧਿਕਾਰੀਆਂ ਸਮੇਤ ਚੋਣ ਅਮਲ ਵਿਚ ਤਾਇਨਾਤ ਰਿਟਰਨਿੰਗ ਅਫ਼ਸਰਾਂ, ਸਹਾਇਕ ਰਿਟਰਨਿੰਗ ਅਫ਼ਸਰਾਂ, ਪੋਲਿੰਗ ਪਾਰਟੀਆਂ ਵਿਚ ਸ਼ਾਮਿਲ ਪ੍ਰੀਜ਼ਾਈਡਿੰਗ ਅਫ਼ਸਰਾਂ, ਸਹਾਇਕ ਪ੍ਰੀਜ਼ਾਈਡਿੰਗ ਅਫ਼ਸਰਾਂ ਤੇ ਹੋਰ ਅਮਲੇ, ਗਿਣਤੀ ਸਟਾਫ਼, ਸੁਰੱਖਿਆ ਦੇ ਇੰਤਜ਼ਾਮਾਂ ਵਿਚ ਤਾਇਨਾਤ ਪੁਲਿਸ ਅਧਿਕਾਰੀਆਂ ਤੇ ਕਰਮਚਾਰੀਆਂ ਦੀ ਉਚੇਚੇ ਤੌਰ 'ਤੇ ਸ਼ਲਾਘਾ ਕਰਦਿਆਂ ਕਿਹਾ ਕਿ ਉਨ੍ਹਾਂ ਵੱਲੋਂ ਕੀਤੇ ਵਿਸ਼ੇਸ਼ ਯਤਨਾਂ ਸਦਕਾ ਹੀ ਚੋਣ ਅਮਲ ਨੂੰ ਸਮੇਂ ਸਿਰ ਸ਼ਾਂਤਮਈ ਢੰਗ ਨਾਲ ਨਿਪਟਾਉਣ ਵਿਚ ਕਾਮਯਾਬੀ ਮਿਲੀ ਹੈ।



ਨਵਾਂ ਸ਼ਹਿਰ



ਜਲੰਧਰ

**ਜਲੰਧਰ.: ( ਸ਼ੈਲੀ ਐਲਬਰਟ)** ਪੰਚਾਇਤੀ ਚੋਣਾਂ ਦੌਰਾਨ ਜ਼ਿਲ੍ਹੇ ਦੀਆਂ 695 ਪੰਚਾਇਤਾਂ ਵਿੱਚ ਸ਼ਾਂਤੀਪੂਰਨ ਢੰਗ ਸਫ਼ਲਤਾਪੂਰਵਕ ਨੇਪਰੇ ਚੜ੍ਹੀ।ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਜ਼ਿਲ੍ਹੇ ਦੇ 890 ਪਿੰਡਾਂ ਦੀਆਂ ਪੰਚਾਇਤਾਂ ਵਿਚੋਂ 195 ਪੰਚਾਇਤਾਂ ਪਹਿਲਾਂ ਹੀ ਸਰਬਸੰਮਤੀ ਨਾਲ ਚੁਣੀਆਂ ਜਾ ਚੁੱਕੀਆਂ ਹਨ। ਉਨ੍ਹਾਂ ਦੱਸਿਆ ਕਿ ਲੋਹੀਆਂ ਖਾਸ ਬਲਾਕ ਵਿੱਚ ਸਭ ਤੋਂ ਵੱਧ 28 ਪੰਚਾਇਤਾਂ ਸਰਬਸੰਮਤੀ ਨਾਲ ਚੁਣੀਆਂ ਗਈਆਂ। ਇਸੇ ਤਰ੍ਹਾਂ ਜਲੰਧਰ ਪੱਛਮੀ ਬਲਾਕ ਵਿੱਚ 25, ਫਿਲੌਰ ਵਿੱਚ 24 ਅਤੇ ਨਕੋਦਰ ਵਿੱਚ 20 ਪੰਚਾਇਤਾਂ ਦੀ ਸਰਬਸੰਮਤੀ ਨਾਲ ਚੋਣ ਹੋਈ। ਇਸ ਤੋਂ ਇਲਾਵਾ ਸ਼ਾਹਕੋਟ ਵਿੱਚ19, ਭੋਗਪੁਰ 17, ਨੂਰਮਹਿਲ 15, ਰੁੜਕਾਂ ਕਲਾਂ 14, ਮਹਿਤਪੁਰ 13, ਆਦਮਪੁਰ 11 ਅਤੇ ਜਲੰਧਰ ਪੂਰਬੀ ਬਲਾਕ ਵਿੱਚ 9 ਪਿੰਡਾਂ ਵਿੱਚ ਸਰਬਸੰਮਤੀ ਹੋਈ।ਸਫ਼ਲਤਾਪੂਰਵਕ ਅਤੇ ਸ਼ਾਂਤੀਪੂਰਨ ਚੋਣ ਪ੍ਰਕਿਰਿਆ ਮੁਕੰਮਲ ਹੋਣ 'ਤੇ ਡਿਪਟੀ ਕਮਿਸ਼ਨਰ ਨੇ ਵੋਟਰਾਂ ਅਤੇ ਚੋਣ ਅਮਲੇ ਦਾ ਧੰਨਵਾਦ ਪ੍ਰਗਟ ਕੀਤਾ।ਡਾ. ਅਗਰਵਾਲ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ 1004 ਪੋਲਿੰਗ ਸਟੇਸ਼ਨ ਬਣਾਏ ਗਏ ਸਨ ਅਤੇ 7,426 ਪੋਲਿੰਗ ਸਟਾਫ਼ ਨਿਯੁਕਤ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਸ਼ਾਂਤਮਈ ਚੋਣਾਂ ਕਰਵਾਉਣ ਲਈ ਐਸ ਐਸ ਪੀ ਹਰਕਮਲ ਪ੍ਰੀਤ ਸਿੰਘ ਖੱਖ ਦੀ ਅਗਵਾਈ ਵਿੱਚ ਦਿਹਾਤੀ ਪੁਲਸ ਵੱਲੋਂ ਪੁਖ਼ਤਾ ਪ੍ਰਬੰਧ ਯਕੀਨੀ ਬਣਾਏ ਗਏ ਸਨ।

**ਜਲੰਧਰ (ਸੁਰਿੰਦਰ ਕੁਮਾਰ)** ਸਥਾਨਕ ਜਲੰਧਰ ਵਿੱਚ ਹੋਈਆਂ ਪੰਚਾਇਤੀ ਚੋਣਾਂ ਦੌਰਾਨ 1004 ਪੋਲਿੰਗ ਸਟੇਸ਼ਨਾਂ 'ਤੇ ਸ਼ਾਂਤਮਈ ਤਰੀਕੇ ਨਾਲ ਹੋਈ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਚੋਣ ਅਮਲ ਦੇ ਨਿਰਵਿਘਨ ਸੰਚਾਲਨ ਦੀ ਸ਼ਲਾਘਾ ਕੀਤੀ, ਜਿਸ ਨੂੰ ਰਾਜ ਚੋਣ ਕਮਿਸ਼ਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ 7,426 ਪੋਲਿੰਗ ਸਟਾਫ਼ ਵੱਲੋਂ ਨੇਪਰੇ ਚਾੜ੍ਹਿਆ ਗਿਆ।ਡਾ. ਅਗਰਵਾਲ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਚੋਣਾਂ ਦੌਰਾਨ 8,15033 ਵੋਟਰਾਂ ਦੀ ਸਹੂਲਤ ਲਈ ਪੁਖ਼ਤਾ ਪ੍ਰਬੰਧ ਕੀਤੇ ਗਏ ਸਨ।ਐਸ.ਐਸ.ਪੀ. ਖੱਖ ਨੇ ਦੱਸਿਆ ਕਿ ਵੋਟਿੰਗ ਪ੍ਰਕਿਰਿਆ ਸ਼ਾਂਤੀਪੂਰਵਕ ਢੰਗ ਨਾਲ ਕਰਵਾਉਣ ਲਈ ਜ਼ਿਲ੍ਹੇ ਭਰ ਵਿੱਚ 2500 ਤੋਂ ਵੱਧ ਪੁਲਸ ਮੁਲਾਜ਼ਮ ਤਾਇਨਾਤ ਕੀਤੇ ਗਏ। ਉਨ੍ਹਾਂ ਕਿਹਾ ਕਿ ਦਿਨ ਭਰ ਕੋਈ ਵੀ ਅਣਸੁਖਾਵੀਂ ਘਟਨਾ ਨਹੀਂ ਵਾਪਰੀ, ਜੋ ਕਿ ਪ੍ਰਸ਼ਾਸਨ ਦੀ ਪ੍ਰਭਾਵਸ਼ਾਲੀ ਯੋਜਨਾਬੰਦੀ ਅਤੇ ਤਾਲਮੇਲ ਨੂੰ ਦਰਸਾਉਂਦਾ ਹੈ।ਡਿਪਟੀ ਕਮਿਸ਼ਨਰ ਨੇ ਸਮੂਹ ਵੋਟਰਾਂ, ਚੋਣ ਅਮਲੇ ਅਤੇ ਸੁਰੱਖਿਆ ਕਰਮੀਆਂ ਦਾ ਚੋਣ ਪ੍ਰਕਿਰਿਆ ਨੂੰ ਸਫ਼ਲਤਾਪੂਰਵਕ ਅਤੇ ਸ਼ਾਂਤੀਪੂਰਵਕ ਢੰਗ ਨਾਲ ਨੇਪਰੇ ਚਾੜ੍ਹਨ ਲਈ ਦਿੱਤੇ ਸਹਿਯੋਗ ਅਤੇ ਸਮਰਪਣ ਲਈ ਧੰਨਵਾਦ ਕੀਤਾ

# ਪੰਜਾਬ ਸਰਕਾਰ ਨੂੰ ਗੂੜ੍ਹੀ ਨੀਂਦ ਤੋਂ ਜਗਾਉਣ ਲਈ 22 ਨੂੰ ਮੋਹਾਲੀ 'ਚ ਵਿਸ਼ਾਲ ਰੈਲੀ ਕਰਨਗੇ ਪੈਨਸ਼ਨਰਜ਼

## * ਕਿਸਾਨ ਆਗੂ ਡੱਲੇਵਾਲ ਵੱਲੋਂ ਮੁਲਾਜ਼ਮਾਂ ਨੂੰ ਮਿਲਦੀ ਪੈਨਸ਼ਨ ਬੰਦ ਕਰਨ ਦੇ ਬਿਆਨ ਦੀ ਕੀਤੀ ਨਿਖੇਧੀ




**ਫਿਲੌਰ: (ਹਰਜਿੰਦਰ ਕੌਰ ਚਾਹਲ, ਨਿਰਮਲ, ਬੀ ਐੱਸ ਕੈਨੇਡੀ)**-ਪੰਜਾਬ ਸਰਕਾਰ ਨੇ ਪਿਛਲੇ ਢਾਈ ਸਾਲ ਦੇ ਵੱਧ ਸਮੇਂ ਤੋਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਹੱਕੀ ਮੰਗਾਂ ਨੂੰ ਮੰਨਣ ਅਤੇ ਲਾਗੂ ਕਰਨ ਪ੍ਰਤੀ ਸਾਜ਼ਿਸ਼ੀ ਚੁੱਪ ਧਾਰੀ ਹੋਈ ਹੈ।ਪੰਜਾਬ ਗੌਰਮਿੰਟ ਪੈਨਸ਼ਨਰਜ਼ ਜੁਆਇੰਟ ਫਰੰਟ ਨੇ ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਮੰਗਾਂ ਮੰਨਣ ਅਤੇ ਲਾਗੂ ਕਰਨ ਲਈ ਧਾਰੀ ਸਾਜ਼ਿਸ਼ ਭਰੀ ਚੁੱਪ ਦਾ ਸਖ਼ਤ ਨੋਟਿਸ ਲੈਂਦਿਆਂ 18 ਸਤੰਬਰ ਨੂੰ ਪੂਰੇ ਪੰਜਾਬ ਵਿੱਚ ਜ਼ਿਲ੍ਹਾ ਪੱਧਰੀ ਐਕਸ਼ਨ ਕਰਦੇ ਹੋਏ 22 ਅਕਤੂਬਰ ਨੂੰ ਮੋਹਾਲੀ ਵਿਖੇ ਸੂਬਾ ਪੱਧਰੀ ਰੈਲੀ ਕਰਨ ਦੇ ਨੋਟਿਸ ਮੁੱਖ ਮੰਤਰੀ ਪੰਜਾਬ ਦੇ ਨਾਂ ਤੇ ਭੇਜੇ ਹੋਏ ਸਨ, ਪਰ ਰੈਲੀ ਕਰਨ ਦੇ ਭੇਜੇ ਨੋਟਿਸਾਂ ਪ੍ਰਤੀ ਮੁੱਖ ਮੰਤਰੀ ਸਾਹਿਬ ਪੰਜਾਬ ਨੇ ਰਤੀ ਭਰ ਵੀ ਗੰਭੀਰਤਾ ਨਹੀਂ ਦਿਖਾਈ, ਜਿਸ ਕਰਕੇ ਪੈਨਸ਼ਨਰਾਂ ਦੇ ਮਨਾਂ ਵਿੱਚ ਪੰਜਾਬ ਸਰਕਾਰ ਦੇ ਬੇਰੁਖੀ ਵਾਲੇ ਵਤੀਰੇ ਪ੍ਰਤੀ ਹੋਰ ਗੁੱਸਾ ਭੜਕਿਆ ਹੈ।ਪੰਜਾਬ ਸਰਕਾਰ ਨੂੰ ਪੈਨਸ਼ਨਰਾਂ ਦੀਆਂ ਹੱਕੀ ਮੰਗਾਂ ਪ੍ਰਤੀ ਗੂੜ੍ਹੀ ਨੀਂਦ ਤੋਂ ਜਗਾਉਣ ਲਈ 22 ਅਕਤੂਬਰ ਨੂੰ ਵਿਸ਼ਾਲ ਸੂਬਾਈ ਰੈਲੀ ਕਰਕੇ ਪੈਨਸ਼ਨਰਜ਼ ਮੋਹਾਲੀ ਵਿਖੇ ਗਰਜਣਗੇ। ਪੰਜਾਬ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਫਿਲੌਰ ਦੀ ਮੀਟਿੰਗ ਤਹਿਸੀਲ ਪ੍ਰਧਾਨ ਬਲਵਿੰਦਰ ਕੁਮਾਰ ਅਤੇ ਬਲਾਕ ਰੁੜਕਾ ਕਲਾਂ ਦੇ ਪ੍ਰਧਾਨ ਤਾਰਾ ਸਿੰਘ ਬੀਕਾ ਦੀ ਪ੍ਰਧਾਨਗੀ ਹੇਠ ਕਰਕੇ ਐਲਾਨ ਕੀਤਾ ਕਿ 22 ਅਕਤੂਬਰ ਦੀ ਮੋਹਾਲੀ ਪੈਨਸ਼ਨਰਜ਼ ਰੈਲੀ ਵਿੱਚ ਫਿਲੌਰ ਤਹਿਸੀਲ ਦੇ ਪੈਨਸ਼ਨਰ ਵੀ ਵੱਡੀ ਗਿਣਤੀ ਵਿੱਚ ਸ਼ਾਮਲ ਹੋਣਗੇ।ਪੰਜਾਬ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਫਿਲੌਰ ਦੇ ਪ੍ਰੈੱਸ ਸਕੱਤਰ ਰਤਨ ਸਿੰਘ ਗੁਰਾਇਆ ਅਤੇ ਵਿੱਤ ਸਕੱਤਰ ਰਜਿੰਦਰ ਕੁਮਾਰ ਸ਼ਰਮਾ ਦੇ ਨੇ ਦੱਸਿਆ ਕਿ ਮੀਟਿੰਗ ਦੇ ਸ਼ੁਰੂ ਵਿੱਚ ਸਦੀਵੀ ਵਿਛੋੜਾ ਦੇ ਗਏ ਪ੍ਰੋਫ਼ੈਸਰ ਜੀ ਐਨੱ ਸਾਈਬਾਬਾ ਨੂੰ ਦੋ ਮਿੰਟ ਦਾ ਮੋਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ ਅਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।ਮੀਟਿੰਗ ਵਿੱਚ ਕਿਸਾਨ ਆਗੂ ਡੱਲੇਵਾਲ ਵਲੋਂ ਮੁਲਾਜ਼ਮਾਂ ਨੂੰ ਮਿਲਦੀ ਪੈਂਨਸ਼ਨ ਦਾ ਵਿਰੋਧ ਕਰਨ ਅਤੇ ਪੈਨਸਨ ਬੰਦ ਕਰਨ ਦੇ ਦਿੱਤੇ ਬਿਆਨ ਦੀ ਤਿੱਖੀ ਨਿਖੇਧੀ ਕਰਦਿਆਂ ਆਗੂਆਂ ਨੇ ਕਿਹਾ ਕਿ ਡੱਲੇਵਾਲ ਇਹੋ ਜਿਹੇ ਮੁਲਾਜ਼ਮ ਅਤੇ ਪੈਨਸ਼ਨਰਜ਼ ਵਿਰੋਧੀ ਬਿਆਨ ਦੇ ਕੇ ਕੇਂਦਰ ਸਰਕਾਰ ਅਤੇ ਰਾਜ ਸਰਕਾਰ ਦੀ ਬੋਲੀ ਹੀ ਬੋਲ ਰਹੇ ਹਨ, ਜਿਸ ਸਰਕਾਰ ਨੇ 2004 ਤੋਂ ਬਾਅਦ ਨਿਯੁਕਤ ਮੁਲਾਜ਼ਮਾਂ ਦੀ ਪੁਰਾਣੀ ਪੈਨਸ਼ਨ ਨੀਤੀ ਬੰਦ ਕੀਤੀ ਹੋਈ ਹੈ ਅਤੇ ਮੁਲਾਜ਼ਮ ਪੁਰਾਣੀ ਪੈਨਸ਼ਨ ਬਹਾਲ ਕਰਵਾਉਣ ਲਈ ਲਗਾਤਾਰ ਸੰਘਰਸ਼ਸ਼ੀਲ ਹਨ। ਪੰਜਾਬ ਗੌਰਮਿੰਟ ਪੈਨਸ਼ਨਰਜ਼ ਜੁਆਇੰਟ ਫਰੰਟ ਵਲੋਂ ਪੈਨਸ਼ਨ ਰੀਵਾਈਜ਼ ਲਈ 2.59 ਦਾ ਗੁਣਾਂਕ ਲਾਗੂ ਕਰਵਾਉਣ, ਪੇ ਕਮਿਸ਼ਨ ਦਾ 66 ਮਹੀਨਿਆਂ ਦਾ ਬਕਾਇਆ ਲੈਣ, ਡੀ ਏ ਦੀਆਂ 12 ਪ੍ਰਤੀਸ਼ਤ ਦੀਆਂ ਰਹਿੰਦੀਆਂ ਕਿਸ਼ਤਾਂ ਜਾਰੀ ਕਰਵਾਉਣ, ਮੈਡੀਕਲ ਭੱਤਾ 3000/- ਰੁਪਏ ਮਹੀਨਾ ਕਰਵਾਉਣ, ਕੈਸ਼ ਲੈੱਸ ਹੈੱਲਥ ਸਕੀਮ ਸੋਧ ਕੇ ਲਾਗੂ ਕਰਵਾਉਣ, ਪੈਨਸ਼ਨਰਾਂ 'ਤੇ ਲੱਗਾ 200/-ਰੁਪਏ ਮਹੀਨੇ ਦਾ ਜਜ਼ੀਆ ਟੈਕਸ ਬੰਦ ਕਰਵਾਉਣ ਆਦਿ ਮੰਗਾਂ ਨੂੰ ਮੰਨਣ ਅਤੇ ਲਾਗੂ ਕਰਵਾਉਣ ਲਈ 22 ਅਕਤੂਬਰ ਨੂੰ ਮੋਹਾਲੀ ਵਿਖੇ ਵਿਸ਼ਾਲ ਸੂਬਾਈ ਪੈਨਸ਼ਨਰਜ਼ ਰੈਲੀ ਕੀਤੀ ਜਾ ਰਹੀ ਹੈ।ਰੈਲੀ ਵਿੱਚ ਫਿਲੌਰ ਦੇ ਪੈਨਸ਼ਨਰ ਵੀ ਵੱਧ ਚੜ੍ਹ ਕੇ ਸ਼ਾਮਲ ਹੋਣਗੇ। ਮੀਟਿੰਗ ਵਿੱਚ ਪਿਛਲੇ ਕੀਤੇ ਐਕਸ਼ਨਾਂ ਵਿੱਚ ਪਾਏ ਯੋਗਦਾਨ ਦਾ ਰਿਵਿਊ ਵੀ ਕੀਤਾ ਗਿਆ ਅਤੇ ਤਸੱਲੀ ਦਾ ਪ੍ਰਗਟਾਵਾ ਕੀਤਾ। ਮੀਟਿੰਗ ਵਿੱਚ ਐਸੋਸੀਏਸ਼ਨ ਦੀ ਆਮਦਨ ਅਤੇ ਖਰਚ ਦੇ ਵੇਰਵੇ ਵੀ ਸ਼ਾਂਝੇ ਕੀਤੇ ਅਤੇ ਕੀਤੇ ਗਏ ਖਰਚਿਆਂ ਨੂੰ ਸਰਬ ਸੰਮਤੀ ਨਾਲ ਪਾਸ ਕੀਤਾ ਗਿਆ। ਮੀਟਿੰਗ ਵਿੱਚ ਸਰਬ ਸੰਮਤੀ ਨਾਲ ਮਤਾ ਪਾਸ ਕਰਕੇ ਜਿਹਨਾਂ ਮੈਂਬਰਾਂ ਦਾ ਅਕਤੂਬਰ ਵਿੱਚ ਜਨਮ ਦਿਨ ਹੈ, ਉਹਨਾਂ ਨੂੰ ਜਨਮ ਦਿਨ ਦੀਆਂ ਮੁਬਾਰਕਾਂ ਦਿੱਤੀਆਂ ਗਈਆਂ ਅਤੇ ਕਾਮਨਾ ਕੀਤੀ ਕਿ ਉਹਨਾਂ ਦੀ ਤੰਦਰੁਸਤੀ ਅਤੇ ਖੁਸ਼ੀਆਂ ਭਰਪੂਰ ਲੰਬੀ ਉਮਰ ਹੋਵੇ।ਮੀਟਿੰਗ ਵਿੱਚ ਪ੍ਰਧਾਨ ਬਲਵਿੰਦਰ ਕੁਮਾਰ, ਤਾਰਾ ਸਿੰਘ ਬੀਕਾ ਵਿੱਤ ਸਕੱਤਰ ਰਜਿੰਦਰ ਕੁਮਾਰ ਸ਼ਰਮਾ, ਪ੍ਰੈੱਸ ਸਕੱਤਰ ਰਤਨ ਸਿੰਘ ਗੁਰਾਇਆ,ਦਰਸਨ ਰਾਮ ਮਸੀਹ, ਸਤਪਾਲ ਮਹਿਮੀ, ਬਖਸ਼ੀ ਰਾਮ, ਸ਼ਿਵ ਦਾਸ, ਰਾਮ ਲੁਭਾਇਆ, ਪ੍ਰੇਮ ਨਾਥ ਅਤੇ ਕੁਲਦੀਪ ਸਿੰਘ ਕੌੜਾ ਆਦਿ ਸਾਥੀ ਹਾਜ਼ਰ ਹੋਏ।

# ਭੋਡੀਪੁਰਾ 'ਚ ਅੱਧੀ ਰਾਤ ਹੋਈ ਠਾਹ-ਠਾਹ, ਲੋਕਾਂ 'ਚ ਸਹਿਮ ਦਾ ਮਾਹੌਲ

## ਗੋਲੀ ਲੱਗਣ ਦਾ ਬਹਾਨਾ ਬਣਾ ਕੇ ਹਸਪਤਾਲ ਦਾਖਲ ਹੋਣ ਵਾਲੇ ਖਿਲਾਫ ਕਾਰਵਾਈ : ਡੀ ਸੀ



**ਬਠਿੰਡਾ (ਰਾਜੀਵ ਗੋਇਲ)** : ਬੀਤੇ ਕੱਲ੍ਹ 15 ਅਕਤੂਬਰ ਨੂੰ ਹੋਈਆਂ ਪੰਚਾਇਤੀ ਚੋਣਾਂ ਵਿੱਚ ਭਾਵੇਂ ਹੀ ਭਗਤਾ ਬਲਾਕ ਅੰਦਰ ਅਮਨ ਸ਼ਾਂਤੀ ਰਹੀ, ਪਰ ਦੇਰ ਰਾਤ ਇਸੇ ਹੀ ਬਲਾਕ ਦੇ ਪਿੰਡ ਭੋਡੀਪੁਰਾ ਵਿੱਚ ਠਾਹ-ਠਾਹ ਹੋਣ ਲੱਗ ਪਈ ਅਤੇ ਲੋਕ ਗੋਲੀਆਂ ਦੀਆਂ ਅਵਾਜ਼ਾਂ ਸੁਣ ਕੇ ਘਰਾਂ ਤੋਂ ਬਾਹਰ ਆ ਗਏ। ਦੱਸਣਾ ਬਣਦਾ ਹੈ ਕਿ ਭੋਡੀਪੁਰਾ ਵਿਖੇ ਆਮ ਆਦਮੀ ਪਾਰਟੀ ਵੱਲੋਂ ਹਰਪ੍ਰੀਤ ਸਿੰਘ ਤੇ ਦੂਜੇ ਪਾਸੇ ਜਗਦੀਪ ਸਿੰਘ ਵੱਲੋਂ ਬਤੌਰ ਸਰਪੰਚ ਚੋਣ ਲੜੀ ਜਾ ਰਹੀ ਸੀ ਅਤੇ ਵੋਟਾਂ ਦਾ ਭੁਗਤਾਨ ਹੋਣ ਤੋਂ ਬਾਅਦ ਜਦੋਂ ਦੇਰ ਰਾਤ ਤੱਕ ਵੋਟਾਂ ਦੀ ਗਿਣਤੀ ਚੱਲਦੀ ਰਹੀ ਤਾਂ ਸਰਪੰਚੀ ਦੇ ਉਮੀਦਵਾਰ ਹਰਪ੍ਰੀਤ ਸਿੰਘ ਦੇ ਦੱਸਣ ਮੁਤਾਬਿਕ ਕਰੀਬ ਡੇਢ ਵਜੇ ਅਸੀਂ ਦੋਵੇਂ ਹੀ ਉਮੀਦਵਾਰ ਇੱਕ ਦੂਜੇ ਨੂੰ ਮਿਲੇ ਅਤੇ ਮੈਨੂੰ ਵਧਾਈਆਂ ਵੀ ਦਿੱਤੀਆਂ ਗਈਆਂ, ਪਰ ਇੰਨੇ ਨੂੰ ਬਾਹਰ ਸ਼ਰਾਰਤੀ ਅਨਸਰਾਂ ਵੱਲੋਂ ਪੱਥਰਬਾਜ਼ੀ ਸ਼ੁਰੂ ਕਰ ਦਿੱਤੀ ਗਈ, ਜਿਸ ਤੋਂ ਬਾਅਦ ਬੇਕਾਬੂ ਹੋਈ ਭੀੜ ਨੂੰ ਖਦੇੜਨ ਲਈ ਪੁਲਸ ਪ੍ਰਸ਼ਾਸਨ ਵੱਲੋਂ ਹਵਾਈ ਫਾਇਰਿੰਗ ਵੀ ਕੀਤੀ ਗਈ। ਉਧਰ ਦੂਜੇ ਪਾਸੇ ਜਦੋਂ ਜਗਦੀਪ ਸਿੰਘ ਦੇ ਪਰਵਾਰ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਪਰਵਾਰ ਦੀਆਂ ਔਰਤਾਂ ਵੱਲੋਂ ਕੁਝ ਵੀ ਬੋਲਣ ਤੋਂ ਇਨਕਾਰ ਕਰ ਦਿੱਤਾ ਗਿਆ। ਇਸ ਮਸਲੇ ਨੂੰ ਲੈ ਕੇ ਥਾਣਾ ਦਿਆਲਪੁਰਾ ਵਿਖੇ ਮੁਕੱਦਮਾ ਦਰਜ ਕਰ ਦਿੱਤਾ ਗਿਆ ਹੈ, ਪਰ ਜਦੋਂ ਇਸ ਸੰਬੰਧੀ ਡਿਪਟੀ ਕਮਿਸ਼ਨਰ ਬਠਿੰਡਾ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਗੋਲੀ ਲੱਗਣ ਦਾ ਬਹਾਨਾ ਬਣਾ ਕੇ ਹਸਪਤਾਲ ਦਾਖਲ ਹੋਣ ਵਾਲੇ ਖਿਲਾਫ ਮੁਕੱਦਮਾ ਦਰਜ ਕਰ ਦਿੱਤਾ ਗਿਆ ਹੈ। ਉਨ੍ਹਾਂ ਇਹ ਵੀ ਕਿਹਾ ਕਿ ਉਕਤ ਦੇ ਗੋਲੀ ਲੱਗਣ ਨੂੰ ਲੈ ਕੇ ਬਕਾਇਦਾ ਜਾਂਚ ਕਰਵਾਈ ਗਈ ਹੈ।

# ਸਿਰੀਏਵਾਲਾ 'ਚ ਵਿਧਾਇਕ ਬਲਕਾਰ ਸਿੱਧੂ ਦਾ ਵਿਰੋਧ



**ਬਠਿੰਡਾ (ਰਾਜੀਵ ਗੋਇਲ)** : ਪੰਚਾਇਤੀ ਚੋਣਾਂ ਨੂੰ ਲੈ ਕੇ ਹਲਕੇ ਵਿੱਚ ਗੇੜਾ ਮਾਰਦੇ ਹੋਏ, ਜਦੋਂ ਹਲਕਾ ਰਾਮਪੁਰਾ ਫੂਲ ਦੇ ਵਿਧਾਇਕ ਬਲਕਾਰ ਸਿੱਧੂ ਭਗਤਾ ਭਾਈ ਕਾ ਦੇ ਨੇੜਲੇ ਪਿੰਡ ਸਿਰੀਏਵਾਲਾ ਵਿਖੇ ਪਹੁੰਚੇ ਤਾਂ ਔਰਤਾਂ ਵੱਲੋਂ ਹਲਕਾ ਵਿਧਾਇਕ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਗਿਆ, ਜਿਸ ਤੋਂ ਬਾਅਦ ਹਲਕਾ ਵਿਧਾਇਕ ਨੇ ਵਾਪਸ ਪਰਤਣ ਵਿੱਚ ਹੀ ਆਪਣੀ ਭਲਾਈ ਸਮਝੀ। ਦੱਸਣਾ ਬਣਦਾ ਹੈ ਕਿ ਸਿਰੀਏਵਾਲਾ ਵਿੱਚ ਸਾਬਕਾ ਕਾਂਗਰਸੀ ਯਾਦਵਿੰਦਰ ਸਿੰਘ ਦੀ ਪਤਨੀ ਹਰਜਿੰਦਰ ਕੌਰ ਤੇ ਦੂਜੇ ਪਾਸੇ ਦੇਵ ਭਾਈ ਦੀ ਨੂੰਹ ਬੀਬੀ ਹਰਦੀਪ ਕੌਰ ਸਰਪੰਚੀ ਦੀ ਚੋਣ ਲੜ ਰਹੀ ਹੈ। ਸੂਤਰਾਂ ਤੋਂ ਪਤਾ ਲੱਗਾ ਹੈ ਕਿ ਹਲਕਾ ਵਿਧਾਇਕ ਦੇ ਵਿਰੋਧ ਦਾ ਮੁੱਖ ਕਾਰਨ ਇਹ ਸੀ ਕਿ ਪਿਛਲੇ ਪੰਜ ਸਾਲ ਕਾਂਗਰਸ ਦੇ ਕਾਰਜਕਾਲ ਦਰਮਿਆਨ ਰਾਜ ਕਰਨ ਵਾਲੇ ਪਰਵਾਰ ਨੂੰ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਕਰਕੇ ਮੁੜ ਸਰਪੰਚੀ ਦੇ ਮੈਦਾਨ ਵਿੱਚ ਉਤਾਰ ਦਿੱਤਾ ਗਿਆ। ਉਧਰ ਦੂਜੇ ਪਾਸੇ ਚਰਚਾ ਇਹ ਵੀ ਹੈ ਕਿ ਪਿੰਡ ਦੇ ਟਕਸਾਲੀ ਕਾਂਗਰਸੀ ਕਾਂਗਰਸ ਤੋਂ ਆਪ 'ਚ ਸ਼ਾਮਲ ਹੋਣ ਵਾਲੇ ਯਾਦਵਿੰਦਰ ਸਿੰਘ ਦੇ ਪਰਵਾਰ ਦੀ ਮੱਦਦ ਕਰਦੇ ਨਜ਼ਰ ਆ ਰਹੇ ਹਨ। ਇਲਾਕੇ ਵਿੱਚ ਚਰਚਾ ਜ਼ੋਰਾਂ 'ਤੇ ਹੈ ਕਿ ਸਿਰੀਏਵਾਲਾ ਦੀ ਚੋਣ ਵਿੱਚ ਜਿੱਤ ਭਾਵੇਂ ਕਿਸੇ ਦੀ ਹੋਵੇ, ਪਰ ਪਾਰਟੀ ਨੂੰ ਛੱਡ ਕੇ ਜਾਣ ਵਾਲਾ 'ਪੱਪੂ' ਮੁੜ ਕਾਂਗਰਸ ਵਿੱਚ ਸ਼ਾਮਲ ਹੋ ਸਕਦਾ ਹੈ।

# ਨੈਸ਼ਨਲ ਅਬੈਕਸ ਮੁਕਾਬਲੇ 'ਚ ਜ਼ਿਲ੍ਹੇ ਦੇ 200 ਵਿਦਿਆਰਥੀਆਂ ਨੇ ਆਪਣੇ ਜੌਹਰ ਦਿਖਾਏ




**ਰਾਮਪੁਰਾ ਫੂਲ (ਦਰਸ਼ਨ ਜਿੰਦਲ)**- ਚੈਂਪੀਅਨਜ਼ ਗਰੁੱਪ ਵੱਲੋਂ ਚੰਡੀਗੜ੍ਹ ਵਿਖੇ ਕਰਵਾਏ ਗਏ ਨੈਸ਼ਨਲ ਅਬੈਕਸ ਮੁਕਾਬਲੇ ਵਿੱਚ ਰਾਮਪੁਰਾ ਫੂਲ, ਭੁੱਚੋ ਤੇ ਬਠਿੰਡਾ ਦੇ ਵੱਖ ਵੱਖ ਸਕੂਲਾਂ ਦੇ 200 ਦੇ ਕਰੀਬ ਵਿਦਿਆਰਥੀਆਂ ਨੇ ਭਾਗ ਲੈ ਕੇ ਆਪਣੇ ਜੌਹਰ ਦਿਖਾਏ।ਚੈਂਪੀਅਨਜ਼ ਵਰਲਡ ਦੇ ਸੰਜੀਵ ਕੁਮਾਰ ਨੇ ਦੱਸਿਆ ਕਿ ਮੁਕਾਬਲੇ ਵਿੱਚ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਚੰਡੀਗੜ੍ਹ, ਜੰਮੂ ਕਸ਼ਮੀਰ, ਉੱਤਰ ਪ੍ਰਦੇਸ਼, ਉੱਤਰਾਖੰਡ, ਰਾਜਸਥਾਨ, ਮੱਧ ਪ੍ਰਦੇਸ਼, ਗੁਜਰਾਤ, ਤਾਮਿਲਨਾਡੂ, ਮਹਾਰਾਸ਼ਟਰ, ਕੇਰਲਾ ਆਦਿ ਦੇ 16392 ਵਿਦਿਆਰਥੀਆਂ ਨੇ ਭਾਗ ਲਿਆ।ਮੁਕਾਬਲੇ ਦਾ ਮੁੱਖ ਕੇਂਦਰ ਚੰਡੀਗੜ੍ਹ ਸੀ, ਇਸ ਤੋਂ ਇਲਾਵਾ ਅਹਿਮਦਾਬਾਦ, ਤਿਰੂਵਨੰਤਪੁਰਮ ਤੇ ਮੁੰਬਈ ਵਿਖੇ ਵੀ ਪ੍ਰੀਖਿਆ ਕੇਂਦਰ ਬਣਾਏ ਗਏ ਸਨ।ਸ਼ਾਰਪ ਬ੍ਰੇਨਸ ਐਜੂਕੇਸ਼ਨ ਦੇ ਡਾਇਰੈਕਟਰ ਰੰਜੀਵ ਗੋਇਲ ਨੇ ਦੱਸਿਆ ਕਿ ਵਿਦਿਆਰਥੀਆਂ ਨੇ ਪ੍ਰਤੀਯੋਗਤਾ ਦੇ ਦੌਰਾਨ 100 ਪ੍ਰਸ਼ਨਾਂ ਦੇ ਉੱਤਰ ਬਿਨਾਂ ਕਿਸੇ ਕੈਲਕੂਲੇਟਰ ਦੇ ਸਿਰਫ 5-7 ਮਿੰਟਾਂ ਵਿੱਚ ਹੱਲ ਕੀਤੇ।ਇਸ ਵਿੱਚ ਜੋੜ, ਘਟਾਓ, ਗੁਣਾ ਤੇ ਵੰਡ ਦੇ ਸਵਾਲ ਸ਼ਾਮਲ ਸਨ।ਇਸ ਮੌਕੇ ਵਿਦਿਆਰਥੀਆਂ ਨੇ ਹਾਜ਼ਰ ਮਹਿਮਾਨਾਂ ਤੇ ਮਾਪਿਆਂ ਦੇ ਸਾਹਮਣੇ ਆਪਣੀ ਮੈਂਟਲ ਮੈਥ ਕਾਬਲੀਅਤ ਦਾ ਕਾਬਿਲੇ ਤਾਰੀਫ ਪ੍ਰਦਰਸ਼ਨ ਕਰਕੇ ਇਹ ਸਾਬਿਤ ਕਰ ਦਿੱਤਾ ਕਿ ਉਨ੍ਹਾਂ ਦਾ ਦਿਮਾਗ ਕੈਲਕੂਲੇਟਰ ਤੇ ਕੰਪਿਊਟਰ ਤੋਂ ਵੀ ਤੇਜ਼ੀ ਨਾਲ ਕੰਮ ਕਰਦਾ ਹੈ।ਸਾਲ 2024 ਦੇ ਦੌਰਾਨ ਇੰਡੀਆ ਬੁੱਕ ਆਫ ਰਿਕਾਰਡ, ਏਸ਼ੀਆ ਬੁੱਕ ਆਫ ਰਿਕਾਰਡ ਤੇ ਇੰਟਰਨੈਸ਼ਨਲ ਬੁੱਕ ਆਫ ਰਿਕਾਰਡ ਵਿੱਚ ਆਪਣਾ ਨਾਮ ਦਰਜ ਕਰਵਾਉਣ ਵਾਲੇ ਜ਼ਿਲ੍ਹਾ ਬਠਿੰਡਾ ਦੇ 8 ਵਿਦਿਆਰਥੀਆਂ ਨੂੰ ਇਸ ਮੌਕੇ ਉਚੇਚੇ ਤੌਰ 'ਤੇ ਸਨਮਾਨਤ ਵੀ ਕੀਤਾ ਗਿਆ।

ਇਸ ਮੌਕੇ ਹੋਰਾਂ ਤੋਂ ਇਲਾਵਾ ਮੈਡਮ ਪੂਜਾ ਗੋਇਲ, ਮੈਡਮ ਨੀਲਮ ਗਰਗ, ਮੈਡਮ ਰੇਖਾ ਸਿੰਘ, ਸੰਜੀਵ ਗਰਗ, ਦੀਪਕ ਗਰਗ, ਵਿਕਾਸ ਗਰਗ, ਸੰਜੀਵ ਸਿੰਗਲਾ, ਸੰਦੀਪ ਤਾਇਲ, ਨਿਸ਼ਾ ਗਰਗ, ਅੰਜਨਾ ਜਿੰਦਲ ਤੇ ਸਤਵੀਰ ਕੌਰ ਵੀ ਜ਼ਿਲ੍ਹੇ ਦੇ ਬੱਚਿਆਂ ਦਾ ਹੌਸਲਾ ਵਧਾਉਣ ਲਈ ਚੰਡੀਗੜ੍ਹ ਵਿਖੇ ਹਾਜ਼ਰ ਰਹੇ।

# ਕੈਬਨਿਟ ਮੰਤਰੀ ਈ ਟੀ ਓ ਤੇ ਮੁੰਡੀਆਂ ਨੇ ਭਗਵਾਨ ਵਾਲਮੀਕਿ ਜੀ ਦੇ ਦਰਸਾਏ ਮਾਰਗ 'ਤੇ ਚੱਲਣ ਲਈ ਪ੍ਰੇਰਿਤ ਕੀਤਾ

## ਭਗਵਾਨ ਵਾਲਮੀਕਿ ਜੀ ਦੇ ਪ੍ਰਗਟ ਉਤਸਵ ਦੇ ਸ਼ੁਭ ਮੌਕੇ ਲੋਕਾਂ ਨੂੰ ਦਿੱਤੀਆਂ ਵਧਾਈਆਂ



**ਲੁਧਿਆਣਾ (ਰਾਜ ਸਿੰਗਲਾ)**-ਕੈਬਨਿਟ ਮੰਤਰੀਆਂ ਸ੍ਰੀ ਹਰਭਜਨ ਸਿੰਘ ਈ.ਟੀ.ਓ. ਤੇ ਹਰਦੀਪ ਸਿੰਘ ਮੁੰਡੀਆਂ ਨੇ ਮੰਗਲਵਾਰ ਨੂੰ ਲੋਕਾਂ ਨੂੰ ਭਗਵਾਨ ਵਾਲਮੀਕਿ ਜੀ ਦੁਆਰਾ ਦਰਸਾਏ ਮਾਰਗ ਤੇ ਆਦਰਸ਼ਾਂ 'ਤੇ ਚੱਲਣ ਲਈ ਪ੍ਰੇਰਿਤ ਕੀਤਾ, ਜਿਨ੍ਹਾਂ ਨੇ ਮਹਾਨ ਮਹਾਂਕਾਵਿ ਰਾਮਾਇਣ ਲਿਖਿਆ ਸੀ।ਉਹ ਭਾਰਤੀ ਵਾਲਮੀਕਿ ਧਰਮ ਸਮਾਜ ਵੱਲੋਂ ਮਹਾਰਿਸ਼ੀ ਵਾਲਮੀਕਿ ਜੈਅੰਤੀ ਮੌਕੇ ਕੱਢੀ ਗਈ ਸ਼ੋਭਾ ਯਾਤਰਾ ਵਿੱਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਸਨ।

ਵਿਧਾਇਕ ਸ੍ਰੀ ਦਲਜੀਤ ਸਿੰਘ ਗਰੇਵਾਲ, ਸ੍ਰੀ ਮਦਨ ਲਾਲ ਬੱਗਾ, ਸ੍ਰੀ ਅਸ਼ੋਕ ਪਰਾਸ਼ਰ ਪੱਪੀ ਦੇ ਨਾਲ ਕੈਬਨਿਟ ਮੰਤਰੀਆਂ ਨੇ ਲੋਕਾਂ ਨੂੰ ਸ਼ੁੱਭ-ਕਾਮਨਾਵਾਂ ਦਿੱਤੀਆਂ ਅਤੇ ਕਿਹਾ ਕਿ ਭਗਵਾਨ ਵਾਲਮੀਕਿ ਜੀ ਮਹਾਰਾਜ ਵਿਸ਼ਵ ਦੇ ਪਹਿਲੇ ਕਵੀ ਤੇ ਆਦਿ ਕਵੀ ਸਨ, ਜਿਨ੍ਹਾਂ ਨੇ ਆਪਣੀ ਅਮਰ ਤੇ ਮਹਾਨ ਰਚਨਾ 'ਰਾਮਾਇਣ' ਦਾ ਪ੍ਰਚਾਰ ਕੀਤਾ।ਬੁਰਾਈ 'ਤੇ ਚੰਗਿਆਈ ਦੀ ਜਿੱਤ ਦਾ ਸੁਨੇਹਾ ਦਿੱਤਾ।ਉਨ੍ਹਾਂ ਇਹ ਵੀ ਦੱਸਿਆ ਕਿ ਮਹਾਨ ਰਮਾਇਣ ਨੇ ਲੋਕਾਂ ਨੂੰ ਜੀਵਨ ਜਾਚ ਸਿਖਾਈ ਹੈ ਤੇ ਲੋਕਾਂ ਲਈ ਨੈਤਿਕ ਅਤੇ ਨੈਤਿਕ ਜੀਵਨ ਦਾ ਚਾਨਣ ਮੁਨਾਰਾ ਰਿਹਾ ਹੈ, ਜੋ ਕਿ ਮੌਜੂਦਾ ਪਦਾਰਥਵਾਦੀ ਸਮਾਜ ਵਿੱਚ ਕਿਤੇ ਜ਼ਿਆਦਾ ਪ੍ਰਸੰਗਕ ਸੀ।

ਕੈਬਨਿਟ ਮੰਤਰੀਆਂ ਨੇ ਕਿਹਾ ਕਿ ਭਗਵਾਨ ਵਾਲਮੀਕਿ ਜੀ ਮਹਾਰਾਜ ਦੀਆਂ ਸਿੱਖਿਆਵਾਂ ਸਮਾਜ ਵਿੱਚ ਸਮਾਨਤਾ ਦੇ ਨਾਲ-ਨਾਲ ਇਸ ਗੱਲ 'ਤੇ ਜ਼ੋਰ ਦਿੰਦੀਆਂ ਹਨ ਕਿ ਇੱਕ ਆਦਰਸ਼ ਰਾਜ ਜਾਂ ਸਮਾਜ ਦੇ ਨਿਰਮਾਣ ਲਈ ਇੱਕ ਆਦਰਸ਼ ਮਨੁੱਖ, ਆਦਰਸ਼ ਸ਼ਾਸਕ ਤੇ ਆਦਰਸ਼ ਲੋਕਾਂ ਨੂੰ ਕਿਸ ਚੀਜ਼ ਦੀ ਪਾਲਣਾ ਕਰਨੀ ਚਾਹੀਦੀ ਹੈ।ਪ੍ਰਬੰਧਕਾਂ ਵੱਲੋਂ ਕੀਤੇ ਗਏ ਉਪਰਾਲਿਆਂ ਦੀ ਸ਼ਲਾਘਾ ਕਰਦਿਆਂ ਮੰਤਰੀਆਂ ਨੇ ਇਹ ਵੀ ਕਿਹਾ ਕਿ ਅਜਿਹੇ ਉਪਰਾਲੇ ਨਾ ਸਿਰਫ਼ ਇੱਕ ਸਦਭਾਵਨਾ ਵਾਲੇ ਸਮਾਜ ਦੀ ਸਿਰਜਣਾ ਲਈ ਭਗਵਾਨ ਵਾਲਮੀਕਿ ਮਹਾਰਾਜ ਜੀ ਦੇ ਫਲਸਫੇ ਨੂੰ ਫੈਲਾਉਣ ਵਿੱਚ ਸਹਾਈ ਹੁੰਦੇ ਹਨ, ਸਗੋਂ ਮਹਾਨ ਨੈਤਿਕਤਾ ਤੇ ਨੈਤਿਕਤਾ ਦੁਆਰਾ ਸਾਡੇ ਨੌਜਵਾਨਾਂ ਦੀ ਕਿਸਮਤ ਨੂੰ ਸੇਧ ਦੇਣ ਲਈ ਇੱਕ ਚਾਨਣ ਮੁਨਾਰੇ ਦਾ ਕੰਮ ਕਰਦੇ ਹਨ।

# ਗੁਰੂ ਗ੍ਰੰਥ ਸਾਹਿਬ ਯੂਨੀਵਰਸਿਟੀ ਦੇ ਵਿਦਿਆਰਥੀਆਂ ਵੱਲੋਂ ਕੰਧਾਰੀ ਬੀਵੇਰੇਜਜ਼ ਦਾ ਦੌਰਾ

**ਸ੍ਰੀ ਫਤਿਹਗੜ੍ਹ ਸਾਹਿਬ, (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੇ ਫੂਡ ਪ੍ਰੋਸੈਸਿੰਗ ਤਕਨਾਲੋਜੀ ਵਿਭਾਗ ਦੇ ਬੀ. ਟੈੱਕ. ਫੂਡ ਪ੍ਰੋਸੈਸਿੰਗ ਤਕਨਾਲੋਜੀ ਤੇ ਐੱਮ. ਐੱਸ. ਸੀ. ਫੂਡ ਪ੍ਰੋਸੈਸਿੰਗ ਤਕਨਾਲੋਜੀ ਦੇ ਵਿਦਿਆਰਥੀਆਂ ਵੱਲੋਂ ਕੰਧਾਰੀ ਬੀਵੇਰੇਜਜ਼ ਪ੍ਰਾਈਵੇਟ ਲਿਮਟਿਡ, ਨਭੀਪੁਰ (ਫਤਿਹਗੜ੍ਹ ਸਾਹਿਬ) ਦਾ ਦੌਰਾ ਕੀਤਾ ਗਿਆ।ਇਸ ਵਿੱਦਿਅਕ ਦੌਰੇ ਦਾ ਆਯੋਜਨ ਵਿਭਾਗ ਦੇ ਇੰਚਾਰਜ ਡਾ: ਰੁਪਿੰਦਰ ਪਾਲ ਸਿੰਘ ਦੀ ਅਗਵਾਈ ਹੇਠ ਕੀਤਾ ਗਿਆ।ਵਿਭਾਗ ਦੇ ਸਹਾਇਕ ਪ੍ਰੋਫੈਸਰ ਕੋਮਲਪ੍ਰੀਤ ਕੌਰ ਤੇ ਹਰਮਨਦੀਪ ਕੌਰ ਨੇ ਇਸ ਦੌਰੇ ਦੌਰਾਨ ਵਿਦਿਆਰਥੀਆਂ ਦੀ ਅਗਵਾਈ ਕੀਤੀ।

ਇਸ ਵਿੱਦਿਅਕ ਦੌਰੇ ਦਾ ਉਦੇਸ਼ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਅਕਾਦਮਿਕ ਸਿਖਲਾਈ ਦੇ ਨਾਲ-ਨਾਲ ਬੀਵੇਰੇਜਜ਼ ਦੀ ਪ੍ਰੋਸੈਸਿੰਗ, ਤਕਨਾਲੋਜੀਆਂ ਦੇ ਵਿਹਾਰਕ ਗਿਆਨ ਤੋਂ ਜਾਣੂ ਕਰਵਾਉਣਾ ਸੀ। ਕੰਧਾਰੀ ਬੀਵੇਰੇਜਜ਼ ਵਿਖੇ ਐੱਚ ਆਰ ਵਿਭਾਗ ਦੇ ਪ੍ਰਤੀਨਿਧੀ ਵਿਕਰਮ ਸਿੰਘ ਨੇ ਵਿਦਿਆਰਥੀਆਂ ਨੂੰ ਬੀਵੇਰੇਜਜ਼ ਦੇ ਉਤਪਾਦਨ ਦੇ ਵੱਖ-ਵੱਖ ਪੜਾਵਾਂ, ਕੁਆਲਿਟੀ ਮੈਨੇਜਮੈਂਟ ਦੀਆਂ ਵਿਧੀਆਂ ਤੇ ਉਦਯੋਗ ਸੰਚਾਲਨ ਪਹਿਲੂਆਂ ਬਾਰੇ ਜਾਣਕਾਰੀ ਦਿੱਤੀ।ਇਸ ਦੌਰੇ ਦੇ ਪ੍ਰਬੰਧ ਵਿੱਚ ਯੂਨੀਵਰਸਿਟੀ ਦੇ ਟ੍ਰੇਨਿੰਗ ਤੇ ਪਲੇਸਮੈਂਟ ਵਿਭਾਗ ਦੇ ਇੰਚਾਰਜ ਡਾ. ਕਮਲਜੀਤ ਕੌਰ ਦਾ ਮਹੱਤਵਪੂਰਨ ਯੋਗਦਾਨ ਰਿਹਾ।ਵਿਭਾਗ ਦੀ ਇਸ ਪਹਿਲਕਦਮੀ ਦੀ ਯੂਨੀਵਰਸਿਟੀ ਦੇ ਡੀਨ ਅਕਾਦਮਿਕ ਮਾਮਲੇ ਪ੍ਰੋ. (ਡਾ:) ਸੁਖਵਿੰਦਰ ਸਿੰਘ ਬਿਲਿੰਗ ਵੱਲੋਂ ਭਰਪੂਰ ਸ਼ਲਾਘਾ ਕੀਤੀ ਗਈ।ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਪ੍ਰੋ. (ਡਾ.) ਪ੍ਰਿਤਪਾਲ ਸਿੰਘ ਨੇ ਵਿਹਾਰਕ ਸਿਖਲਾਈ ਦੇ ਤਜਰਬਿਆਂ ਪ੍ਰਤੀ ਯੂਨੀਵਰਸਿਟੀ ਦੀ ਵਚਨਬੱਧਤਾ ਬਾਰੇ ਤੇ ਮਹੱਤਵ ਬਾਰੇ ਦੱਸਦਿਆਂ ਇਸ ਦੌਰੇ ਦੇ ਆਯੋਜਨ ਲਈ ਸਾਰੀ ਟੀਮ ਦੀ ਪ੍ਰਸ਼ੰਸਾ ਕੀਤੀ।




ਵਿਦਿਆਰਥੀਆਂ ਤੇ ਅਧਿਆਪਕ ਕੰਧਾਰੀ ਬੀਵੇਰੇਜਜ਼ ਦੇ ਦੌਰੇ ਸਮੇਂ ਯਾਦਗਾਰੀ ਤਸਵੀਰ ਖਿਚਵਾਉਂਦੇ ਹੋਏ।

# ਜ਼ਿਲ੍ਹਾ ਚੋਣਕਾਰ ਅਫ਼ਸਰ ਵੱਲੋਂ ਸਮੂਹ ਵੋਟਰਾਂ, ਚੋਣ ਅਮਲੇ, ਪੁਲਸ ਤੇ ਪ੍ਰਸ਼ਾਸਨਕ ਅਧਿਕਾਰੀਆਂ ਦਾ ਧੰਨਵਾਦ

**ਸੰਗਰੂਰ, ਮੂਨਕ (ਪ੍ਰਵੀਨ ਸਿੰਘ, ਰਾਜਪਾਲ ਸਿੰਗਲਾ)** : ਜ਼ਿਲ੍ਹਾ ਸੰਗਰੂਰ 'ਚ ਗ੍ਰਾਮ ਪੰਚਾਇਤ ਚੋਣਾਂ-2024 ਦੌਰਾਨ ਵੋਟ ਪ੍ਰਤੀਸ਼ਤਤਾ 79.45 ਫੀਸਦ ਰਹੀ।ਇਹ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਚੋਣਕਾਰ ਅਫਸਰ- ਕਮ-ਡਿਪਟੀ ਕਮਿਸ਼ਨਰ ਸ੍ਰੀ ਸੰਦੀਪ ਰਿਸ਼ੀ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਪੈਂਦੇ ਅੱਠ ਬਲਾਕਾਂ ਵਿੱਚ ਗ੍ਰਾਮ ਪੰਚਾਇਤ ਚੋਣਾਂ ਦੌਰਾਨ ਕੁੱਲ 5 ਲੱਖ 25 ਹਜ਼ਾਰ 783 ਵੋਟਰਾਂ ਵੱਲੋਂ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕੀਤੀ ਗਈ।ਉਨ੍ਹਾਂ ਨੇ ਜ਼ਿਲ੍ਹੇ ਦੇ ਸਮੂਹ ਵੋਟਰਾਂ, ਚੋਣ ਅਮਲੇ, ਪੁਲਸ ਤੇ ਪ੍ਰਸ਼ਾਸਨਕ ਅਧਿਕਾਰੀਆਂ ਦਾ ਸ਼ਾਂਤਮਈ ਮਾਹੌਲ ਵਿੱਚ ਸਮੁੱਚੀ ਚੋਣ ਪ੍ਰਕਿਰਿਆ ਨੇਪਰੇ ਚੜ੍ਹਾਉਣ ਵਿੱਚ ਸਹਿਯੋਗ ਦੇਣ ਲਈ ਧੰਨਵਾਦ ਕੀਤਾ।

ਜ਼ਿਲ੍ਹਾ ਚੋਣਕਾਰ ਅਫ਼ਸਰ ਸ੍ਰੀ ਸੰਦੀਪ ਰਿਸ਼ੀ ਨੇ ਦੱਸਿਆ ਕਿ ਬਲਾਕ ਅੰਨਦਾਨਾ ਵਿੱਚ 80.54 ਪ੍ਰਤੀਸ਼ਤ, ਬਲਾਕ ਭਵਾਨੀਗੜ੍ਹ ਵਿੱਚ 77.59 ਪ੍ਰਤੀਸ਼ਤ, ਬਲਾਕ ਧੂਰੀ ਵਿੱਚ 79.77 ਪ੍ਰਤੀਸ਼ਤ, ਬਲਾਕ ਦਿੜ੍ਹਬਾ ਵਿੱਚ 79.40 ਪ੍ਰਤੀਸ਼ਤ, ਬਲਾਕ ਲਹਿਰਾਗਾਗਾ ਵਿੱਚ 80.74 ਪ੍ਰਤੀਸ਼ਤ, ਬਲਾਕ ਸੰਗਰੂਰ ਵਿੱਚ 80.46 ਪ੍ਰਤੀਸ਼ਤ, ਬਲਾਕ ਸ਼ੇਰਪੁਰ ਵਿੱਚ 76.52 ਪ੍ਰਤੀਸ਼ਤ ਤੇ ਬਲਾਕ ਸੁਨਾਮ ਵਿੱਚ 80.56 ਪ੍ਰਤੀਸ਼ਤ ਵੋਟਾਂ ਪਈਆਂ।ਜ਼ਿਲ੍ਹਾ ਚੋਣਕਾਰ ਅਫ਼ਸਰ ਸ੍ਰੀ ਸੰਦੀਪ ਰਿਸ਼ੀ, ਜ਼ਿਲ੍ਹਾ ਪੁਲਸ ਮੁਖੀ ਸ੍ਰੀ ਸਰਤਾਜ ਸਿੰਘ ਚਾਹਲ ਤੇ ਵਧੀਕ ਜ਼ਿਲ੍ਹਾ ਚੋਣਕਾਰ ਅਫਸਰ ਸ੍ਰੀ ਸੁਖਚੈਨ ਸਿੰਘ ਪਾਪੜਾ ਨੇ ਜ਼ਿਲ੍ਹੇ ਦੇ ਸਮੁੱਚੇ ਵੋਟਰਾਂ ਦਾ ਸ਼ਾਂਤਮਈ ਵੋਟਿੰਗ ਪ੍ਰਕਿਰਿਆ ਲਈ ਧੰਨਵਾਦ ਕੀਤਾ।ਉਨ੍ਹਾਂ ਚੋਣ ਅਮਲੇ ਤੇ ਰਿਟਰਨਿੰਗ ਅਧਿਕਾਰੀਆਂ ਸਮੇਤ ਸਮੂਹ ਨਾਗਰਿਕਾਂ ਦਾ ਵੀ ਧੰਨਵਾਦ ਕੀਤਾ, ਜਿਨ੍ਹਾਂ ਸਭ ਦੇ ਸਹਿਯੋਗ ਨਾਲ ਜ਼ਿਲ੍ਹਾ ਸੰਗਰੂਰ ਵਿਖੇ ਸਮੁੱਚਾ ਪੋਲਿੰਗ ਕਾਰਜ ਅਮਨ ਅਮਾਨ ਨਾਲ ਨੇਪਰੇ ਚੜ੍ਹਿਆ।

# ਮਾਤਾ ਅਮਰ ਕੌਰ ਸੁਸਾਇਟੀ ਵਿਖੇ ਅੱਖਾਂ ਦਾ ਮੁਫ਼ਤ ਲੈਂਜ ਕੈਂਪ ਭਲਕੇ



**ਜੈਤੋ (ਸਤੀਸ਼ ਕੁਮਾਰ ਭੀਗੀ)**-ਮਾਲਵੇ ਦੀ ਪ੍ਰਸਿੱਧ ਤੇ ਨਾਮਵਰ ਸਮਾਜ ਸੇਵੀ ਸੰਸਥਾ ਮਾਤਾ ਅਮਰ ਕੌਰ ਵਿਵੇਕ ਚੈਰੀਟੇਬਲ ਸੁਸਾਇਟੀ ਰਜਿ: ਚੈਨਾ ਰੋਡ ਜੈਤੋ (ਸੰਤ ਜਲਾਲ ਵਾਲਿਆਂ ਦਾ ਅੱਖਾਂ ਦਾ ਹਸਪਤਾਲ ਜੈਤੋ) ਵਿਖੇ ਬਾਬਾ ਕਰਨੈਲ ਦਾਸ ਜੀ ਦੀ ਯਾਦ ਨੂੰ ਸਮਰਪਤ ਤੇ ਮਹਾਨ ਦਾਨੀ ਮਾਤਾ ਅਮਰ ਕੌਰ ਦੁਲੱਟ ਜੀ ਦੀ ਸਾਲਾਨਾ ਬਰਸੀ ਮੌਕੇ ਗਰੀਬ ਤੇ ਜ਼ਰੂਰਤਮੰਤ ਮਰੀਜ਼ਾਂ ਲਈ ਅੱਖਾਂ ਦਾ ਵਿਸ਼ਾਲ ਮੁਫਤ ਲੈਂਜ ਕੈਂਪ 18 ਅਕਤੂਬਰ ਨੂੰ ਲਗਾਇਆ ਜਾ ਰਿਹਾ ਹੈ।ਇਸ ਕੈਂਪ ਦਾ ਰਸਮੀ ਉਦਘਾਟਨ ਵਿਵੇਕ ਮਿਸ਼ਨ ਚੈਰੀਟੇਬਲ ਟਰੱਸਟ ਦੇ ਚੀਫ ਪੈਟਰਨ ਸਵਾਮੀ ਬ੍ਰਹਮ ਮੁਨੀ ਜੀ ਰੀਬਨ ਕੱਟ ਕੇ ਕਰਨਗੇ।ਮਾਤਾ ਅਮਰ ਕੌਰ ਵਿਵੇਕ ਚੈਰੀਟੇਬਲ ਸੁਸਾਇਟੀ ਦੇ ਪ੍ਰਧਾਨ ਸੰਤ ਰਿਸ਼ੀ ਰਾਮ ਜੀ ਨੇ ਕੈਂਪ ਸਬੰਧੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਕੈਂਪ ਵਿੱਚ ਅੱਖਾਂ ਦੇ ਆਪ੍ਰੇਸ਼ਨਾਂ ਦੇ ਮਾਹਰ ਡਾਕਟਰ ਦੀਪਕ ਗਰਗ, ਡਾ. ਮੈਡਮ ਮੋਨਿਕਾ ਬਲਿਆਨ, ਡਾ. ਮੈਡਮ ਭੁਪਿੰਦਰ ਪਾਲ ਕੌਰ ਤੇ ਡਾ. ਦੀਪਕ ਅਰੋੜਾ ਸਵੇਰੇ 9 ਤੋਂ ਇੱਕ ਵਜੇ ਤੱਕ ਮਰੀਜ਼ਾਂ ਦੀਆਂ ਅੱਖਾਂ ਚੈੱਕ ਕਰਨਗੇ ਤੇ ਜ਼ਰੂਰਤਮੰਦ ਮਰੀਜ਼ਾਂ ਦੇ ਮੁਫਤ ਆਪ੍ਰੇਸ਼ਨ ਕੀਤੇ ਜਾਣਗੇ ਅਤੇ ਜਿਨ੍ਹਾਂ ਮਰੀਜ਼ਾਂ ਨੂੰ ਸ਼ੂਗਰ, ਬਲੱਡ ਪ੍ਰੈਸ਼ਰ ਜਾਂ ਦਿਲ ਦਾ ਰੋਗ ਹੋਵੇਗਾ, ਉਨ੍ਹਾਂ ਨੂੰ ਸਿਰਫ ਦਵਾਈ ਦਿੱਤੀ ਜਾਵੇਗੀ, ਆਪ੍ਰੇਸ਼ਨ ਲਈ ਦਾਖਲ ਨਹੀਂ ਕੀਤਾ ਜਾਵੇਗਾ।ਕੈਂਪ ਦੌਰਾਨ ਮਰੀਜ਼ਾਂ ਲਈ ਰਹਿਣ-ਸਹਿਣ ਤੇ ਲੰਗਰ ਦਾ ਪ੍ਰਬੰਧ ਸੁਸਾਇਟੀ ਵੱਲੋਂ ਮੁਫਤ ਕੀਤਾ ਜਾ ਰਿਹਾ ਹੈ।

# ਕਾਹਨਗੜ੍ਹ ਭੁਤਨਾ 'ਚ ਦਵਿੰਦਰ ਸਿੰਘ ਚੀਮਾ ਸਰਪੰਚੀ ਦੀ ਚੋਣ ਜਿੱਤੇ



**ਸਮਾਣਾ (ਇਕਬਾਲ ਸਿੰਘ ਬੱਲ)**-ਪੰਜਾਬ ਵਿੱਚ ਹੋਈਆਂ ਪੰਚਾਇਤੀ ਚੋਣਾਂ ਦੌਰਾਨ ਬਲਾਕ ਸਮਾਣਾ ਦੀਆਂ ਪੰਚਾਇਤੀ ਚੋਣਾਂ ਸ਼ਾਂਤੀਪੂਰਵਕ ਨੇਪਰੇ ਚੜ੍ਹੀਆਂ।ਸਮਾਣਾ ਬਲਾਕ ਦੇ ਪਿੰਡ ਕਾਹਨਗੜ੍ਹ ਭੁਤਨਾ ਦੇ ਦਵਿੰਦਰ ਸਿੰਘ ਚੀਮਾ ਸਰਪੰਚ ਦੀ ਚੋਣ ਜਿੱਤ ਗਏ, ਜਿਨ੍ਹਾਂ ਨੇ ਆਪਣੇ ਵਿਰੋਧੀ ਉਮੀਦਵਾਰ ਭੁਪਿੰਦਰ ਸਿੰਘ ਨੂੰ ਕਰੀਬ ਡੇਢ ਸੌ ਵੋਟਾਂ ਦੇ ਫਰਕ ਨਾਲ ਹਰਾਇਆ ਹੈ।ਦਵਿੰਦਰ ਸਿੰਘ ਚੀਮਾ ਦੇ ਸਰਪੰਚ ਬਣਨ ਨਾਲ ਪਿੰਡ ਵਾਸੀਆਂ ਵਿੱਚ ਖੁਸ਼ੀ ਦੀ ਲਹਿਰ ਹੈ। ਨਵੇਂ ਬਣੇ ਸਰਪੰਚ ਦਵਿੰਦਰ ਸਿੰਘ ਚੀਮਾ ਨੇ ਕਿਹਾ ਕਿ ਉਹ ਪਿੰਡ ਦੇ ਵਿਕਾਸ ਲਈ ਸਿਰ ਤੋੜ ਯਤਨ ਕਰਨਗੇ ਤੇ ਬਿਨਾਂ ਕਿਸੇ ਭਿੰਨ ਭੇਦ ਦੇ ਪਿੰਡ ਤੇ ਹਰੇਕ ਵਰਗ ਦੇ ਲੋਕਾਂ ਦੇ ਕੰਮ ਕਰਨਗੇ।

# ਕਿਰਪਾਲ ਕੌਰ ਵਿਰੋਧੀ ਨੂੰ 66 ਵੋਟਾਂ ਨਾਲ ਨੂੰ ਹਰਾ ਕੇ ਰਾਜਲਾ ਦੀ ਬਣੀ ਸਰਪੰਚ



**ਸਮਾਣਾ (ਇਕਬਾਲ ਸਿੰਘ ਬੱਲ)**-ਪੰਜਾਬ ਵਿੱਚ ਹੋਈਆਂ ਪੰਚਾਇਤੀ ਚੋਣਾਂ ਦੌਰਾਨ ਬਲਾਕ ਸਮਾਣਾ ਦੀਆਂ ਪੰਚਾਇਤੀ ਚੋਣਾਂ ਸ਼ਾਂਤੀਪੂਰਵਕ ਨੇਪਰੇ ਚੜ੍ਹੀਆਂ।ਸਮਾਣਾ ਬਲਾਕ ਦੇ ਪਿੰਡ ਰਾਜਲਾ ਦੀ ਕਿਰਪਾਲ ਕੌਰ ਪਤਨੀ ਜਥੇਦਾਰ ਸੁਖਵਿੰਦਰ ਸਿੰਘ ਰਾਜਲਾ ਆਪਣੇ ਵਿਰੋਧੀ ਉਮੀਦਵਾਰ ਨੂੰ 66 ਵੋਟਾਂ ਵੱਡੇ ਫਰਕ ਨਾਲ ਹਰਾ ਕੇ ਸਰਪੰਚ ਦੀ ਚੋਣ ਜਿੱਤ ਗਏ।ਕਿਰਪਾਲ ਕੌਰ ਦੇ ਸਰਪੰਚ ਬਣਨ ਨਾਲ ਪਿੰਡ ਵਾਸੀਆਂ ਵਿੱਚ ਖੁਸ਼ੀ ਦੀ ਲਹਿਰ ਹੈ।ਨਵੀਂ ਬਣੀ ਸਰਪੰਚ ਕਿਰਪਾਲ ਕੌਰ ਨੇ ਪ੍ਰਮਾਤਮਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਜਿੱਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਸ਼ੀਰਵਾਦ ਸਦਕਾ ਹੋਈ ਹੈ, ਇਸ ਲਈ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸ਼ੁਕਰਗੁਜ਼ਾਰ ਹਨ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਪਿੰਡ ਵਾਸੀਆਂ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਨ, ਜਿਨ੍ਹਾਂ ਨੇ ਇੱਕ ਇੱਕ ਵੋਟ ਪਾ ਕੇ ਉਸ ਨੂੰ ਵੱਡੇ ਫਰਕ ਨਾਲ ਜਤਾਇਆ ਹੈ। ਉਨ੍ਹਾਂ ਕਿਹਾ ਕਿ ਉਹ ਪਿੰਡ ਦੇ ਸਾਂਝੇ ਕੰਮਾਂ ਨੂੰ ਬਿਨਾਂ ਕਿਸੇ ਵਿਤਕਰੇ ਤੇ ਬਿਨਾਂ ਕਿਸੇ ਪੱਖ-ਪਾਤ ਤੋਂ ਕਰਨਗੇ ਤੇ ਪਿੰਡ ਵਾਸੀਆਂ ਦੇ ਦੁੱਖ ਸੁੱਖ ਵਿੱਚ ਸ਼ਰੀਕ ਹੋਣਗੇ, ਪਿੰਡ ਦੇ ਅਧੂਰੇ ਰਹਿੰਦੇ ਵਿਕਾਸ ਕਾਰਜਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਾਉਣ ਦੀ ਕੋਸ਼ਿਸ਼ ਕਰਨਗੇ।

# ਹਮੀਰਗੜ੍ਹ ਤੋਂ ਬਤੌਰ ਸਰਪੰਚ ਅਜਾਇਬ ਸਿੰਘ ਜੇਤੂ



**ਬਠਿੰਡਾ (ਰਾਜੀਵ ਗੋਇਲ)** : ਸੂਬੇ ਭਰ ਅੰਦਰ ਕੱਲ੍ਹ ਪੰਚਾਇਤੀ ਚੋਣਾਂ ਹੋਈਆਂ ਹਨ ਅਤੇ ਜੇਕਰ ਗੱਲ ਭਗਤਾ ਬਲਾਕ ਦੀ ਕੀਤੀ ਜਾਵੇ ਤਾਂ ਭੋਡੀਪੁਰਾ ਨੂੰ ਛੱਡ ਬਾਕੀ ਸਭ ਪਿੰਡਾਂ ਅੰਦਰ ਇਹ ਚੋਣਾਂ ਅਮਨ-ਅਮਾਨ ਨਾਲ ਨੇਪਰੇ ਚੜ੍ਹ ਗਈਆਂ। ਜੇਕਰ ਗੱਲ ਹਮੀਰਗੜ੍ਹ ਪਿੰਡ ਦੀ ਕੀਤੀ ਜਾਵੇ ਤਾਂ ਇੱਥੇ ਅਜ਼ਾਦ ਉਮੀਦਵਾਰ ਵਜੋਂ ਚੋਣ ਲੜਨ ਵਾਲੇ ਅਜਾਇਬ ਸਿੰਘ ਦੀ ਜਿੱਤ ਹੋਈ ਹੈ। ਦੇਰ ਸ਼ਾਮ ਘੋਸ਼ਿਤ ਕੀਤੇ ਗਏ ਨਤੀਜੇ ਤੋਂ ਬਾਅਦ ਪਿੰਡ 'ਚ ਵਿਆਹ ਵਰਗਾ ਮਾਹੌਲ ਦੇਖਣ ਨੂੰ ਮਿਲਿਆ ਤੇ ਨੌਜਵਾਨਾਂ ਵੱਲੋਂ ਜਿੱਥੇ ਆਤਿਸ਼ਬਾਜ਼ੀ ਕੀਤੀ ਗਈ, ਉੱਥੇ ਹੀ ਲੱਡੂ ਵੰਡਦੇ ਹੋਏ ਹੋਲੀ ਖੇਡੀ ਗਈ। ਜਿੱਤ ਤੋਂ ਬਾਅਦ ਘਰ ਨੂੰ ਪਰਤਦੇ ਹੋਏ ਅਜਾਇਬ ਸਿੰਘ ਦੇ ਕਾਫਲੇ ਨੂੰ ਲੋਕਾਂ ਨੇ ਘਰਾਂ ਦੇ ਬਾਹਰ ਖੜ੍ਹ ਕੇ ਵਧਾਈ ਦਿੰਦੇ ਹੋਏ ਸਵਾਗਤ ਕੀਤਾ ਗਿਆ। ਉਧਰ ਗੱਲਬਾਤ ਕਰਦੇ ਹੋਏ ਨਵੇਂ ਚੁਣੇ ਗਏ ਸਰਪੰਚ ਅਜਾਇਬ ਸਿੰਘ ਦਾ ਕਹਿਣਾ ਸੀ ਕਿ ਉਹ ਪਿੰਡ ਵਾਸੀਆਂ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਨ, ਜਿਨ੍ਹਾਂ ਨੇ ਉਨ੍ਹਾਂ ਨੂੰ ਆਪਣਾ ਉਮੀਦਵਾਰ ਚੁਣਿਆ ਹੈ ਅਤੇ ਨਾਲ ਹੀ ਉਨ੍ਹਾਂ ਇਹ ਵੀ ਕਿਹਾ ਕਿ ਉਹ ਪਿੰਡ ਦੇ ਵਿਕਾਸ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਣਗੇ।

# ਸੰਗਤਪੁਰਾ ਢੈਪਈ 'ਚ ਬਿੰਦਰ ਮਨੀਲਾ ਨੇ ਗੱਡੇ ਜਿੱਤ ਦੇ ਝੰਡੇ

## ਪਿੰਡ ਦੇ ਸਮੂਹ ਵੋਟਰਾਂ ਦਾ ਕੀਤਾ ਦਿਲੋਂ ਧੰਨਵਾਦ



**ਜਗਰਾਉਂ (ਸੰਜੀਵ ਅਰੋੜਾ)**-ਪਿੰਡ ਸੰਗਤਪੁਰਾ ਢੈਪਈ 'ਚ ਪੰਚਾਇਤੀ ਚੋਣਾਂ ਨੂੰ ਲੈ ਕੇ ਮਾਹੌਲ ਭਖਿਆ ਹੋਇਆ ਸੀ, ਜਿਸ ਵਿੱਚ ਲੋਕਾਂ ਦੀ ਆਵਾਜ਼ ਬਣੇ ਗੁਰਬਿੰਦਰ ਸਿੰਘ (ਬਿੰਦਰ ਮਨੀਲਾ) ਦੇ ਹੱਕ ਵਿੱਚ ਫਤਵਾ ਜਾਰੀ ਕੀਤਾ। ਸਰਪੰਚੀ ਦੀ ਚੋਣ ਲੜ ਰਹੇ ਉਮੀਦਵਾਰ ਬਾਈ ਬਿੰਦਰ ਮਨੀਲਾ ਬੀਤੇ ਕੱਲ੍ਹ ਪਈਆਂ ਵੋਟਾਂ ਵਿੱਚ ਵੱਡੀ ਲੀਡ ਨਾਲ ਸਰਪੰਚੀ ਦੀ ਚੋਣ ਜਿੱਤ ਗਏ। ਪਿੰਡ 'ਚ 608 ਵੋਟਾਂ ਪੋਲ ਹੋਈਆਂ, ਜਿਨ੍ਹਾਂ 'ਚ ਬਿੰਦਰ ਮਨੀਲਾ ਨੂੰ 488 ਵੋਟਾਂ ਪਈਆਂ, ਜਦਕਿ ਵਿਰੋਧੀ ਧਿਰ ਨੂੰ ਸਿਰਫ਼ 113 ਵੋਟਾਂ ਮਿਲੀਆਂ ਤੇ 7 ਵੋਟਾਂ ਕੈਂਸਲ ਹੋਈਆਂ। ਜਿੱਤ ਦੀ ਖਬਰ ਸੁਣਦੇ ਹੀ ਪਿੰਡ 'ਚ ਖੁਸ਼ੀ ਦੀ ਲਹਿਰ ਦੌੜ ਗਈ। ਪਿੰਡ ਵਾਸੀਆਂ ਨੇ ਫੁੱਲਾਂ ਦੇ ਹਾਰ ਪਾ ਕੇ ਸਨਮਾਨਤ ਕੀਤਾ। ਜਿੱਤ ਦੀ ਖੁਸ਼ੀ ਵਿੱਚ ਪਿੰਡ ਵਿੱਚ ਲੱਡੂ ਵੰਡੇ ਗਏ। ਦੱਸਣਯੋਗ ਹੈ ਕਿ ਬਾਈ ਬਿੰਦਰ ਮਨੀਲਾ ਇੱਕ ਇਹੋ ਜਿਹੀ ਸ਼ਖ਼ਸੀਅਤ, ਜੋ ਪਿੰਡ ਦੇ ਹਰ ਗਰੀਬ ਅਮੀਰ ਦੇ ਦੁੱਖ ਸੁੱਖ ਵਿੱਚ ਹਮੇਸ਼ਾ ਮੋਢੇ ਨਾਲ ਮੋਢਾ ਲਾ ਕੇ ਖੜਦੇ ਹਨ, ਪਿੰਡ ਦੇ ਕਈ ਕਾਰਜ ਉਨ੍ਹਾਂ ਨੇ ਆਪਣੇ ਜੇਬ ਖਰਚੇ ਵਿੱਚੋਂ ਵੀ ਕੀਤੇ ਹਨ। ਉਨ੍ਹਾਂ ਅਕਾਲੀ ਦਲ ਪਾਰਟੀ ਲਈ ਹਮੇਸ਼ਾ ਨਿਰਸਵਾਰਥ ਸੇਵਾ ਕੀਤੀ ਹੈ। ਅੱਜ ਦੀ ਨੌਜਵਾਨ ਪੀੜ੍ਹੀ ਉਨ੍ਹਾਂ ਨੂੰ ਆਪਣਾ ਆਦਰਸ਼ ਮੰਨਦੀ ਹੈ, ਜੇਕਰ ਕਿਸੇ ਨੇਕ ਕਾਰਜ ਦੀ ਲੋੜ ਹੋਵੇ ਤਾਂ ਉਹ ਵੱਧ ਚੜ੍ਹ ਕੇ ਹਿੱਸਾ ਪਾਉਂਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਪਿੰਡ ਦਾ ਪਹਿਲਾਂ ਵੀ ਵਿਕਾਸ ਕੀਤਾ ਤੇ ਆਉਣ ਵਾਲੇ ਦਿਨਾਂ ਵਿੱਚ ਵੀ ਕਰਾਂਗੇ। ਚੋਣਾਂ 'ਚ ਜਿਤਾਉਣ ਲਈ ਉਨ੍ਹਾਂ ਨੇ ਪਿੰਡ ਵਾਸੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਤੋਂ ਇਲਾਵਾ ਪਿੰਡ ਸੰਗਤਪੁਰਾ ਤੋਂ ਬਿੰਦਰ ਮਨੀਲਾ ਧੜੇ ਨਾਲ ਸਬੰਧਤ ਮਨਜੀਤ ਕੌਰ, ਗੁਰਜੀਤ ਸਿੰਘ, ਜਗਜੀਤ ਸਿੰਘ ਫ਼ੌਜੀ, ਡਾ: ਗੁਰਦੇਵ ਸਿੰਘ, ਮਨਜੀਤ ਕੌਰ, ਕਮਲਜੀਤ ਕੌਰ ਤੇ ਮਨਪ੍ਰੀਤ ਸਿੰਘ ਵੱਡੀ ਲੀਡ ਹਾਸਲ ਕਰਕੇ ਮੈਂਬਰ ਪੰਚਾਇਤ ਚੁਣੇ ਗਏ।

# ਗਾਜੀਪੁਰ ਦੇ ਸੁਰਜੀਤ ਸਿੰਘ ਫੌਜੀ ਆਪਣੇ ਵਿਰੋਧੀ ਉਮੀਦਵਾਰ ਨੂੰ ਵੱਡੇ ਫਰਕ ਨਾਲ ਹਰਾ ਸਰਪੰਚ ਬਣੇ



**ਸਮਾਣਾ (ਇਕਬਾਲ ਸਿੰਘ ਬੱਲ)**-ਪੰਜਾਬ ਵਿੱਚ ਹੋਈਆਂ ਪੰਚਾਇਤੀ ਚੋਣਾਂ ਦੌਰਾਨ ਬਲਾਕ ਸਮਾਣਾ ਦੀਆਂ ਪੰਚਾਇਤੀ ਚੋਣਾਂ ਸ਼ਾਂਤੀਪੂਰਵਕ ਨੇਪਰੇ ਚੜ੍ਹੀਆਂ।ਸਮਾਣਾ ਬਲਾਕ ਦੇ ਪਿੰਡ ਗਾਜੀਪੁਰ ਦੇ ਸੁਰਜੀਤ ਸਿੰਘ ਫੌਜੀ ਆਪਣੇ ਵਿਰੋਧੀ ਉਮੀਦਵਾਰ ਨੂੰ ਵੱਡੇ ਫਰਕ ਨਾਲ ਹਰਾ ਕੇ ਸਰਪੰਚ ਦੀ ਚੋਣ ਜਿੱਤ ਗਏ।ਸੁਰਜੀਤ ਸਿੰਘ ਫੌਜੀ ਦੇ ਸਰਪੰਚ ਬਣਨ ਨਾਲ ਪਿੰਡ ਵਾਸੀਆਂ ਵਿੱਚ ਖੁਸ਼ੀ ਦੀ ਲਹਿਰ ਹੈ। ਨਵੇਂ ਬਣੇ ਸਰਪੰਚ ਸੁਰਜੀਤ ਸਿੰਘ ਫੌਜੀ ਨੇ ਪ੍ਰਮਾਤਮਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਜਿੱਤ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਆਸ਼ੀਰਵਾਦ ਸਦਕਾ ਹੋਈ ਹੈ, ਇਸ ਲਈ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ੁਕਰਗੁਜ਼ਾਰ ਹਨ।ਉਨ੍ਹਾਂ ਕਿਹਾ ਕਿ ਉਹ ਪਿੰਡ ਵਾਸੀਆਂ ਦਾ ਵੀ ਦਿਲੋਂ ਧੰਨਵਾਦ ਕਰਦੇ ਹਨ, ਜਿਨ੍ਹਾਂ ਨੇ ਇੱਕ ਇੱਕ ਵੋਟ ਪਾ ਕੇ ਉਸ ਨੂੰ ਵੱਡੇ ਫਰਕ ਨਾਲ ਜਤਾਇਆ ਹੈ। ਉਨ੍ਹਾਂ ਕਿਹਾ ਕਿ ਉਹ ਪਿੰਡ ਦੇ ਸਾਂਝੇ ਕੰਮਾਂ ਨੂੰ ਬਿਨਾਂ ਕਿਸੇ ਵਿਤਕਰੇ ਤੇ ਬਿਨਾਂ ਕਿਸੇ ਪੱਖ-ਪਾਤ ਤੋਂ ਕਰਨਗੇ ਅਤੇ ਪਿੰਡ ਵਾਸੀਆਂ ਦੇ ਦੁੱਖ-ਸੁੱਖ ਵਿੱਚ ਸ਼ਰੀਕ ਹੋਣਗੇ। ਉਹ ਪਿੰਡ ਦੇ ਅਧੂਰੇ ਰਹਿੰਦੇ ਵਿਕਾਸ ਕਾਰਜਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਾਉਣ ਦੀ ਕੋਸ਼ਿਸ਼ ਕਰਨਗੇ।

# ਬਲਾਕ ਮਮਦੋਟ 'ਚ ਅਮਨ-ਅਮਾਨ ਨਾਲ ਚੋਣਾਂ ਦਾ ਕੰਮ ਮੁਕੰਮਲ

## * ਲਖਮੀਰ ਕੇ ਉਤਾੜ ਭੱਟੀਆਂ 'ਚ ਪ੍ਰਸ਼ਾਸਨ ਨੂੰ ਧਰਨਾਕਾਰੀਆਂ ਅੱਗੇ ਪਿਆ ਝੁਕਣਾ * ਨਹੀਂ ਹੋ ਸਕੀ ਪੰਚਾਇਤੀ ਇਲੈਕਸ਼ਨ



**ਮਮਦੋਟ (ਜਸਬੀਰ ਸਿੰਘ ਕੰਬੋਜ)**-ਜ਼ਿਲ੍ਹਾ ਫਿਰੋਜ਼ਪੁਰ ਦੇ ਬਲਾਕ ਮਮਦੋਟ ਅਧੀਨ ਆਉਂਦੇ ਖੇਤਰ ਵਿੱਚ ਪੰਚਾਇਤੀ ਚੋਣਾਂ ਦਾ ਕੰਮ ਅਮਨ ਅਮਾਨ ਨਾਲ ਨੇਪਰੇ ਚੜ੍ਹਿਆ, ਨਗਰ ਪੰਚਾਇਤ ਮਮਦੋਟ ਤੇ ਗ੍ਰਾਮ ਪੰਚਾਇਤ ਲਖਮੀਰ ਕੇ ਉਤਾੜ ਦੀ ਹੋਈ ਹੱਦਬੰਦੀ ਕਾਰਨ ਲਖਮੀਰ ਕੇ ਉਤਾੜ ਦੀਆਂ 440 ਦੇ ਕਰੀਬ ਵੋਟਾਂ ਕਿਸੇ ਵੀਂ ਪਾਸੇ (ਨਾ ਨਗਰ ਪੰਚਾਇਤ 'ਚ ਤੇ ਨਾ ਲਖਮੀਰ ਕੇ ਉਤਾੜ 'ਚ) ਨਾ ਹੋਣ ਕਾਰਨ ਪਿੰਡ ਵਾਸੀਆਂ ਵੱਲੋਂ ਪੋਲਿੰਗ ਬੂਥ ਦੇ ਅੱਗੇ ਲਗਾਏ ਧਰਨੇ ਕਾਰਨ ਜੋ 163 ਦੇ ਕਰੀਬ ਵੋਟਾਂ ਵਾਲੀ ਪਿੰਡ ਲਖਮੀਰ ਕੇ ਉਤਾੜ ਦੀ ਚੋਣ ਵੀ ਧਰਨਾਕਾਰੀਆਂ ਅੱਗੇ ਝੁਕਦਿਆਂ ਹੋਇਆਂ ਪ੍ਰਸ਼ਾਸਨ ਨੂੰ ਮੁਲਤਵੀ ਕਰਨੀ ਪਈ, ਜਦਕਿ ਪਿਛਲੀ ਵਾਰ ਇਨ੍ਹਾਂ ਵੋਟਾਂ ਤੋਂ ਬਿਨਾਂ ਹੀ ਲਖਮੀਰ ਕੇ ਉਤਾੜ ਦੀ ਪੰਚਾਇਤ ਦੀ ਚੋਣ ਹੋ ਗਈ ਸੀ ਤੇ ਉਸ ਸਮੇਂ ਤੋਂ ਹੀ ਇਹ ਪਿੰਡ ਵਾਸੀ ਆਪਣੀਆਂ ਵੋਟਾਂ ਬਹਾਲ ਕਰਾਉਣ ਵਾਸਤੇ ਜੱਦੋ-ਜਹਿਦ ਕਰ ਰਹੇ ਸਨ, ਪਰ ਕੋਈ ਵੀ ਸਾਰਥਿਕ ਨਤੀਜਾ ਨਾ ਮਿਲਣ ਕਾਰਨ ਬੀਤੇ ਕੱਲ੍ਹ ਤੋਂ ਉਨ੍ਹਾਂ ਪੋਲਿੰਗ ਬੂਥ ਅੱਗੇ ਧਰਨਾ ਲਗਾ ਕੇ ਪੋਲਿੰਗ ਪਾਰਟੀ ਨੂੰ ਪ੍ਰਸ਼ਾਸਨ ਦੇ ਲੱਖ ਯਤਨ ਕਰਨ 'ਤੇ ਵੀ ਪੋਲਿੰਗ ਬੂਥ ਅੰਦਰ ਦਾਖਲ ਨਹੀਂ ਹੋਣ ਦਿੱਤਾ, ਜਿਸ ਕਾਰਨ ਇਸ ਪੰਚਾਇਤ ਦੀ ਚੋਣ ਪ੍ਰਕਿਰਿਆ ਕੈਂਸਲ ਕਰਨੀ ਪਈ। ਪੰਚਾਇਤੀ ਚੋਣਾਂ ਦੇ ਆਏ ਸਰਪੰਚੀ ਦੇ ਨਤੀਜਿਆਂ ਵਿੱਚ ਆਪ ਆਗੂ ਬਲਵਿੰਦਰ ਸਿੰਘ ਨੂੰ ਪਿੰਡ ਰਾਓ ਕੇ ਤੋਂ, ਗੁਰਨਾਮ ਸਿੰਘ ਨੂੰ ਪਿੰਡ ਹਜ਼ਾਰਾ ਸਿੰਘ ਵਾਲਾ ਤੇ ਬਲਵਿੰਦਰ ਸਿੰਘ ਲੱਡੂ ਬਸਤੀ ਹਜ਼ਾਰਾਂ ਸਿੰਘ ਤੋਂ ਜੇਤੂ ਰਹੇ। ਇਸੇ ਤਰ੍ਹਾਂ ਕਮਲਜੀਤ ਕੌਰ ਨੂੰ ਪਿੰਡ ਹੁਸੈਨਸ਼ਾਹ ਵਾਲਾ ਤੋਂ, ਸੰਦੀਪ ਸਿੰਘ ਨੂੰ ਪਿੰਡ ਚਪਾਤੀ ਤੋਂ, ਪਿੰਡ ਕੜਮਾਂ ਤੋਂ ਬਚਿੱਤਰ ਸਿੰਘ, ਪਿੰਡ ਮੱਲਾ ਰਹੀਮੇ ਕੇ (ਸੱਧਰ ਕੇ) ਤੋਂ ਸੁਖਬੀਰ ਕੌਰ ਪਤਨੀ ਬੋਹੜ ਸਿੰਘ ਭੁੱਲਰ, ਪਿੰਡ ਜਾਮਾ ਰਖਾਈਆਂ ਉਤਾੜ ਤੋਂ ਕੁਲਵੰਤ ਸਿੰਘ (ਰੁਹਖੁਸ਼ ਵਾਲੇ) ਮੱਤੜ ਹਿਠਾੜ ਤੋਂ ਲਹੋਰਾ ਸਿੰਘ, ਪਿੰਡ ਪੀਰ ਕੇ ਖ਼ਾਨਗੜ੍ਹ ਤੋਂ ਲਖਵਿੰਦਰ ਸਿੰਘ ਸਿੰਘ ਔਲਖ, ਪਿੰਡ ਹਾਮਦ ਤੋਂ ਮਨਜਿੰਦਰ ਸਿੰਘ (ਕਾਰਗਿਲ ਸ਼ਹੀਦ ਪੰਪ) ਜਾਮਾ ਰਖਈਆਂ ਹਿਠਾੜ ਤੋਂ ਸਰਜੀਤ ਸਿੰਘ, ਪਿੰਡ ਦਰੀਏ ਕੇ ਤੋਂ ਹਰਜਿੰਦਰ ਸਿੰਘ, ਵਾਹਗੇ ਵਾਲਾ ਤੋਂ ਰਵਿੰਦਰ ਸਿੰਘ, ਥੇਹ ਗੁੱਜਰ ਤੋਂ ਰਸਦੀਪ ਸਿੰਘ, ਭੰਬਾ ਹਾਜ਼ੀ ਤੋਂ ਮੇਜਰ ਸਿੰਘ, ਪਿੰਡ ਜਤਾਲਾ ਤੋਂ ਜਸਦੀਪ ਕੌਰ, ਚੱਕ ਦੋਨਾਂ ਰਹੀਮੇ ਕੇ (ਘੋੜੇ ਚੱਕ) ਤੋਂ ਸੋਮਾ ਰਾਣੀ, ਚੱਕ ਭੰਗੇਵਾਲਾ (ਗੱਟੀ ਹਯਾਤ) ਤੋਂ ਜਰਨੈਲ ਸਿੰਘ ਸਿੱਧੂ, ਪਿੰਡ ਕਾਕੜ ਤੋਂ ਗਗਨਦੀਪ ਕੌਰ ਪਤਨੀ ਹੀਰਾ ਸਿੰਘ, ਕੋਟ ਸੂਬਾ ਸਿੰਘ ਤੋਂ ਗੁਰਪ੍ਰੀਤ ਕੌਰ, ਪਿੰਡ ਤੂਰ ਤੋਂ ਦਲਜੀਤ ਕੌਰ ਸਰਪੰਚ ਚੁਣੇ ਗਏ। ਚੁਣੇ ਗਏ ਸਰਪੰਚਾਂ ਦੇ ਘਰ ਸਮਰਥਕਾਂ ਵੱਲੋਂ ਜਸ਼ਨਾਂ ਦਾ ਦੌਰ ਦੇਰ ਰਾਤ ਤੱਕ ਜਾਰੀ ਰਿਹਾ।

# ਕੇਵਲ ਸਿੰਘ ਸਾਬਕਾ ਫੌਜੀ ਚੌਕੀਮਾਨ ਦੇ ਸਰਪੰਚ ਚੁਣੇ



**ਚੌਕੀਮਾਨ (ਬਲਬੀਰ ਮਾਨ)**-ਬੀਤੇ ਦਿਨ ਪੂਰੇ ਪੰਜਾਬ ਅੰਦਰ ਪਈਆਂ ਪੰਚਾਇਤੀ ਚੋਣਾਂ ਵਿੱਚ ਭਾਵੇਂ ਕਈ ਸਥਾਨਾਂ 'ਤੇ ਲੜਾਈ-ਝਗੜੇ ਹੋਣ ਦੀਆਂ ਖਬਰਾਂ ਮਿਲੀਆਂ ਹਨ, ਪ੍ਰੰਤੂ ਹਲਕੇ ਦਾਖਾ ਵਿੱਚ ਕਈ ਥਾਵਾਂ 'ਤੇ ਮਾਮੂਲੀ ਤਕਰਾਰਬਾਜ਼ੀ ਤੋਂ ਹਟ ਕੇ ਵੋਟਾਂ ਅਮਨ ਸ਼ਾਂਤੀ ਨਾਲ ਨਿੱਬੜ ਗਈਆਂ।ਪਿੰਡ ਚੌਕੀਮਾਨ ਵਿਖੇ ਦੇਰ ਰਾਤ ਆਏ ਨਤੀਜੇ ਵਿੱਚ ਸ: ਕੇਵਲ ਸਿੰਘ ਸਾਬਕਾ ਫੌਜੀ ਸਰਪੰਚ ਚੁਣੇ ਗਏ।ਪਾਰਟੀ ਸਮਰਥਕਾਂ ਤੇ ਪਿੰਡ ਵਾਸੀਆਂ ਨੇ ਢੋਲ ਵਜਾ ਕੇ, ਆਤਿਸ਼ਬਾਜ਼ੀ ਚਲਾ ਕੇ ਖੁਸ਼ੀ ਸਾਂਝੀ ਕਰਦਿਆਂ ਨਵੇਂ ਚੁਣੇ ਸਰਪੰਚ ਦਾ ਮੂੰਹ ਮਿੱਠਾ ਕਰਵਾ ਕੇ ਸਵਾਗਤ ਕੀਤਾ।ਇਲਾਕੇ ਦੇ ਪਿੰਡਾਂ ਵਿੱਚ ਸ੍ਰੀਮਤੀ ਰਮਨਦੀਪ ਕੌਰ ਬੜੈਚ, ਜਸਵਿੰਦਰ ਕੌਰ ਚਚਰਾੜੀ, ਪ੍ਰੀਤ ਕੌਰ ਸੂਜਾਪੁਰ, ਰਣਜੀਤ ਕੌਰ ਪੰਡੋਰੀ, ਅਮਰਜੀਤ ਕੌਰ ਜੰਡੀ, ਅਰਸ਼ਬੀਰ ਕੌਰ ਬਾਸੀਆਂ, ਕੁਲਵੰਤ ਕੌਰ ਸਵੱਦੀ ਪੱਛਮੀ, ਜਗਦੀਪ ਕੌਰ ਮੁੱਲਾਂਪੁਰ, ਕਰਮਜੀਤ ਕੌਰ ਮਾਜਰੀ ਆਦਿ ਤੇ ਸ੍ਰ. ਜਗਮੋਹਨ ਸਿੰਘ ਚੱਕ ਕਲਾਂ, ਤੇਜਪਾਲ ਸਿੰਘ ਘਮਨੇਵਾਲ, ਬੂਟਾ ਸਿੰਘ ਪਾਲੀ, ਰਣਜੀਤ ਸਿੰਘ ਭੱਟੀਆਂ, ਸਰਬਜੀਤ ਸਿੰਘ ਸ਼ੇਖੂਪੁਰਾ, ਜਗਵਿੰਦਰ ਸਿੰਘ ਖੰਜਰਵਾਲ, ਜੋਗਿੰਦਰ ਸਿੰਘ ਜੱਸੋਵਾਲ, ਮਨਪ੍ਰੀਤ ਸਿੰਘ ਤਲਵੰਡੀ ਖੁਰਦ, ਪ੍ਰਮਿੰਦਰ ਸਿੰਘ ਤਲਵੰਡੀ ਕਲਾਂ, ਛਿੰਦਰਪਾਲ ਸਿੰਘ ਜਾਂਗਪੁਰ, ਜਗਦੀਪ ਸਿੰਘ ਸਵੱਦੀ ਪੂਰਬੀ ਤੋਂ ਆਪਣੇ ਵਿਰੋਧੀਆਂ ਨੂੰ ਹਰਾ ਕੇ ਸਰਪੰਚ ਦੇ ਅਹੁਦੇ ਦੇ ਦਾਅਵੇਦਾਰ ਬਣ ਕੇ ਸਰਪੰਚ ਚੁਣੇ ਗਏ।

# ਵਰਲਡ ਯੂਨੀਵਰਸਿਟੀ ਵਿਖੇ ਪਲਾਸਟਿਕ ਵੇਸਟ ਮੈਨੇਜਮੈਂਟ 'ਤੇ ਜਾਗਰੂਕਤਾ ਮੁਹਿੰਮ



**ਸ੍ਰੀ ਫਤਿਹਗੜ੍ਹ ਸਾਹਿਬ, (ਪ੍ਰਮੋਦ ਭਾਰਦਵਾਜ)**-ਭਾਰਤ ਸਰਕਾਰ ਦੀ 'ਵਿਸ਼ੇਸ਼ ਮੁਹਿੰਮ 4.0' ਦੇ ਹਿੱਸੇ ਵਜੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੇ ਸਿੱਖਿਆ ਵਿਭਾਗ ਨੇ ਵਾਤਾਵਰਣ ਸਥਿਰਤਾ ਨੂੰ ਉਤਸ਼ਾਹਤ ਕਰਨ ਦੇ ਉਦੇਸ਼ ਨਾਲ ਇੱਕ ਮਹੀਨੇ ਦੀ ਜਾਗਰੂਕਤਾ ਮੁਹਿੰਮ ਚਲਾਈ।ਰਹਿੰਦ-ਖੂੰਹਦ ਦੇ ਪ੍ਰਬੰਧਨ ਤੇ ਵਾਤਾਵਰਣ ਪ੍ਰਤੀ ਜਾਗਰੂਕਤਾ ਨੂੰ ਉਤਸ਼ਾਹਤ ਕਰਨ ਲਈ ਮੁਹਿੰਮ ਦੌਰਾਨ ਵੱਖ-ਵੱਖ ਸਮਾਗਮਾਂ ਤੇ ਗਤੀਵਿਧੀਆਂ ਆਯੋਜਤ ਕੀਤੀਆਂ ਗਈਆਂ।ਇਨ੍ਹਾਂ ਵਿੱਚੋਂ ਪਹਿਲਾ ਬਿਸਲੇਰੀ ਇੰਟਰਨੈਸ਼ਨਲ ਪ੍ਰਾਈਵੇਟ ਲਿਮਟਿਡ ਦੁਆਰਾ 'ਬੋਟਲਜ਼ ਫਾਰ ਚੇਂਜ' 'ਤੇ ਜਾਗਰੂਕਤਾ ਸੈਸ਼ਨ ਵਿੱਚ ਲਿਮਟਿਡ, ਰੀਸਾਈਕਲਿੰਗ ਵਿਕਲਪਾਂ ਤੇ ਰਹਿੰਦ-ਖੂੰਹਦ ਪ੍ਰਬੰਧਨ ਅਭਿਆਸਾਂ 'ਤੇ ਧਿਆਨ ਕੇਂਦਰਤ ਕੀਤਾ ਗਿਆ।ਇਸ ਸੈਸ਼ਨ ਦੇ ਰਿਸੋਰਸ ਪਰਸਨ ਸ੍ਰ. ਸੁਖਪਾਲ ਸਿੰਘ ਸਨ।ਉਨ੍ਹਾ ਨੇ ਰੀਸਾਈਕਲਿੰਗ ਵਿਕਲਪਾਂ ਤੇ ਕੂੜਾ ਪ੍ਰਬੰਧਨ 'ਤੇ ਇੱਕ ਦਿਲਚਸਪ ਤੇ ਜਾਣਕਾਰੀ ਭਰਪੂਰ ਭਾਸ਼ਣ ਦਿੱਤਾ।ਉਨ੍ਹਾਂ ਪਲਾਸਟਿਕ ਦੇ ਕੂੜੇ ਤੋਂ ਪੈਦਾ ਹੋਣ ਵਾਲੀਆਂ ਵੱਖ-ਵੱਖ ਚੁਣੌਤੀਆਂ ਨੂੰ ਉਜਾਗਰ ਕੀਤਾ ਤੇ ਪਲਾਸਟਿਕ ਦੀਆਂ ਬੋਤਲਾਂ ਨੂੰ ਉਪਯੋਗੀ ਉਤਪਾਦਾਂ ਵਿੱਚ ਰੀਸਾਈਕਲ ਕਰਨ ਲਈ ਵਿਹਾਰਕ ਕਦਮਾਂ ਦੀ ਰੂਪ-ਰੇਖਾ ਦੱਸੀ, ਤਾਂ ਜੋ ਵਾਤਾਵਰਣ ਨੂੰ ਹੋਣ ਵਾਲੇ ਨੁਕਸਾਨ ਨੂੰ ਘੱਟ ਕੀਤਾ ਜਾ ਸਕੇ।ਉਨ੍ਹਾਂ ਦੇ ਸੈਸ਼ਨ ਵਿੱਚ ਸਰੋਤਾਂ 'ਤੇ ਰਹਿੰਦ-ਖੂੰਹਦ ਨੂੰ ਘਟਾਉਣ ਤੇ ਵਿਅਕਤੀਆਂ ਅਤੇ ਭਾਈਚਾਰਿਆਂ ਵਿੱਚ ਜ਼ਿੰਮੇਵਾਰ ਖਪਤ ਦੀ ਮਾਨਸਿਕਤਾ ਨੂੰ ਉਤਸ਼ਾਹਤ ਕਰਨ ਲਈ ਨਵੀਨਤਾਕਾਰੀ ਹੱਲ ਵੀ ਸ਼ਾਮਲ ਕੀਤੇ ਗਏ।

ਸਿੱਖਿਆ ਵਿਭਾਗ ਦੇ ਮੁਖੀ ਡਾ: ਹਰਨੀਤ ਬਿਲਿੰਗ ਨੇ ਪਲਾਸਟਿਕ ਵੇਸਟ ਪ੍ਰਬੰਧਨ ਦੇ ਸੰਦੇਸ਼ ਨੂੰ ਅੱਗੇ ਵਧਾਉਣ ਲਈ ਵਿੱਦਿਅਕ ਸੰਸਥਾਵਾਂ ਤੇ ਨਾਗਰਿਕਾਂ ਦੀ ਭੂਮਿਕਾ 'ਤੇ ਜ਼ੋਰ ਦਿੰਦੇ ਹੋਏ ਮੁਹਿੰਮ ਦੇ ਉਦੇਸ਼ ਸਾਂਝੇ ਕੀਤੇ।ਉਨ੍ਹਾਂ ਸਾਰੇ ਭਾਗੀਦਾਰਾਂ ਨੂੰ ਆਪਣੇ ਰੋਜ਼ਾਨਾ ਜੀਵਨ ਵਿੱਚ ਵਾਤਾਵਰਣ ਟਿਕਾਊ ਅਭਿਆਸਾਂ ਨੂੰ ਅਪਣਾਉਣ ਲਈ ਉਤਸ਼ਾਹਤ ਕੀਤਾ।ਇਸ ਸਮਾਗਮ ਦਾ ਸੰਚਾਲਨ ਡਾ: ਰਮਨਜੀਤ ਕੌਰ ਤੇ ਸ੍ਰੀਮਤੀ ਗੁਰਵਿੰਦਰ ਕੌਰ, ਸਿੱਖਿਆ ਵਿਭਾਗ ਦੇ ਸਹਾਇਕ ਪ੍ਰੋਫੈਸਰਾਂ ਨੇ ਕੀਤਾ।ਸਥਿਰਤਾ ਦੇ ਸੰਦੇਸ਼ ਨੂੰ ਵਧਾਉਣ ਲਈ ਇੱਕ ਰੰਗੋਲੀ ਮੁਕਾਬਲਾ ਤੇ ਈ-ਪੋਸਟਰ ਡਿਜ਼ਾਈਨਿੰਗ ਮੁਕਾਬਲਾ ਆਯੋਜਤ ਕੀਤਾ ਗਿਆ, ਜਿਸ ਵਿੱਚ ਵਿਦਿਆਰਥੀਆਂ ਨੇ ਕੂੜਾ ਪ੍ਰਬੰਧਨ ਦੇ ਵਿਸ਼ੇ 'ਤੇ ਆਪਣੀ ਰਚਨਾਤਮਕਤਾ ਦਾ ਪ੍ਰਦਰਸ਼ਨ ਕੀਤਾ। ਰਚਨਾਤਮਕ ਆਉਟਪੁੱਟ ਪੂਰੇ ਕੈਂਪਸ ਵਿੱਚ ਪ੍ਰਮੁੱਖਤਾ ਨਾਲ ਪ੍ਰਦਰਸ਼ਤ ਕੀਤੇ ਗਏ ਸਨ।

ਪ੍ਰੋ. (ਡਾ.) ਸੁਖਵਿੰਦਰ ਸਿੰਘ ਬਿਲਿੰਗ, ਅਕਾਦਮਿਕ ਮਾਮਲਿਆਂ ਦੇ ਡੀਨ ਨੇ ਇਸ ਪਹਿਲਕਦਮੀ ਲਈ ਆਪਣੀ ਖੁਸ਼ੀ ਪ੍ਰਗਟ ਕੀਤੀ।ਉਨ੍ਹਾਂ ਵਿਭਾਗ ਦੀ ਇਸ ਮੁਹਿੰਮ ਦੇ ਆਯੋਜਨ ਲਈ ਪ੍ਰਸ਼ੰਸਾ ਕੀਤੀ, ਜੋ ਨਾ ਸਿਰਫ ਰਾਸ਼ਟਰੀ ਤਰਜੀਹਾਂ ਨਾਲ ਮੇਲ ਖਾਂਦੀ ਹੈ, ਬਲਕਿ ਵਿਦਿਆਰਥੀਆਂ ਨੂੰ ਸਾਰਥਕ ਤੇ ਇੰਟਰਐਕਟਿਵ ਤਰੀਕਿਆਂ ਨਾਲ ਵੀ ਸ਼ਾਮਲ ਕਰਦੀ ਹੈ।ਉਨ੍ਹਾਂ ਸੈਸ਼ਨ ਦੇ ਪਿੱਛੇ ਦ੍ਰਿਸ਼ਟੀਕੋਣ ਤੇ ਹਰੇ ਭਰੇ ਭਵਿੱਖ ਦੀ ਸਿਰਜਣਾ 'ਤੇ ਇਸ ਦੇ ਸੰਭਾਵੀ ਪ੍ਰਭਾਵ ਦੀ ਪ੍ਰਸ਼ੰਸਾ ਵੀ ਕੀਤੀ।

ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. (ਡਾ.) ਪ੍ਰਿਤਪਾਲ ਸਿੰਘ ਨੇ ਵੀ ਇਨ੍ਹਾਂ ਉਪਰਾਲਿਆਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਉਪਰਾਲੇ ਵਾਤਾਵਰਨ ਪ੍ਰਤੀ ਜਾਗਰੂਕਤਾ ਪੈਦਾ ਕਰਨ ਤੇ ਨੌਜਵਾਨ ਪੀੜ੍ਹੀ ਨੂੰ ਵਾਤਾਵਰਨ ਸੰਭਾਲ ਵਿੱਚ ਸਰਗਰਮ ਭਾਗੀਦਾਰ ਬਣਨ ਲਈ ਉਤਸ਼ਾਹਤ ਕਰਨ ਲਈ ਮਹੱਤਵਪੂਰਨ ਹਨ।ਉਨ੍ਹਾਂ ਵਿਦਿਆਰਥੀਆਂ ਤੇ ਸਟਾਫ ਨੂੰ ਆਪਣੇ ਰੋਜ਼ਾਨਾ ਦੇ ਕੰਮਾਂ ਵਿੱਚ ਰੀਸਾਈਕਲ ਤੇ ਵਾਤਾਵਰਣ ਸਥਿਰਤਾ ਦੇ ਸਿਧਾਂਤਾਂ ਨੂੰ ਅੱਗੇ ਵਧਾਉਣ ਦੀ ਅਪੀਲ ਕੀਤੀ।

# ਦਿਆਲਪੁਰਾ ਮਿਰਜ਼ਾ ਤੋਂ ਸੁਰਿੰਦਰ ਕੌਰ ਨੂੰ ਮਿਲੀ ਸਰਪੰਚੀ

## ਗੁਰਸੇਵਕ ਸਿੰਘ ਸੋਨੀ ਦੇ ਘਰ ਵਧਾਈਆਂ ਦੇਣ ਵਾਲਿਆਂ ਦਾ ਲੱਗਿਆ ਤਾਂਤਾ



**ਬਠਿੰਡਾ (ਰਾਜੀਵ ਗੋਇਲ)** : ਪੰਚਾਇਤੀ ਚੋਣਾਂ ਵਿੱਚ ਭਗਤਾ ਬਲਾਕ ਅੰਦਰ ਕੁਝ ਲੇਡੀਜ਼ ਲਈ ਵੀ ਰਾਖਵਾਂਕਰਨ ਕੀਤਾ ਗਿਆ ਸੀ ਅਤੇ ਜ਼ਿਲ੍ਹੇ ਦੇ ਭਗਤਾ ਭਾਈ ਕਾ ਕਸਬੇ ਦੇ ਨੇੜਲੇ ਪਿੰਡ ਦਿਆਲਪੁਰਾ ਮਿਰਜ਼ਾ ਤੋਂ ਕਾਂਗਰਸੀ ਆਗੂ ਗੁਰਸੇਵਕ ਸਿੰਘ ਸੋਨੀ ਦੀ ਮਾਤਾ 'ਸੁਰਿੰਦਰ ਕੌਰ' ਨੂੰ ਸਰਪੰਚ ਦੀ ਕੁਰਸੀ ਨਸੀਬ ਹੋਈ ਹੈ। ਗੱਲਬਾਤ ਕਰਦੇ ਹੋਏ ਸਰਪੰਚ ਸੁਰਿੰਦਰ ਕੌਰ ਨੇ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਉਨ੍ਹਾਂ ਨਾਲ ਬਹੁਤ ਧੱਕਾ ਕੀਤਾ ਗਿਆ ਹੈ, ਪਰ ਉਹ ਪਿੰਡ ਦੇ ਲੋਕਾਂ ਦਾ ਅਹਿਸਾਨ ਕਦੇ ਨਹੀਂ ਭੁੱਲਣਗੇ, ਜਿਨ੍ਹਾਂ ਨੇ ਉਨ੍ਹਾਂ ਨੂੰ ਪਿੰਡ ਦਾ ਬਤੌਰ ਸਰਪੰਚ ਉਮੀਦਵਾਰ ਸਵੀਕਾਰ ਕੀਤਾ ਹੈ। ਉਧਰ ਦੂਜੇ ਪਾਸੇ ਗੁਰਸੇਵਕ ਸਿੰਘ ਸੋਨੀ ਨੂੰ ਉਨ੍ਹਾਂ ਦੇ ਗ੍ਰਹਿ ਵਿਖੇ ਵਧਾਈਆਂ ਦੇਣ ਵਾਲਿਆਂ ਦਾ ਤਾਂਤਾ ਲੱਗਿਆ ਰਿਹਾ। ਇਸ ਚੋਣ ਵਿੱਚ ਸਾਬਕਾ ਵਜ਼ੀਰ ਗੁਰਪ੍ਰੀਤ ਸਿੰਘ ਕਾਂਗੜ ਤੇ ਉੱਘੇ ਟਰਾਂਸਪੋਰਟਰ ਤੀਰਥ ਸਿੰਘ ਸਿੱਧੂ ਸਮੇਤ ਪਿੰਡ ਦੇ ਸਮੂਹ ਕਾਂਗਰਸੀ ਆਗੂਆਂ ਦਾ ਵੱਡਮੁੱਲਾ ਯੋਗਦਾਨ ਰਿਹਾ, ਜਿਨ੍ਹਾਂ ਨੇ ਇਸ ਚੋਣ ਮੁਹਿੰਮ ਵਿੱਚ ਮਾਤਾ ਸੁਰਿੰਦਰ ਕੌਰ ਦਾ ਸਾਥ ਦਿੱਤਾ। ਇਸ ਮੌਕੇ ਸਮੂਹ ਪਰਵਾਰ ਵੱਲੋਂ ਸਾਬਕਾ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ, ਤੀਰਥ ਸਿੱਧੂ ਤੇ ਹਰਜੀਤ ਸਿੰਘ ਦਾ ਵੀ ਵਿਸ਼ੇਸ਼ ਧੰਨਵਾਦ ਕੀਤਾ ਗਿਆ ਹੈ।

17-Oct-PAGE-11-Majha-2024.qxd 10/16/2024 10:41 PM Page 1



# ਪੱਖੇ ਨਾਲ ਲਟਕ ਕੇ ਜੀਵਨ ਲੀਲ੍ਹਾ ਕੀਤੀ ਸਮਾਪਤ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)- ਬੀਤੇ ਸੋਮਵਾਰ ਦੀ ਦੇਰ ਸ਼ਾਮ ਨੂੰ ਪਿੰਡ ਨਾਥਪੁਰ ਦੇ ਇੱਕ ਵਿਅਕਤੀ ਵੱਲੋਂ ਇੱਕ ਔਰਤ ਅਤੇ ਵਿਅਕਤੀ ਦੇ ਕੋਲੋਂ ਦੁਖੀ ਹੋ ਕੇ ਪੱਖੇ ਨਾਲ ਲਟਕ ਕੇ ਜੀਵਨ ਲੀਲ੍ਹਾ ਸਮਾਪਤ ਕੀਤੇ ਜਾਣ ਦਾ ਸਮਾਚਾਰ ਮਿਲਿਆ। ਜਾਣਕਾਰੀ ਅਨੁਸਾਰ ਸੋਹਨ ਲਾਲ ਪੁੱਤਰ ਬੂਟਾ ਰਾਮ ਪਿੰਡ ਨਾਥਪੁਰ ਵਿਖੇ ਜੋ ਇੱਕ ਕਿਰਾਏ ਦੇ ਮਕਾਨ ਵਿੱਚ ਰਹਿੰਦਾ ਸੀ, ਬੀਤੀ ਦੇਰ ਸ਼ਾਮ ਉਸ ਨੇ ਆਪਣੇ ਘਰ ਦੇ ਕਮਰੇ ਵਿੱਚ ਪੱਖੇ ਨਾਲ ਲਟਕ ਕੇ ਆਪਣੀ ਜੀਵਨ ਲੀਲ੍ਹਾ ਸਮਾਪਤ ਕਰ ਲਈ। ਉਕਤ ਸਾਰੀ ਘਟਨਾ ਦਾ ਉਸ ਵੇਲੇ ਪਤਾ ਲੱਗਾ ਜਦੋਂ ਮ੍ਰਿਤਕ ਦੇ ਘਰ ਵਿੱਚ ਰੋਟੀ ਪਕਾਉਣ ਦੇ ਲਈ ਕੰਮ ਵਾਲੀ ਉਨ੍ਹਾਂ ਦੇ ਘਰ ਦੇਰ ਸ਼ਾਮ ਨੂੰ ਰਾਤ ਦੀ ਰੋਟੀ ਪਕਾਉਣ ਲਈ ਆਈ ਤਾਂ ਉਸ ਨੇ ਬਾਹਰ ਦਾ ਦਰਵਾਜ਼ਾ ਖੜਕਾਇਆ ਤਾਂ ਅੰਦਰੋਂ ਦਰਵਾਜ਼ਾ ਨਹੀਂ ਖੋਲ੍ਹਿਆ। ਜਦੋਂ ਉਸ ਨੇ ਆਂਢ ਗਵਾਂਢ ਵਿੱਚ ਅਤੇ ਮਕਾਨ ਮਾਲਕਾਂ ਨੂੰ ਸੂਚਿਤ ਕੀਤਾ ਤਾਂ ਮਕਾਨ ਮਾਲਕ ਨੇ ਪਹੁੰਚ ਕੇ ਪੌੜੀ ਲਗਾ ਕੇ ਕੰਧ ਟੱਪ ਕੇ ਅੰਦਰ ਜਾ ਕੇ ਦੇਖਿਆ ਤਾਂ ਮ੍ਰਿਤਕ ਵਿਅਕਤੀ ਪੱਖੇ ਨਾਲ ਗਲ ਵਿੱਚ ਪਰਨਾ ਪਾਈ ਲਟਕਿਆ ਪਿਆ ਸੀ। ਜਿਸ ਦੀ ਇਤਲਾਹ ਉਸ ਨੇ ਆਪਣੇ ਆਸ ਪਾਸ ਆਂਢੀਆਂ ਗੁਆਂਢੀਆਂ ਨੂੰ ਦਿੱਤੀ ਅਤੇ ਕਾਦੀਆਂ ਪੁਲਸ ਨੂੰ ਸੂਚਿਤ ਕੀਤਾ। ਉਕਤ ਵਿਅਕਤੀ ਦੇ ਕੋਲੋਂ ਇੱਕ ਸੂਸਾਈਡ ਨੋਟ ਮਿਲਿਆ ਜਿਸ ਵਿੱਚ ਇੱਕ ਔਰਤ ਤੇ ਵਿਅਕਤੀ ਦਾ ਨਾਂਅ ਲਿਖਿਆ ਹੋਇਆ ਸੀ ਜਿਨ੍ਹਾਂ ਤੋਂ ਦੁਖੀ ਹੋ ਕੇ ਵਿਅਕਤੀ ਨੇ ਆਪਣੀ ਜੀਵਨ ਲੀਲ੍ਹਾ ਸਮਾਪਤ ਕੀਤੀ।ਸੂਸਾਈਡ ਨੋਟ 'ਚ ਪੈਸਿਆਂ ਦੇ ਲੈਣ ਦੇਣ ਦਾ ਮਾਮਲਾ ਦੱਸਿਆ ਜਾ ਰਿਹਾ ਹੈ।

ਉਧਰ ਕਾਦੀਆਂ ਪਲਸ ਦੇ ਏ ਐਸ ਆਈ ਮੰਗਲ ਸਿੰਘ, ਏ ਐਸ ਆਈ ਘਣਸ਼ਾਮ ਸਮੇਤ ਪੁਲਸ ਪਾਰਟੀ ਨੇ ਮੌਕੇ 'ਤੇ ਪਹੁੰਚ ਕੇ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਮ੍ਰਿਤਕ ਦੇ ਪਰਵਾਰਕ ਮੈਂਬਰਾਂ ਨੂੰ ਸੂਚਿਤ ਕੀਤਾ ਅਤੇ ਲਾਸ਼ ਨੂੰ ਬਟਾਲਾ ਸਿਵਲ ਹਸਪਤਾਲ ਵਿੱਚ ਭੇਜ ਦਿੱਤਾ। ਥਾਣਾ ਕਾਦੀਆਂ ਦੇ ਐਸ ਐਚ ਓ ਪਰਮਿੰਦਰ ਸਿੰਘ ਸਿੱਧੂ ਨੇ ਦੱਸਿਆ ਕਿ ਜੋ ਵੀ ਪਰਵਾਰਕ ਮੈਂਬਰ ਬਿਆਨ ਦਰਜ ਕਰਵਾਉਣਗੇ ਉਸ ਦੇ ਅਧਾਰ 'ਤੇ ਅਗਲੀ ਕਾਨੂੰਨੀ ਕਾਰਵਾਈ ਨੂੰ ਅਮਲ ਵਿੱਚ ਲਿਆਂਦਾ ਜਾਵੇਗਾ।

# ਪ੍ਰੋ. ਸਾਈ ਬਾਬਾ ਦੀ ਮੌਤ ਹਕੂਮਤੀ ਜਬਰ ਹੇਠ ਇੱਕ ਯੋਜਨਾਬੱਧ ਨਿਆਂਇਕ ਕਤਲ : ਤਰਕਸ਼ੀਲ ਸੁਸਾਇਟੀ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਤਰਕਸ਼ੀਲ ਸੁਸਾਇਟੀ ਪੰਜਾਬ ਨੇ ਸਮਾਜਿਕ ਕਾਰਕੁਨ ਅਤੇ ਦਿੱਲੀ ਯੂਨੀਵਰਸਿਟੀ ਦੇ ਪ੍ਰੋ. ਜੀ.ਐਨ ਸਾਈ ਬਾਬਾ ਦੀ ਮੌਤ ਉਤੇ ਗਹਿਰਾ ਦੁੱਖ ਪ੍ਰਗਟ ਕਰਦਿਆਂ ਇਸ ਨੂੰ ਹਕੂਮਤੀ ਜਬਰ ਹੇਠ ਇਕ ਯੋਜਨਾਬੱਧ ਨਿਆਂਇਕ ਕਤਲ ਕਰਾਰ ਦਿੱਤਾ ਹੈ ਅਤੇ ਉਸ ਨੂੰ ਗੰਭੀਰ ਬਿਮਾਰੀ ਦੀ ਹਾਲਤ ਵਿੱਚ ਦਸ ਸਾਲ ਨਜਾਇਜ਼ ਜੇਲ੍ਹ ਵਿੱਚ ਰੱਖਣ ਅਤੇ ਯੋਗ ਇਲਾਜ ਨਾ ਕਰਵਾਉਣ ਲਈ ਜ਼ਿੰਮੇਵਾਰ ਪੁਲਸ ਅਤੇ ਜਾਂਚ ਏਜੰਸੀ ਦੇ ਅਧਿਕਾਰੀਆਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕਰਨ ਦੀ ਸੁਪਰੀਮ ਕੋਰਟ ਤੋਂ ਜ਼ੋਰਦਾਰ ਮੰਗ ਕੀਤੀ ਹੈ।ਇਸ ਸੰਬੰਧੀ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾ ਕਮੇਟੀ ਆਗੂਆਂ ਮਾਸਟਰ ਰਾਜਿੰਦਰ ਭਦੌੜ, ਹੇਮ ਰਾਜ ਸਟੈਨੋ, ਬਲਬੀਰ ਲੌਂਗੋਵਾਲ, ਰਾਜਪਾਲ ਬਠਿੰਡਾ, ਰਾਮ ਸਵਰਨ ਲੱਖੇਵਾਲੀ ਅਤੇ ਸੁਮੀਤ ਅੰਮ੍ਰਿਤਸਰ ਨੇ ਤਰਕਸ਼ੀਲ ਭਵਨ ਬਰਨਾਲਾ ਤੋਂ ਜਾਰੀ ਇਕ ਬਿਆਨ ਵਿੱਚ ਕਿਹਾ ਕਿ ਪ੍ਰੋ. ਸਾਈ ਬਾਬਾ ਦੀ ਕਿਸੇ ਵੀ ਮਾਓਵਾਦੀ ਹਿੰਸਾ ਵਿੱਚ ਸਿੱਧੀ ਜਾਂ ਅਸਿੱਧੀ ਸ਼ਮੂਲੀਅਤ ਸਾਬਤ ਨਾ ਹੋਣ ਦੇ ਬਾਵਜੂਦ ਪੁਲਸ ਅਤੇ ਕੇਂਦਰੀ ਜਾਂਚ ਏਜੰਸੀਆਂ ਵੱਲੋਂ ਉਸ ਨੂੰ ਅਤੇ ਪੰਜ ਹੋਰਨਾਂ ਸਮਾਜਿਕ ਕਾਰਕੁਨਾਂ ਨੂੰ ਯੂ ਏ ਪੀ ਏ ਤਹਿਤ ਦਰਜ ਕੀਤੇ ਝੂਠੇ ਕੇਸ ਵਿਚ ਝੂਠੇ ਸਬੂਤ ਘੜ ਕੇ ਇਕ ਸਾਜ਼ਿਸ਼ ਹੇਠ ਉਮਰ ਕੈਦ ਦੀ ਨਜਾਇਜ਼ ਸਜ਼ਾ ਦਿਵਾਈ ਗਈ ਅਤੇ ਉਸ ਨੂੰ ਕਈ ਗੰਭੀਰ ਬਿਮਾਰੀਆਂ ਦੀ ਹਾਲਤ ਵਿੱਚ ਦਸ ਸਾਲ ਨਾਗਪੁਰ ਦੀ ਕੇਂਦਰੀ ਜੇਲ੍ਹ ਦੇ ਅੰਡਾ ਸੈਲ ਵਿਚ ਨਜਾਇਜ਼ ਨਜ਼ਰਬੰਦ ਕਰਕੇ ਅਣਮਨੁੱਖੀ ਤਸ਼ੱਦਦ ਕੀਤਾ ਗਿਆ। ਉਨ੍ਹਾਂ ਕਿਹਾ ਕਿ ਪ੍ਰੋ. ਸਾਈ ਬਾਬਾ ਦੀ ਮੌਤ ਭਾਰਤੀ ਨਿਆਂ ਪ੍ਰਣਾਲੀ ਅਤੇ ਜਮਹੂਰੀਅਤ ਦੇ ਮੱਥੇ 'ਤੇ ਕਲੰਕ ਹੈ ਜਿਸ ਲਈ ਦੋਸ਼ੀਆਂ ਨੂੰ ਸਖ਼ਤ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ। ਸੂਬਾ ਕਮੇਟੀ ਮੈਂਬਰਾਂ ਰਾਜੇਸ਼ ਅਕਲੀਆ, ਜਸਵਿੰਦਰ ਫਗਵਾੜਾ, ਜਸਵੰਤ ਮੋਹਾਲੀ, ਅਜੀਤ ਪ੍ਰਦੇਸੀ, ਜੋਗਿੰਦਰ ਕੁੱਲੇਵਾਲ, ਗੁਰਪ੍ਰੀਤ ਸ਼ਹਿਣਾ, ਸੰਦੀਪ ਧਾਰੀਵਾਲ ਭੋਜਾਂ ਅਤੇ ਜ਼ੋਨ ਮੁਖੀ ਮਾਸਟਰ ਪਰਮਵੇਦ ਨੇ ਮੋਦੀ ਸਰਕਾਰ 'ਤੇ ਕੇਂਦਰੀ ਜਾਂਚ ਏਜੰਸੀਆਂ ਅਤੇ ਨਿਆਂਪਾਲਿਕਾ ਦੀ ਦੁਰਵਰਤੋਂ ਦਾ ਦੋਸ਼ ਲਾਉਂਦਿਆ ਕਿਹਾ ਕਿ ਪ੍ਰੋ. ਸਾਈ ਬਾਬਾ ਜੋ ਕਿ ਕਈ ਗੰਭੀਰ ਬਿਮਾਰੀਆਂ ਤੋਂ ਪੀੜਤ ਸਨ, ਨੂੰ ਰਾਈਟਸ ਆਫ ਪਰਸਨਜ਼ ਵਿਦ ਡਿਸਅਬਿਲਟੀ ਐਕਟ-2016 ਤਹਿਤ ਮਿਲੇ ਵਿਸ਼ੇਸ਼ ਮੌਲਿਕ ਅਧਿਕਾਰਾਂ ਅਨੁਸਾਰ ਵਿਸ਼ੇਸ਼ ਰਾਹਤ ਦੇ ਕੇ ਬਿਨਾਂ ਸ਼ਰਤ ਰਿਹਾਅ ਕੀਤਾ ਜਾਣਾ ਚਾਹੀਦਾ ਸੀ ਪਰ ਨਾ ਤਾਂ ਜੇਲ੍ਹ ਪ੍ਰਸ਼ਾਸਨ ਵਲੋਂ ਉਨ੍ਹਾਂ ਦਾ ਯੋਗ ਆਧੁਨਿਕ ਡਾਕਟਰੀ ਇਲਾਜ ਕਰਵਾਇਆ ਗਿਆ ਅਤੇ ਨਾ ਹੀ ਉੱਚ ਨਿਆਂਪਾਲਿਕਾ ਵੱਲੋਂ ਉਨ੍ਹਾਂ ਨੂੰ ਮੈਡੀਕਲ ਆਧਾਰ 'ਤੇ ਕੋਈ ਰਾਹਤ ਦਿੱਤੀ ਗਈ ਅਤੇ ਮੋਦੀ ਹਕੂਮਤ ਦਾ ਅਜਿਹਾ ਵਹਿਸ਼ੀ ਵਿਵਹਾਰ ਹੀ ਉਨ੍ਹਾਂ ਦੀ ਮੌਤ ਲਈ ਜ਼ਿੰਮੇਵਾਰ ਹੈ।

ਉਨ੍ਹਾਂ ਮੋਦੀ ਸਰਕਾਰ ਉਤੇ ਦੋਸ਼ ਲਾਇਆ ਕਿ ਉਹ ਦੇਸ਼ ਦੇ ਜਲ, ਜੰਗਲ, ਜ਼ਮੀਨ, ਪਹਾੜਾਂ ਅਤੇ ਧਰਤੀ ਹੇਠਲੇ ਕੁਦਰਤੀ ਖਣਿਜ ਪਦਾਰਥਾਂ ਦੀ ਕਾਰਪੋਰੇਟ ਘਰਾਣਿਆਂ ਤੋਂ ਅੰਨ੍ਹੀ ਲੁੱਟ ਅਤੇ ਕਬਜ਼ਾ ਕਰਵਾਉਣ ਲਈ ਇਸ ਦਾ ਵਿਰੋਧ ਕਰਨ ਵਾਲੇ ਸਮਾਜਿਕ ਕਾਰਕੁਨਾਂ ਨੂੰ ਇਕ ਸਾਜ਼ਿਸ਼ ਹੇਠ ਅਣਮਿੱਥੇ ਸਮੇਂ ਲਈ ਜੇਲ੍ਹਾਂ ਵਿਚ ਸੁੱਟ ਕੇ ਮਾਰਨਾ ਚਾਹੁੰਦੀ ਹੈ ਅਤੇ ਇਸੇ ਹਕੂਮਤੀ ਜਬਰ ਹੇਠ ਸਮਾਜਿਕ ਕਾਰਕੁਨ ਸਟੇਨ ਸਵਾਮੀ, ਪਾਂਡੂ ਨਰੋਟੇ ਅਤੇ ਪ੍ਰੋ. ਸਾਈ ਬਾਬਾ ਦਾ ਨਿਆਂਇਕ ਕਤਲ ਕੀਤਾ ਗਿਆ ਹੈ। ਤਰਕਸ਼ੀਲ ਆਗੂਆਂ ਨੇ ਪੰਜਾਬ ਅਤੇ ਦੇਸ਼ ਦੀਆਂ ਸਮੂਹ ਲੋਕਪੱਖੀ ਅਤੇ ਇਨਸਾਫ਼ ਪਸੰਦ ਜਮਹੂਰੀ ਤੇ ਜਨਤਕ ਜਥੇਬੰਦੀਆਂ ਨੂੰ ਅਪੀਲ ਕੀਤੀ ਹੈ ਕਿ ਭੀਮਾ ਕੋਰੇਗਾਓਂ ਹਿੰਸਾ ਦੇ ਝੂਠੇ ਕੇਸ ਸਮੇਤ ਜੇਲ੍ਹਾਂ ਵਿੱਚ ਨਜਾਇਜ਼ ਨਜ਼ਰਬੰਦ ਸਾਰੇ ਬੁੱਧੀਜੀਵੀਆਂ, ਵਕੀਲਾਂ, ਪੱਤਰਕਾਰਾਂ ਅਤੇ ਸਮਾਜਿਕ ਕਾਰਕੁਨਾਂ ਦੀ ਬਿਨਾਂ ਸ਼ਰਤ ਰਿਹਾਈ ਲਈ ਇਕ ਸਾਂਝੇ ਮੰਚ ਤੋਂ ਮੋਦੀ ਸਰਕਾਰ ਦੇ ਖਿਲਾਫ ਜਨਤਕ ਪੱਧਰ 'ਤੇ ਜ਼ੋਰਦਾਰ ਜਮਹੂਰੀ ਸੰਘਰਸ਼ ਕੀਤਾ ਜਾਵੇ।

# ਸ੍ਰੀ ਗੁਰੂ ਰਾਮਦਾਸ ਗਰੁੱਪ ਆਫ ਇੰਸਟੀਟਿਊਟਸ ਪੰਧੇਰ ਵਿਖੇ ਖ਼ੂਨਦਾਨ ਕੈਂਪ ਅੱਜ



ਫਤਹਿਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)-ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਹੋ ਕਿ ਸ੍ਰੀ ਗੁਰੂ ਰਾਮਦਾਸ ਚੈਰੀਟੇਬਲ ਸੋਸਾਇਟੀ (ਰਜਿਸਟਰਡ) ਵੱਲੋਂ ਸ੍ਰੀ ਗੁਰੂ ਰਾਮਦਾਸ ਗਰੁੱਪ ਆਫ ਇੰਸਟੀਟਿਊਟਸ ਪੰਧੇਰ ਵਿਖੇ ਖ਼ੂਨਦਾਨ ਕੈਂਪ 17 ਅਕਤੂਬਰ ਨੂੰ ਲਗਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸੋਸਾਇਟੀ ਦੇ ਵਾਇਸ ਪ੍ਰੈਜ਼ੀਡੈਂਟ ਡਾ. ਗੁਲਵਾਤਨ ਸਿੰਘ ਕੰਗ ਨੇ ਦੱਸਿਆ ਕਿ ਸਿੱਖਾਂ ਦੇ ਚੌਥੇ ਗੁਰੂ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਤ ਇਸ ਦਿਨ ਖ਼ੂਨਦਾਨ ਕੈਂਪ ਲਗਾਇਆ ਜਾਵੇਗਾ, ਜਿਸ ਵਿੱਚ ਵਿਦਿਆਰਥੀ, ਸਟਾਫ ਅਤੇ ਹੋਰ ਖ਼ੂਨ ਦਾਨ ਕਰਨ ਵਾਲੇ ਖ਼ੂਨ ਦਾਨ ਕਰਕੇ ਕੀਮਤੀ ਜਾਨਾਂ ਬਚਾ ਸਕਦੇ ਹਨ।

ਉਨ੍ਹਾਂ ਸਵੈ-ਇੱਛੁਕ ਸੰਗਠਨਾਂ, ਗ਼ੈਰ-ਸਰਕਾਰੀ ਸੰਗਠਨਾਂ (ਐਨ ਜੀ ਓ) ਅਤੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸਵੈ-ਇੱਛੁਕ ਖ਼ੂਨਦਾਨ ਨੂੰ ਉਤਸ਼ਾਹਿਤ ਕਰਨ ਲਈ ਵੱਡੀ ਪੱਧਰ ਉੱਤੇ ਅੱਗੇ ਆਉਣ ਤਾਂ ਕਿ ਕਿਸੇ ਵੀ ਮੁਸ਼ਕਿਲ ਸਥਿਤੀ ਦਾ ਸਾਹਮਣਾ ਕਰਨ ਲਈ ਖ਼ੂਨ ਦਾ ਕਾਫੀ ਸਟਾਕ ਮੌਜੂਦ ਰਹੇ। ਉਨ੍ਹਾਂ ਹੋਰ ਕਿਹਾ, ਇਹ ਸਾਡਾ ਉਦੇਸ਼ ਹੋਣਾ ਚਾਹੀਦਾ ਹੈ ਕਿ ਲੋਕਾਂ ਨੂੰ ਖ਼ੂਨਦਾਨ ਲਈ ਪ੍ਰੇਰਿਤ ਕਰੀਏ, ਉਤਸ਼ਾਹਤ ਕਰੀਏ ਅਤੇ ਹਰ ਤਰ੍ਹਾਂ ਦੀਆਂ ਮਨੁੱਖਤਾਵਾਦੀ ਸਰਗਰਮੀਆਂ ਲਈ ਤਿਆਰ ਕਰੀਏ ਤਾ ਕਿ ਆਉਣ ਵਾਲੇ ਸਮੇਂ ਵਿੱਚ ਮਨੁੱਖੀ ਦੁੱਖ-ਤਕਲੀਫਾਂ ਨੂੰ ਘੱਟ ਤੋਂ ਘੱਟ ਕੀਤਾ ਜਾ ਸਕੇ। ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਡਾ. ਗੁਲਵਾਤਨ ਸਿੰਘ ਕੰਗ ਨੇ ਕਿਹਾ ਕਿ ਖ਼ੂਨਦਾਨ ਕਰਨ ਨਾਲ ਦਿਲ ਦੇ ਦੌਰੇ ਦੀ ਸੰਭਾਵਨਾ ਘਟ ਜਾਂਦੀ ਹੈ, ਕਿਉਂਕਿ ਇਸ ਨਾਲ ਖ਼ੂਨ ਪਤਲਾ ਹੋ ਜਾਂਦਾ ਹੈ। ਖ਼ੂਨਦਾਨ ਕਰਨ ਨਾਲ ਭਾਰ ਘੱਟ ਕਰਨ ਵਿੱਚ ਮਦਦ ਮਿਲਦੀ ਹੈ। ਇਸ ਲਈ ਹਰ ਸਾਲ ਘੱਟੋ-ਘੱਟ ਦੋ ਵਾਰ ਖ਼ੂਨਦਾਨ ਕਰਨਾ ਚਾਹੀਦਾ ਹੈ।

ਖ਼ੂਨਦਾਨ ਨਾਲ ਸਰੀਰ ਵਿਚ ਊਰਜਾ ਆਉਂਦੀ ਹੈ, ਕਿਉਂਕਿ ਇਸ ਨਾਲ ਨਵੇਂ ਖ਼ੂਨ ਦੇ ਸੈੱਲ ਬਣਦੇ ਹਨ, ਜਿਸ ਨਾਲ ਸਰੀਰ ਤੰਦਰੁਸਤ ਹੁੰਦਾ ਹੈ। ਇਸ ਨਾਲ ਲੀਵਰ ਦੇ ਨਾਲ ਸਬੰਧਤ ਸਮੱਸਿਆਵਾਂ ਤੋਂ ਨਿਜਾਤ ਮਿਲਦੀ ਹੈ, ਆਇਰਨ ਦੀ ਮਾਤਰਾ ਨੂੰ ਸੰਤੁਲਿਤ ਕਰਕੇ ਲਿਵਰ ਸਿਹਤਮੰਦ ਹੁੰਦਾ ਹੈ। ਇਸ ਦੇ ਨਾਲ ਕੈਂਸਰ ਦਾ ਖ਼ਤਰਾ ਵੀ ਟਲ ਜਾਂਦਾ ਹੈ।

# ਦੀਪਕ ਚੈਨਪੁਰੀਆ ਨੇ ਦੀਵਾਲੀ ਦੇ ਮੱਦੇਨਜ਼ਰ ਡੇਅਰੀ ਮਾਲਕਾਂ ਦੀ ਰੱਖੀ ਮੀਟਿੰਗ



ਅਜਨਾਲਾ (ਸੁੱਖਤਿੰਦਰ ਸਿੰਘ ਰਾਜੂ)- ਅੱਜ ਆਮ ਆਦਮੀ ਪਾਰਟੀ ਦੇ ਸਾਬਕਾ ਸ਼ਹਿਰੀ ਪ੍ਰਧਾਨ ਅਤੇ ਡੇਰੀ ਯੂਨੀਅਨ ਦੇ ਪ੍ਰਧਾਨ ਦੀਪਕ ਕੁਮਾਰ ਚੈਨਪੁਰੀਆ ਦੀ ਅਗਵਾਈ ਵਿੱਚ ਹੋਈ ਮੀਟਿੰਗ 'ਚ ਦੀਪਕ ਜੈਨਪੁਰੀਆ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਸਾਡਾ ਮੀਟਿੰਗ ਦਾ ਮੁੱਖ ਮਕਸਦ ਹੈ ਤਿਉਹਾਰਾਂ ਦੇ ਦਿਨਾਂ ਵਿੱਚ ਬਿਨਾਂ ਮਿਲਾਵਟ ਤੋਂ ਮਠਿਆਈਆਂ ਲੋਕਾਂ ਤੱਕ ਮੁਹੱਈਆ ਕਰਵਾਈਆਂ ਜਾ ਸਕਨ। ਉਨ੍ਹਾਂ ਆਖਿਆ ਕਿ ਜੋ ਵੀ ਖਰਾਬ ਦੁੱਧ ਕੋਈ ਵੀ ਡੇਅਰੀ ਵਾਲਾ ਵਾਪਸ ਕਰਦਾ ਹੈ ਉਸ ਦੀ ਜਗ੍ਹਾ ਕੋਈ ਦੂਸਰਾ ਡੇਅਰੀ ਵਾਲਾ ਨਾ ਖਰੀਦੇ ਤਾਂ ਕਿ ਲੋਕਾਂ ਤੱਕ ਸਾਫ ਸੁਥਰਾ ਦੁੱਧ, ਦਹੀਂ, ਪਨੀਰ, ਖੋਇਆ ਆਦਿ ਮੁਹੱਈਆ ਕਰਵਾਇਆ ਜਾਵੇ।

ਕੋਈ ਵੀ ਦੁਕਾਨਦਾਰ ਲੋਕਾਂ ਦੀ ਸਿਹਤ ਨਾਲ ਖਿਲਵਾੜ ਨਾ ਕਰ ਸਕੇ। ਦੀਪਕ ਚੈਨਪੁਰੀਆ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਇਹ ਵੀ ਆਖਿਆ ਕਿ ਅੱਗੇ ਤੋਂ ਭਵਿੱਖ ਵਿੱਚ ਕਿਸੇ ਵੀ ਡੇਅਰੀ ਵਾਲੇ ਨੂੰ ਜਾਂ ਦੁੱਧ ਖਰੀਦਣ ਵਾਲੇ ਨੂੰ ਕੋਈ ਵੀ ਮੁਸ਼ਕਿਲ ਆਉਂਦੀ ਹੈ ਤਾਂ ਅਸੀਂ ਉਸ ਦੇ ਨਾਲ ਖੜ੍ਹੇ ਹਾਂ। ਇਸ ਮੌਕੇ ਡੇਅਰੀ ਯੂਨੀਅਨ ਦੇ ਪ੍ਰਧਾਨ ਦੀਪਕ ਕੁਮਾਰ ਚੈਨਪੁਰੀਆ, ਜੀ ਆਰ ਡੇਅਰੀ ਤੋਂ ਅਸ਼ਵਨੀ ਕੁਮਾਰ, ਐਸ ਐਸ ਮਿਲਕ ਡੇਅਰੀ ਤੋਂ ਸੱਤਪਾਲ ਸਿੰਘ ਮਟੀਆ ਵਾਈਸ ਪ੍ਰਧਾਨ, ਮਿਲਖੀ ਡੇਅਰੀ ਤੋਂ ਬਾਊ ਵਿਨੋਦ ਕੁਮਾਰ ਜੀ, ਆਰ ਐਸ ਡੇਅਰੀ ਤੋਂ ਮਦਨ ਮੋਹਨ ਤੇ ਭਾਰਤ ਭੂਸ਼ਨ, ਸਹਾਰਾ ਡੇਅਰੀ ਤੋਂ ਅਨਿਲ ਕੁਮਾਰ ਗੋਲਡੀ, ਜੱਜ ਡੇਅਰੀ ਤੋਂ ਯੋਗੇਸ਼ ਕੁਮਾਰ ਤੇ ਰਜੇਸ਼ ਕੁਮਾਰ ਸੇਠੀ, ਔਲਖ ਡੇਅਰੀ ਤੋਂ ਜਸਵਿੰਦਰ ਸਿੰਘ, ਅਕਾਸ਼ ਡੇਅਰੀ ਤੋਂ ਸਤੀਸ਼ ਕੁਮਾਰ, ਰਿਆੜ ਡੇਅਰੀ ਤੋਂ ਪਰਮਜੀਤ ਸਿੰਘ ਬਾਬਾ ਤੇ ਇਕਬਾਲ ਸਿੰਘ ਰਿਆੜ, ਰਾਜਾ ਸਾਂਸੀ ਤੋਂ ਦੀਪਕ ਅਰੋੜਾ, ਅੱਡਾ ਕੁੱਕੜਾਂਵਾਲਾ ਤੋਂ ਸੰਦੀਪ ਖੁਰਾਣਾ, ਦੀਪਕ ਮਦਾਨ, ਦੀਪਕ ਸ਼ਰਮਾ, ਰਮਦਾਸ ਤੋਂ ਅਰੋੜਾ ਡੇਅਰੀ ਤੇ ਬਾਦਸ਼ਾਹ ਡੇਅਰੀ ਗੱਗੋਮਾਹਲ ਤੋਂ ਅਮਰਜੀਤ ਸਿੰਘ, ਗੁਮਟਾਲੇ ਬੱਲ ਡੇਅਰੀ, ਅਜਨਾਲੇ ਤੋਂ ਰੰਧਾਵਾ ਡੇਅਰੀ, ਸ਼ਾਮ ਡੇਅਰੀ, ਢਿੱਲੋਂ ਡੇਅਰੀ, ਨਿੱਝਰ ਡੇਅਰੀ, ਅਨਮੋਲ ਡੇਅਰੀ ਹਾਜ਼ਰ ਸਨ।

# ਵੱਖ ਵੱਖ ਧਾਰਮਿਕ ਤੇ ਰਾਜਸੀ ਆਗੂਆਂ ਭਗਵੰਤ ਪਾਲ ਸੱਚਰ ਦੀ ਬੇਟੀ ਦੀ ਸ਼ਾਦੀ ਮੌਕੇ ਸੁਭਾਗੀ ਜੋੜੀ ਨੂੰ ਦਿੱਤਾ ਅਸ਼ੀਰਵਾਦ



ਤਰਸਿੱਕਾ (ਤਰਸੇਮ ਸਿੰਘ ਸਾਧਪੁਰ)-ਚੀਫ ਖਾਲਸਾ ਦੀਵਾਨ ਦੇ ਮੈਂਬਰ ਤੇ ਸੀਨੀਅਰ ਕਾਂਗਰਸੀ ਆਗੂ ਗੁਰੂ ਘਰ ਦੇ ਪ੍ਰੀਤਵਾਨ ਭਗਵੰਤ ਪਾਲ ਸਿੰਘ ਸੱਚਰ ਦੀ ਬੇਟੀ ਬੀਬਾ ਜੈਸਮੀਨ ਕੌਰ ਤੇ ਮੋਹਾਲੀ ਨਿਵਾਸੀ ਇੰਦਰਜੀਤ ਸਿੰਘ ਦੇ ਬੇਟੇ ਕਰਨ ਰੁਬਾਬ ਸਿੰਘ ਦੇ ਅਨੰਦ ਕਾਰਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਗੁਰਮਤਿ ਰਹੁ-ਰੀਤ ਨਾਲ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਾਜਦੀਪ ਸਿੰਘ ਨੇ ਚਾਰ ਲਾਵਾਂ ਦਾ ਪਾਠ ਪੜ੍ਹ ਕੇ ਅਤੇ ਹਜ਼ੂਰੀ ਰਾਗੀ ਭਾਈ ਜਗਤਾਰ ਸਿੰਘ ਨੇ ਸ਼ਬਦ ਗਾਇਨ ਕਰਕੇ ਕਰਵਾਏ, ਉਪਰੰਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਤੇ ਮੁੱਖ ਗ੍ਰੰਥੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਆਪਣੇ ਸਾਥੀ ਸਿੰਘ ਸਾਹਿਬ ਗਿਆਨੀ ਗੁਰਮਿੰਦਰ ਸਿੰਘ, ਸਿੰਘ ਸਾਹਿਬ ਗਿਆਨੀ ਕੇਵਲ ਸਿੰਘ, ਸਿੰਘ ਸਾਹਿਬ ਗਿਆਨੀ ਪਰਵਿੰਦਰਪਾਲ ਸਿੰਘ ਨਾਲ ਸੁਭਾਗੀ ਗੁਰਸਿੱਖ ਜੋੜੀ ਨੂੰ ਅਸ਼ੀਰਵਾਦ ਦਿੱਤਾ।

ਉਨ੍ਹਾ ਨਾਲ ਬਾਬਾ ਕਸ਼ਮੀਰ ਸਿੰਘ ਭੂਰੀ ਵਾਲੇ, ਬਾਬਾ ਸੱਜਣ ਸਿੰਘ ਗੁਰੂ ਕੀ ਬੇਰ , ਬਾਬਾ ਦੀਦਾਰ ਸਿੰਘ ਮੁੱਖ ਸੇਵਾਦਾਰ ਜਨਮ ਅਸਥਾਨ ਬਾਬਾ ਬੁੱਢਾ ਸਾਹਿਬ ਕੱਥੂਨੰਗਲ, ਬਾਬਾ ਜੀ ਖੁਜਾਲੇ ਵਾਲੇ ਤੇ ਹੋਰ ਵੀ ਮਹਾਂਪੁਰਖ ਸਨ। ਉਨ੍ਹਾਂ ਕਿਹਾ ਕਿ ਅੱਜ ਤੋਂ ਤੁਹਾਡਾ ਗ੍ਰਿਹਸਤੀ ਜੀਵਨ ਸ਼ੁਰੂ ਹੋਇਆ ਹੈ ਤੁਸੀਂ ਜ਼ਿੰਦਗੀ ਵਿੱਚ ਹਮੇਸ਼ਾ ਸਿਰਫ ਤੇ ਸਿਰਫ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਨਮਸਕਾਰ ਕਰਕੇ ਅਰਦਾਸ ਬੇਨਤੀ ਕਰਨੀ ਹੈ, ਕਿਸੇ ਵੀ ਹੋਰ ਦੇਹਧਾਰੀ ਨੂੰ ਮੱਥਾ ਨਹੀਂ ਟੇਕਣਾ, ਨਿਤਨੇਮੀ ਹੋਣਾ ਤੇ ਅੰਮ੍ਰਿਤ ਵੇਲੇ ਦੀ ਸਾਂਭ ਸੰਭਾਲ ਕਰਨੀ ਹੈ। ਗੁਰੂ ਰਾਮਦਾਸ ਜੀ ਮਹਾਰਾਜ ਤੁਹਾਨੂੰ ਖੁਸ਼ੀਆਂ ਖੇੜੇ, ਤੰਦਰੁਸਤੀ ਤੇ ਚੜ੍ਹਦੀ ਕਲਾ ਬਖਸ਼ਣ। ਇਸ ਮੌਕੇ ਵੱਖ ਵੱਖ ਰਾਜਸੀ ਪਾਰਟੀਆਂ ਦੇ ਆਗੂ ਪੰਜਾਬ ਪ੍ਰਦੇਸ਼ ਕਾਗਰਸ ਦੇ ਪ੍ਰਧਾਨ ਤੇ ਮੈਂਬਰ ਲੋਕ ਸਭਾ ਅਮਰਿੰਦਰ ਸਿੰਘ ਰਾਜਾ ਵੜਿੰਗ, ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ, ਕੈਬਨਿਟ ਮੰਤਰੀ ਹਰਭਜਨ ਸਿੰਘ, ਮੈਂਬਰ ਪਾਰਲੀਮੈਂਟ ਸੁੱਖਜਿੰਦਰ ਸਿੰਘ ਰੰਧਾਵਾ, ਮੈਂਬਰ ਲੋਕ ਸਭਾ ਗੁਰਜੀਤ ਸਿੰਘ ਔਜਲਾ, ਚੀਫ ਖਾਲਸਾ ਦੀਵਾਨ ਦੇ ਪ੍ਰਧਾਨ ਤੇ ਵਿਧਾਇਕ ਡਾ. ਇੰਦਰਬੀਰ ਸਿੰਘ ਨਿੱਜਰ, ਸਾਬਕਾ ਮੰਤਰੀ ਤੇ ਵਿਧਾਇਕ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ, ਸਾਬਕਾ ਮੰਤਰੀ ਤੇ ਵਿਧਾਇਕ ਸੁੱਖਬਿੰਦਰ ਸਿੰਘ ਸਰਕਾਰੀਆ, ਸਾਬਕਾ ਮੰਤਰੀ ਤੇ ਵਿਧਾਇਕ ਪ੍ਰਗਟ ਸਿੰਘ, ਵਿਧਾਇਕ ਬਰਿੰਦਰਮੀਤ ਸਿੰਘ ਪਾਹੜਾ, ਸਾਬਕਾ ਉੱਪ ਮੁੱਖ ਮੰਤਰੀ ਓ ਪੀ ਸੋਨੀ, ਸਾਬਕਾ ਮੈਂਬਰ ਲੋਕ ਸਭਾ ਜਸਬੀਰ ਸਿੰਘ ਡਿੰਪਾ, ਸਾਬਕਾ ਵਿਧਾਇਕ ਸਵਿੰਦਰ ਸਿੰਘ ਕੱਥੂਨੰਗਲ, ਸਾਬਕਾ ਵਿਧਾਇਕ ਹਰਪ੍ਰਤਾਪ ਸਿੰਘ ਅਜਨਾਲਾ, ਸਾਬਕਾ ਮੰਤਰੀ ਡਾ. ਰਾਜ ਕੁਮਾਰ ਵੇਰਕਾ, ਸਾਬਕਾ ਮੰਤਰੀ ਹੰਸ ਰਾਜ ਜੋਸਨ, ਸਾਬਕਾ ਵਿਧਾਇਕ ਇੰਦਰਬੀਰ ਸਿੰਘ ਬੁਲਾਰੀਆ, ਸਾਬਕਾ ਵਿਧਾਇਕ ਹਰਮਿੰਦਰ ਸਿੰਘ ਗਿੱਲ, ਸਾਬਕਾ ਵਿਧਾਇਕ ਕੁਲਬੀਰ ਸਿੰਘ ਜ਼ੀਰਾ, ਸਾਬਕਾ ਮੈਂਬਰ ਰਾਜ ਸਭਾ ਰਾਜ ਮਹਿੰਦਰ ਸਿੰਘ ਮਜੀਠਾ, ਸਾਬਕਾ ਵਿਧਾਇਕ ਸੁੱਖਪਾਲ ਸਿੰਘ ਭੁੱਲਰ, ਭਾਜਪਾ ਆਗੂ ਰਾਜਿੰਦਰ ਮੋਹਨ ਸਿੰਘ ਛੀਨਾ, ਤਲਬੀਰ ਸਿੰਘ ਗਿੱਲ, ਸਾਬਕਾ ਵਿਧਾਇਕ ਸੁਨੀਲ ਦੱਤੀ, ਸਾਬਕਾ ਵਿਧਾਇਕ ਸੁੱਖਵਿੰਦਰ ਸਿੰਘ ਡੈਨੀ, ਸਾਬਕਾ ਵਿਧਾਇਕ ਸੰਤੋਖ ਸਿੰਘ ਭਲਾਈਪੁਰ, ਸਾਬਕਾ ਵਿਧਾਇਕ ਜੁਗਲ ਕਿਸ਼ੋਰ, ਸਾਬਕਾ ਵਿਧਾਇਕ ਤਰਸੇਮ ਸਿੰਘ ਡੀ ਸੀ, ਸਾਬਕਾ ਮੇਅਰ ਕਰਮਜੀਤ ਸਿੰਘ ਰਿੰਟੂ, ਵਾਈਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਡਾ. ਜਸਪਾਲ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਹੋਰ ਆਗੂ ਤੇ ਕਾਰੋਬਾਰੀ ਸ਼ਾਮਲ ਸਨ।

# ਪਟਾਕੇ ਸਟੋਰ ਕਰਨ ਤੇ ਵੇਚਣ ਦੇ ਆਰਜ਼ੀ ਲਾਇਸੰਸ ਸਬ-ਡਵੀਜ਼ਨ ਵਾਈਜ਼ ਲੱਕੀ ਡਰਾਅ ਰਾਹੀਂ ਕੱਢੇ ਜਾਣਗੇ : ਵਧੀਕ ਜ਼ਿਲ੍ਹਾ ਮੈਜਿਸਟਰੇਟ



ਗੁਰਦਾਸਪੁਰ (ਜਨਕ ਮਹਾਜਨ)- ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਹੁਕਮਾਂ ਅਤੇ ਪੰਜਾਬ ਸਰਕਾਰ ਵਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਗੁਰਦਾਸਪੁਰ ਵਿੱਚ ਦੀਵਾਲੀ ਦੇ ਤਿਉਹਾਰ ਦੇ ਮੌਕੇ 'ਤੇ ਪਟਾਖੇ ਸਟੋਰ ਕਰਨ ਅਤੇ ਵੇਚਣ ਦੇ ਆਰਜ਼ੀ ਲਾਇਸੰਸ ਸਬ-ਡਵੀਜ਼ਨ ਵਾਈਜ ਲੱਕੀ ਡਰਾਅ ਕੱਢੇ ਜਾਣੇ ਹਨ। ਸੁਰਿੰਦਰ ਸਿੰਘ, ਵਧੀਕ ਜ਼ਿਲ੍ਹਾ ਮੈਜਿਸਟਰੇਟ ਗੁਰਦਾਸਪੁਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਨ੍ਹਾਂ ਆਰਜ਼ੀ ਲਾਇਸੰਸ ਸਬੰਧੀ ਦਰਖਾਸਤਾਂ ਸਮੇਤ 35000 ਰੁਪਏ ਦਾ ਬੈਂਕ ਡਰਾਫਟ (ਵਾਪਸ ਦੇਣ ਯੋਗ) ਜ਼ਿਲ੍ਹਾ ਮੈਜਿਸਟਰੇਟ, ਗੁਰਦਾਸਪੁਰ ਦੇ ਨਾਂ 'ਤੇ ਮਿਤੀ 22 ਅਕਤੂਬਰ 2024 ਤੱਕ ਜ਼ਿਲ੍ਹੇ ਦੇ ਸਮੂਹ ਸੇਵਾ ਕੇਂਦਰ ਰਾਹੀਂ ਪ੍ਰਾਪਤ ਕੀਤੀਆਂ ਜਾਣਗੀਆਂ ਅਤੇ ਪ੍ਰਾਪਤ ਹੋਈਆਂ ਦਰਖਾਸਤਾਂ ਦਾ ਡਰਾਅ 25 ਅਕਤੂਬਰ ਨੂੰ ਸਵੇਰੇ 11 ਵਜੇ ਕਮਰਾ ਨੰ: 416 ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਗੁਰਦਾਸਪੁਰ ਵਿਖੇ ਵਧੀਕ ਜ਼ਿਲ੍ਹਾ ਮੈਜਿਸਟਰੇਟ ਗੁਰਦਾਸਪੁਰ ਦੀ ਪ੍ਰਧਾਨਗੀ ਹੇਠ ਕੱਢਿਆ ਜਾਵੇਗਾ।

ਉਨ੍ਹਾਂ ਦੱਸਿਆ ਕਿ ਇਨ੍ਹਾਂ ਆਰਜ਼ੀ ਲਾਇਸੰਸਾਂ ਸਬੰਧੀ ਨਿਯਮ ਅਤੇ ਸ਼ਰਤਾਂ ਮੌਕੇ 'ਤੇ ਦੱਸੀਆਂ ਜਾਣਗੀਆਂ।

# ਪਾਰਦਰਸ਼ੀ ਢੰਗ ਨਾਲ ਪਟਾਕਾ ਵਪਾਰੀਆਂ ਦੇ ਡਰਾਅ ਕੱਢੇ : ਵਧੀਕ ਕਮਿਸ਼ਨਰ




ਅੰਮ੍ਰਿਤਸਰ (ਜਗਦੀਸ਼ ਕਮਲੇਸ਼)-ਅੱਜ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਮੀਟਿੰਗ ਹਾਲ ਵਿੱਚ ਚੇਅਰਮੈਨ ਨਗਰ ਸੁਧਾਰ ਟਰਸੱਟ ਸ੍ਰੀ ਅਸ਼ੋਕ ਤਲਵਾੜ, ਵਧੀਕ ਕਮਿਸ਼ਨਰ ਜਨਰਲ ਸ੍ਰੀਮਤੀ ਜੋਤੀ ਬਾਲਾ ਦੀ ਹਾਜ਼ਰੀ ਵਿੱਚ ਪਟਾਖੇ ਵੇਚਣ ਵਾਲਿਆਂ ਦੇ ਡਰਾਅ ਪਾਰਦਰਸ਼ੀ ਢੰਗ ਨਾਲ ਕੱਢੇ ਗਏ।ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਸ੍ਰੀਮਤੀ ਜੋਤੀ ਬਾਲਾ ਨੇ ਦੱਸਿਆ ਕਿ ਪਟਾਖਾ ਵਪਾਰੀਆਂ ਵੱਲੋਂ 1822 ਬਿਨੈਪੱਤਰ ਪ੍ਰਾਪਤ ਹੋਏ ਸਨ, ਜਿਨ੍ਹਾਂ ਵਿਚੋਂ 15 ਡਰਾਅ ਕੱਢੇ ਗਏ ਹਨ। ਉਨ੍ਹਾਂ ਦੱਸਿਆ ਕਿ ਕੇਵਲ ਗਰੀਨ ਪਟਾਖੇ ਜੋ ਕਿ ਸੀ ਐਸ ਆਈ ਆਰ-ਨੀਰੀ ਤੋਂ ਪ੍ਰਵਾਨਿਤ ਹੋਣਗੇ ਉਹੀ ਵੇਚੇ ਜਾਣਗੇ।

ਉਨ੍ਹਾਂ ਕਿਹਾ ਕਿ ਅਸਥਾਈ ਲਾਇਸੈਂਸਾਂ ਲਈ ਮਾਣਯੋਗ ਪੰਜਾਬ ਤੇ ਹਰਿਆਣਾ ਹਾਈਕੋਰਟ ਸਿਵਲ ਰਿਟ ਪਟੀਸ਼ਨ ਨੰਬਰ 23548 ਆਫ 2017 ਦੀਆਂ ਹਦਾਇਤਾਂ ਮੁਤਾਬਿਕ ਅਸਥਾਈ ਲਾਇਸੈਂਸਾਂ ਦੇ ਡਰਾਅ ਕੱਢੇ ਗਏ ਹਨ। ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸਵੇਰੇ 10 ਵਜੇ ਤੋਂ ਸ਼ਾਮ 7:30 ਵਜੇ ਤੱਕ ਪਟਾਖੇ ਵੇਚਣ ਦੀ ਹੀ ਇਜਾਜ਼ਤ ਹੋਵੇਗੀ ਅਤੇ ਜਿਨ੍ਹਾਂ ਵਿਅਕਤੀਆਂ ਦੇ ਡਰਾਅ ਨਿਕਲੇ ਹਨ, ਉਹੀ ਵਪਾਰੀ ਪਟਾਖੇ ਵੇਚ ਸਕਣਗੇ।ਵਧੀਕ ਡਿਪਟੀ ਕਮਿਸ਼ਨਰ ਨੇ ਪਟਾਖਾ ਵਪਾਰੀਆਂ ਨੂੰ ਕਿਹਾ ਕਿ ਉਹ ਪਟਾਖੇ ਵੇਚਣ ਵਾਲੀ ਜਗ੍ਹਾ 'ਤੇ ਪੂਰੀ ਸਾਵਧਾਨੀ ਵਰਤਣ ਅਤੇ ਸਕਰਾਰ ਵਲੋਂ ਜਾਰੀ ਕੀਤੀਆਂ ਗਈਆਂ ਹਦਾਇਤਾਂ ਅਤੇ ਨਿਯਮਾਂ ਦੀ ਪਾਲਣਾ ਕਰਨ।

ਉਨ੍ਹਾਂ ਨੇ ਦੱਸਿਆ ਕਿ ਪਟਾਖੇ ਵੇਚਣ ਵਾਲੀ ਜਗ੍ਹਾ 'ਤੇ ਸੁਰੱਖਿਆ ਦੇ ਮੁਕੰਮਲ ਪ੍ਰਬੰਧ ਕੀਤੇ ਗਏ ਹਨ।ਉਨ੍ਹਾਂ ਦੱਸਿਆ ਕਿ ਕੇਵਲ ਲਾਇਸੰਸ ਧਾਰਕਾਂ ਨੂੰ ਹੀ ਪਟਾਖੇ ਵੇਚਣ ਦੀ ਆਗਿਆ ਹੋਵੇਗੀ ਅਤੇ ਬਗੈਰ ਲਾਇਸੰਸ ਤੋਂ ਪਟਾਖੇ ਵੇਚਣ ਵਾਲਿਆਂ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਦੇਵੀ ਦੇਵਤਿਆਂ ਦੀਆਂ ਮੂਰਤੀਆਂ ਦਾ ਅਪਮਾਨ ਬਰਦਾਸ਼ਤ ਨਹੀਂ : ਪਵਨ ਸਰੀਨ

ਅਜਨਾਲਾ (ਸੁੱਖਤਿੰਦਰ ਸਿੰਘ ਰਾਜੂ ) ਰਾਸ਼ਟਰੀ ਭੰਗਵਾ ਸੈਨਾ ਅਜਨਾਲਾ ਦੇ ਪ੍ਰਧਾਨ ਪਵਨ ਸਰੀਨ ਅਜਨਾਲਾ ਨੇ ਆਪਣੇ ਦਫ਼ਤਰ ਵਿਖੇ ਕੁਝ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸ਼ਹਿਰ ਵਿੱਚ ਕੁਝ ਮੂਰਤੀਕਾਰਾਂ ਵਲੋਂ ਹਿੰਦੂ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਦਾ ਅਪਮਾਨ ਕੀਤਾ ਜਾ ਰਿਹਾ ਹੈ, ਜਿਸ ਨਾਲ ਪੂਰੇ ਹਿੰਦੂ ਸਮਾਜ ਦੇ ਲੋਕਾਂ 'ਚ ਭਾਰੀ ਰੋਸ ਦੀ ਲਹਿਰ ਹੈ। ਉਨ੍ਹਾਂ ਕਿਹਾ ਕਿ ਅਕਸਰ ਦੇਖਣ ਨੂੰ ਮਿਲਦਾ ਹੈ ਕਿ ਮੂਰਤੀਕਾਰਾਂ ਵਲੋਂ ਮੂਰਤੀਆਂ ਨੂੰ ਬਿਨਾਂ ਕੱਪੜੇ ਦੇ ਰੱਖ ਕੇ ਹਿੰਦੂਆਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਈ ਜਾ ਰਹੀ ਹੈ, ਜਿਸ ਨੂੰ ਕਿਸੇ ਵੀ ਕੀਮਤ 'ਤੇ ਸਹਿਣ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਸਬੰਧੀ ਜਲਦ ਹੀ ਅਜਨਾਲਾ ਪੁਲਸ ਨੂੰ ਇਕ ਮੰਗ ਪੱਤਰ ਦੇ ਕੇ ਕਾਰਵਾਈ ਦੀ ਮੰਗ ਕਰਨਗੇ, ਤਾਂ ਜੋ ਮੂਰਤੀਆਂ ਦਾ ਅਪਮਾਨ ਕਰਨ ਵਾਲੇ ਮੂਰਤੀ ਕਾਰਾਂ ਤੇ ਬਣਦੀ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾ ਸਕੇ।

# ਪ੍ਰਧਾਨ ਰਤਨ ਸਿੰਘ ਦਿਉਲ ਦੇ ਪਿਤਾ ਬਾਪੂ ਅਜਾਇਬ ਸਿੰਘ ਨੂੰ ਦਿੱਤੀ ਅੰਤਿਮ ਵਿਦਾਇਗੀ



ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)- ਗੁਰਦੁਆਰਾ ਗੁਰੂ ਨਾਨਕ ਪੜਾਓ ਫਤਿਹਾਬਾਦ ਦੀ ਲੋਕ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਰਤਨ ਸਿੰਘ ਦਿਉਲ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਸਤਿਕਾਰਯੋਗ ਪਿਤਾ ਅਜਾਇਬ ਸਿੰਘ ਦਿਉਲ ਸੰਖੇਪ ਬਿਮਾਰੀ ਉਪਰੰਤ ਪਰਵਾਰ ਨੂੰ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਦਾ ਅੰਤਿਮ ਸੰਸਕਾਰ ਪਿੰਡ ਫਤਿਹਾਬਾਦ ਵਿਖੇ ਕੀਤਾ ਗਿਆ।ਇਸ ਮੌਕੇ ਜਗਵਿੰਦਰ ਸਿੰਘ ਮਣਕੂ, ਸਾਬਕਾ ਸਰਪੰਚ ਭੁਪਿੰਦਰ ਸਿੰਘ ਭਿੰਦਾ, ਸਾਬਕਾ ਸਰਪੰਚ ਸੁਰਿੰਦਰ ਸਿੰਘ ਸ਼ਿੰਦਾ, ਗੁਰਦੇਵ ਸਿੰਘ ਪਾਵਰ, ਬੇਅੰਤ ਸਿੰਘ ਪੈਟਰੋਲ ਪੰਪ ਵਾਲੇ, ਨੰਬਰਦਾਰ ਸੁਖਦੇਵ ਸਿੰਘ, ਬਲਦੇਵ ਸਿੰਘ, ਭੁਪਿੰਦਰ ਸਿੰਘ ਟੀਟੂ, ਤੇਜਿੰਦਰ ਸਿੰਘ ਪ੍ਰਿੰਸ, ਰਜਿੰਦਰ ਸਿੰਘ ਰਾਜੂ, ਦਵਿੰਦਰ ਸਿੰਘ ਕਾਕਾ ਮੈਂਬਰ, ਸ਼ਨੀ ਸ਼ਰਮਾ, ਗੁਰਭੇਜ ਸਿੰਘ ਭੇਜੀ, ਪਰਮਜੀਤ ਸਿੰਘ ਦਿਉਲ, ਨੰਬਰਦਾਰ ਸੰਤੋਖ ਸਿੰਘ, ਡਾਕਟਰ ਜਸਬੀਰ ਸਿੰਘ, ਕਸ਼ਮੀਰ ਸਿੰਘ ਸਹੋਤਾ, ਮਾਸਟਰ ਰਵਿੰਦਰ ਕੁਮਾਰ ਬਿੱਟੂ, ਸਤਨਾਮ ਸਿੰਘ ਸੱਤੂ, ਜਗਤਾਰ ਸਿੰਘ ਜਾਗੀ ਆਦਿ ਨੇ ਪ੍ਰਧਾਨ ਰਤਨ ਸਿੰਘ ਦਿਉਲ ਅਤੇ ਚਰਨਜੀਤ ਸਿੰਘ ਦਿਉਲ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ।

# ਭਗਵਤੀ ਜਾਗਰਣ ਸ਼ਰਧਾ ਤੇ ਧੂਮਧਾਮ ਨਾਲ ਕਰਵਾਇਆ




ਅਜਨਾਲਾ (ਸੁਖਤਿੰਦਰ ਸਿੰਘ ਰਾਜੂ)- ਸਥਾਨਕ ਸ਼ਹਿਰ ਅਜਨਾਲਾ ਦੇ ਚੌਗਾਵਾਂ ਰੋਡ ਬੀ ਐਸ ਐਫ਼ ਹੈਡਕੁਆਰਟਰ ਦੇ ਨਜ਼ਦੀਕ ਨੌਜਵਾਨ ਸੇਵਕ ਸਭਾ ਸਮੂਹ ਦੁਕਾਨਦਾਰਾਂ ਤੇ ਮਾਰਕੀਟ ਦੇ ਸਹਿਯੋਗ ਨਾਲ 11ਵਾਂ ਵਿਸ਼ਾਲ ਭਗਵਤੀ ਜਾਗਰਣ ਬੜੀ ਸ਼ਰਧਾ ਭਾਵਨਾ, ਧੂਮਧਾਮ ਤੇ ਉਤਸ਼ਾਹ ਨਾਲ ਕਰਵਾਇਆ ਗਿਆ। ਸਰਬੱਤ ਦੇ ਭਲੇ ਲਈ ਮਾਤਾ ਦੀ ਜਗਦੀ ਜੋਤ ਤੇ ਅਰਦਾਸ ਬੇਨਤੀ ਵੀ ਕੀਤੀ ਗਈ।

ਭਗਵਤੀਜਾਗਰਣ ਵਿੱਚ ਆਈਆਂ ਪਾਰਟੀਆਂ ਦੇਵ ਚੰਚਲ ਆਸਟ੍ਰੇਲੀਆ ਅਤੇ ਦੇਵ ਨਾਰਲੀ ਨੇ ਮਾਤਾ ਦੀਆਂ ਭੇਟਾਂ ਗਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਕਲਾਕਾਰਾਂ ਨੂੰ ਜਾਗਰਣ ਕਮੇਟੀ ਵਲੋਂ ਸਨਮਾਨਤ ਵੀ ਕੀਤਾ ਗਿਆ।ਇਸ ਅਵਸਰ 'ਤੇ ਲੰਗਰ ਭੰਡਾਰਾ ਵੀ ਅਤੁੱਟ ਵਰਤਾਇਆ ਗਿਆ।ਇਸ ਮੌਕੇ ਨੰਗਰ ਪੰਚਾਇਤ ਅਜਨਾਲਾ ਦੇ ਪ੍ਰਧਾਨ ਜਸਪਾਲ ਸਿੰਘ ਢਿੱਲੋਂ, ਗੌਰਵ ਕੁਮਾਰ ਟੈਲੀਕਾਮ ਵਾਲੇ, ਦੀਪ, ਵਿੱਕੀ, ਪ੍ਰਦੀਪ ਕੁਮਾਰ, ਗੁਰਮੀਤ ਗਿੱਲ, ਸਤਨਾਮ ਸਿੰਘ, ਲਾਡੀ ਰਾਜੂ, ਸੰਦੀਪ ਕੁਮਾਰ ਦਰਸ਼ਨ ਕੁਮਾਰ, ਵਿਸ਼ੂ ਅਜਨਾਲਾ, ਰਾਜੇਸ਼ ਮਦਾਨ, ਕੁਲਦੀਪ ਕੁਮਾਰ, ਆਦਿ ਹਾਜ਼ਰ ਸਨ।

# ਬੇਲਰਾਂ ਨਾਲ ਕਿਸਾਨਾਂ ਤੇ ਗੁੱਜਰਾਂ ਵੱਲੋਂ ਇਕੱਠੀ ਕੀਤੀ ਜਾ ਰਹੀ ਝੋਨੇ ਦੀ ਪਰਾਲੀ



ਗੁਰਦਾਸਪੁਰ (ਜਨਕ ਮਹਾਜਨ)- ਉਮਾ ਸ਼ੰਕਰ ਗੁਪਤਾ ਡਿਪਟੀ ਕਮਿਸ਼ਨਰ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਝੋਨੇ ਦੇ ਨਾੜ ਦੇ ਯੋਗ ਪ੍ਰਬੰਧਨ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ, ਜਿਸ ਦੇ ਚੱਲਦਿਆਂ ਵੱਖ-ਵੱਖ ਪਿੰਡਾਂ ਵਿਚੋਂ ਬੇਲਰਾਂ ਨਾਲ ਪਰਾਲੀ ਇਕੱਠੀ ਕੀਤੀ ਜਾ ਰਹੀ ਹੈ।ਐਸ. ਡੀ. ਐਮ ਦੀਨਾਨਗਰ ਜਸਪਿੰਦਰ ਸਿੰਘ ਨੇ ਦੱਸਿਆ ਕਿ ਪਿੰਡਾਂ ਵਿੱਚ ਬੇਲਰਾਂ ਨਾਲ ਕਿਸਾਨਾਂ ਤੇ ਗੁੱਜਰਾਂ ਵਲੋਂ ਵੀ ਪਰਾਲੀ ਸੰਭਾਲੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਬੇਲਰ ਮਾਲਕ ਵਲੋਂ ਖੇਤਾਂ ਵਿੱਚੋਂ ਪਰਾਲੀ ਇਕੱਠੀ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਦੀਨਾਨਗਰ ਬਲਾਕ ਦੇ ਪਿੰਡ ਜੋਗਰ ਸਮੇਤ ਵੱਖ-ਵੱਖ ਪਿੰਡਾਂ ਵਿੱਚ ਪਰਾਲੀ ਇਕੱਠੀ ਕੀਤੀ ਗਈ ਹੈ। ਐਸ.ਡੀ.ਐਮ ਨੇ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਝੋਨੇ ਦੀ ਕਟਾਈ ਤੋਂ ਬਾਅਦ ਪਰਾਲੀ/ਨਾੜ ਨੂੰ ਅੱਗ ਨਾ ਲਗਾਉਣ। ਖੇਤੀਬਾੜੀ ਵਿਭਾਗ ਵਲੋਂ ਪਰਾਲੀ ਦੇ ਪ੍ਰਬੰਧਨ ਲਈ ਯੋਗ ਪ੍ਰਬੰਧ ਕੀਤੇ ਹਨ ਅਤੇ ਜੇਕਰ ਕਿਸੇ ਕਿਸਾਨ ਨੂੰ ਪਰਾਲੀ ਦੇ ਪ੍ਰਬੰਧਨ ਸਬੰਧੀ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਨੇੜਲੇ ਖੇਤੀਬਾੜੀ ਵਿਭਾਗ ਦੇ ਦਫਤਰ ਨਾਲ ਸੰਪਰਕ ਕਰ ਸਕਦੇ ਹਨ ਜਾਂ ਹੈਲਪ ਲਾਈਨ ਨੰਬਰ 1800-180-1852 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਇਸੇ ਤਰ੍ਹਾਂ ਡੇਰਾ ਬਾਬਾ ਨਾਨਕ ਬਲਾਕ ਦੇ ਪਿੰਡ ਜੌੜੀਆਂ ਖੁਰਦ ਵਿੱਚ 8 ਏਕੜ, ਪਿੰਡ ਰਹੀਮਾਬਾਦ ਵਿੱਚ 14 ਏਕੜ, ਪਿੰਡ ਢਿੱਲਵਾਂ ਵਿੱਚ 6 ਏਕੜ, ਸਿੰਘਪੁਰਾ ਪਿੰਡ ਵਿੱਚ 8 ਏਕੜ ਅਤੇ ਪਿੰਡ ਕੋਹਾਲੀ ਵਿੱਚ 5 ਏਕੜ ਪਰਾਲੀ, ਬੇਲਰਾਂ ਇਕੱਠੀ ਕੀਤੀ ਗਈ ਹੈ।

# ਹਲਕਾ ਵਿਧਾਇਕਾ ਅਰੁਣਾ ਚੌਧਰੀ ਨੇ ਆਪਣੇ ਪਿੰਡ ਅਵਾਂਖਾ ਜਾ ਕੇ ਵੋਟ ਪਾਈ



ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)- ਪੰਚਾਇਤੀ ਚੋਣਾਂ ਦੌਰਾਨ ਅੱਜ ਹਲਕਾ ਵਿਧਾਇਕਾ ਤੇ ਸਾਬਕਾ ਕੈਬਨਿਟ ਮੰਤਰੀ ਅਰੁਣਾ ਚੌਧਰੀ ਵੱਲੋਂ ਆਪਣੇ ਪਿੰਡ ਅਵਾਂਖਾ ਦੇ ਪੰਚਾਇਤ ਘਰ 'ਚ ਬਣੇ ਬੋਲਿੰਗ ਬੂਥ 'ਤੇ ਜਾ ਕੇ ਵੋਟ ਪਾਈ ਗਈ। ਇਸ ਮੌਕੇ ਉਨ੍ਹਾਂ ਨਾਲ ਪਤੀ ਅਸ਼ੋਕ ਚੌਧਰੀ ਸਾਬਕਾ ਜ਼ਿਲ੍ਹਾ ਪ੍ਰਧਾਨ ਕਾਂਗਰਸ ਕਮੇਟੀ ਨੇ ਵੀ ਆਪਣੇ ਮਤ ਦੀ ਵਰਤੋਂ ਕਰਦਿਆਂ ਵੋਟ ਦਾ ਭੁਗਤਾਨ ਕੀਤਾ ਅਤੇ ਲੋਕਾਂ ਨੂੰ ਵੋਟ ਪਾਉਣ ਲਈ ਪ੍ਰੇਰਿਆ। ਇਸ ਦੌਰਾਨ ਅਰੁਣਾ ਚੌਧਰੀ ਨੇ ਕਿਹਾ ਕਿ ਇਹ ਲੋਕਤੰਤਰ ਦੀ ਖੂਬਸੂਰਤੀ ਹੈ ਕਿ ਹਰੇਕ ਨਾਗਰਿਕ ਆਪਣੀ ਵੋਟ ਦੀ ਤਾਕਤ ਨਾਲ ਆਪਣਾ ਪਸੰਦੀਦਾ ਨੇਤਾ ਚੁਣ ਸਕਦਾ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਬਿਨਾਂ ਕਿਸੇ ਡਰ ਜਾਂ ਲਾਲਚ ਤੋਂ ਵੋਟਾਂ ਪਾਈਆਂ ਜਾਣ ਅਤੇ ਪਿੰਡ ਦੀ ਨੁਮਾਇੰਦਗੀ ਕਰਨ ਲਈ ਅਜਿਹੇ ਪੰਚ ਤੇ ਸਰਪੰਚ ਨੂੰ ਚੁਣਿਆ ਜਾਵੇ ਜੋ ਬਿਨਾਂ ਕਿਸੇ ਭੇਦਭਾਵ ਤੋਂ ਪਿੰਡ ਦੀ ਭਲਾਈ ਲਈ ਕੰਮ ਕਰਨਾ ਚਾਹੁੰਦਾ ਹੋਵੇ। ਉਨ੍ਹਾਂ ਕਿਹਾ ਕਿ ਭਾਵੇਂ ਸਰਕਾਰ ਨੇ ਇਹ ਚੋਣਾਂ ਕਾਹਲੀ ਵਿੱਚ ਕਰਵਾਈਆਂ ਹਨ ਅਤੇ ਕਈ ਤਰ੍ਹਾਂ ਦੇ ਇਤਰਾਜ਼ਾਂ ਨੂੰ ਆਧਾਰ ਬਣਾ ਕੇ ਹਾਈਕੋਰਟ ਵਿੱਚ ਅਨੇਕਾਂ ਰਿੱਟਾਂ ਵੀ ਦਾਖ਼ਲ ਹੋਈਆਂ ਹਨ ਪਰ ਫਿਰ ਵੀ ਲੋਕਾਂ ਅੰਦਰ ਪੰਚਾਇਤੀ ਚੋਣਾਂ ਨੂੰ ਲੈ ਕੇ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ ਅਤੇ ਸਵੇਰ ਤੋਂ ਹੀ ਲੋਕ ਲੰਮੀਆਂ ਕਤਾਰਾਂ ਵਿੱਚ ਵੋਟ ਪਾਉਣ ਲਈ ਬੋਲਿੰਗ ਬੂਥਾਂ 'ਤੇ ਪਹੁੰਚੇ ਹਨ। ਉਨ੍ਹਾਂ ਦੀਨਾਨਗਰ ਹਲਕੇ ਅੰਦਰ ਅਮਨ ਅਮਾਨ ਨਾਲ ਚੋਣਾਂ ਹੋਣ 'ਤੇ ਕਿਹਾ ਕਿ ਇਹ ਲੋਕਾਂ ਦੀ ਸਿਆਣਪ ਦਾ ਨਤੀਜਾ ਹੈ।ਸੀਨੀਅਰ ਨੇਤਾ ਅਸ਼ੋਕ ਚੌਧਰੀ ਨੇ ਕਿਹਾ ਕਿ ਇਹ ਚੋਣਾਂ ਲੋਕਤੰਤਰ ਦੀ ਪਹਿਲੀ ਇਕਾਈ ਹੈ ਅਤੇ ਇੱਕਾ ਦੁੱਕਾ ਘਟਨਾਵਾਂ ਨੂੰ ਛੱਡ ਕੇ ਦੀਨਾਨਗਰ ਅੰਦਰ ਚੋਣਾਂ ਸ਼ਾਂਤੀਪੂਰਨ ਢੰਗ ਨਾਲ ਹੋਈਆਂ ਹਨ। ਜੋ ਲੋਕਤੰਤਰ ਲਈ ਚੰਗੀ ਖ਼ਬਰ ਹੈ। ਉਨ੍ਹਾਂ ਪੋਲਿੰਗ ਦੇ ਇੰਤਜ਼ਾਮਾਂ 'ਤੇ ਇਤਰਾਜ਼ ਜਤਾਉਂਦਿਆਂ ਕਿਹਾ ਕਿ ਇਸ ਬਾਰੇ ਪ੍ਰਸ਼ਾਸਨ ਨੂੰ ਸੁਧਾਰ ਕਰਨ ਦੀ ਲੋੜ ਹੈ।

ਉਨ੍ਹਾਂ ਕਿਹਾ ਕਿ ਪੰਚਾਇਤ ਘਰ ਦੇ ਇੱਕੋ ਕਮਰੇ 'ਚ ਦੋ ਬੂਥ ਬਣਾ ਦਿੱਤੇ ਗਏ ਹਨ ਅਤੇ ਆਉਣ ਜਾਣ ਲਈ ਵੀ ਇੱਕੋ ਪਾਸਿਓਂ ਰਸਤਾ ਹੋਣ ਕਾਰਨ ਵੱਡੀ ਗਿਣਤੀ ਲੋਕਾਂ ਨੂੰ ਪਰੇਸ਼ਾਨ ਹੁੰਦੇ ਦੇਖਿਆ ਗਿਆ, ਜੋ ਜ਼ਿਲ੍ਹਾ ਪ੍ਰਸ਼ਾਸਨ ਦੀ ਵੱਡੀ ਲਾਪਰਵਾਹੀ ਨੂੰ ਉਜਾਗਰ ਕਰਦਾ ਹੈ। ਉਨ੍ਹਾਂ ਕਿਹਾ ਕਿ ਉਹ ਇਸ ਬਾਰੇ ਡਿਪਟੀ ਕਮਿਸ਼ਨਰ ਨਾਲ ਗੱਲ ਕਰਨਗੇ ਤਾਂ ਜੋ ਭਵਿੱਖ ਵਿੱਚ ਲੋਕਾਂ ਦੀ ਖੱਜਲ ਖੁਆਰੀ ਨਾ ਹੋਵੇ।

# ਐਕਸੀਡੈਂਟ ਹੋਣ 'ਤੇ ਪੀੜਤ ਨੂੰ ਮਿਲਣ ਵਾਲੇ ਮੁਆਵਜ਼ੇ ਬਾਰੇ ਕੀਤਾ ਜਾਗਰੂਕ



ਗੁਰਦਾਸਪੁਰ (ਜਨਕ ਮਹਾਜਨ)- ਐਸ.ਐਸ.ਪੀ ਗੁਰਦਾਸਪੁਰ ਦੇ ਦਿਸ਼ਾ- ਨਿਰਦੇਸ਼ਾ ਹੇਠ ਟੈਫ੍ਰਿਕ ਪੁਲਸ ਐਜੂਕੇਸ਼ਨ ਸੈਲ ਵੱਲੋਂ ਹਰਦੋਛੰਨੀਆ ਬਾਈਪਾਸ ਚੌਕ ਵਿਖੇ ਸੈਮੀਨਾਰ ਲਗਾਇਆ ਗਿਆ ਜਿਸ ਵਿੱਚ ਟੂ-ਵੀਲਰ ਚਾਲਕਾਂ ਤੇ ਆਮ ਪਬਲਿਕ ਨੂੰ ਸ਼ਾਮਲ ਕਰਕੇ ਟੈਫ੍ਰਿਕ ਨਿਯਮਾਂ ਦੀ ਜਾਣਕਾਰੀ ਦਿੱਤੀ ਗਈ। ਉਨ੍ਹਾਂ ਵੱਲੋਂ ਲੋਕਾਂ ਨੂੰ ਹੈਲਮਟ ਤੇ ਸੀਟ ਬੈਲਟ ਦੀ ਅਹਿਮੀਅਤ ਬਾਰੇ ਜਾਗਰੂਕ ਕੀਤਾ ਅਤੇ ਡਰਾਈਵਿੰਗ ਲਾਇਸੈਂਸ ਦੀ ਅਹਿਮੀਅਤ ਬਾਰੇ ਦੱਸਿਆ ਗਿਆ। ਇਸ ਮੌਕੇ ਟਰੈਫਿਕ ਇੰਚਾਰਜ ਏ.ਐੱਸ.ਆਈ. ਜਸਵਿੰਦਰ ਸਿੰਘ ਨੇ ਅਣਪਛਾਤੇ ਵਹੀਕਲਜ਼ ਦੁਆਰਾ ਐਕਸੀਡੈਂਟ ਹੋਣ 'ਤੇ ਐਕਸੀਡੈਂਟ ਪੀੜਤ ਨੂੰ ਮਿਲਣ ਵਾਲੇ ਮੁਆਵਜ਼ਾ ਬਾਰੇ ਜਾਗਰੂਕ ਕੀਤਾ ਅਤੇ ਵਾਤਾਵਰਣ ਦੀ ਸੰਭਾਲ ਬਾਰੇ ਦੱਸਿਆ। ਐਕਸੀਡੈਂਟ ਪੀੜਤ ਦੀ ਮਦਦ ਕਰਨ ਤੇ ਫ਼ਰਿਸ਼ਤੇ ਸਕੀਮ ਬਾਰੇ ਲੋਕਾਂ ਨੂੰ ਜਾਗਰੂਕ ਕੀਤਾ। ਇਸ ਮੌਕੇ ਏ.ਐਸ.ਆਈ ਅਮਨਦੀਪ ਸਿੰਘ, ਅਸ਼ਵਨੀ ਕੁਮਾਰ, ਰਾਜ ਕੁਮਾਰ, ਵਿਸ਼ਵਾ ਨਾਥ, ਗੁਰਪ੍ਰੀਤ ਸਿੰਘ, ਆਦਿ ਨੇ ਹਿੱਸਾ ਲਿਆ।

# ਜ਼ਿਲ੍ਹੇ ਦੀਆਂ ਮੰਡੀਆਂ 'ਚ ਖਰੀਦੇ ਝੋਨੇ ਦੀ ਕਿਸਾਨਾਂ ਨੂੰ 8 ਕਰੋੜ 46 ਲੱਖ ਰੁਪਏ ਦੀ ਕੀਤੀ ਅਦਾਇਗੀ



ਗੁਰਦਾਸਪੁਰ (ਜਨਕ ਮਹਾਜਨ)- ਡਿਪਟੀ ਕਮਿਸ਼ਨਰ ਉਮਾ ਸ਼ੰਕਰ ਗੁਪਤਾ ਨੇ ਦੱਸਿਆ ਕਿ ਮੰਡੀਆਂ ਵਿੱਚ ਖਰੀਦ ਕੀਤੇ ਝੋਨੇ ਦੀ ਮਿਥੇ ਸਮੇਂ ਵਿੱਚ ਅਦਾਇਗੀ ਵੀ ਕੀਤੀ ਜਾ ਰਹੀ ਹੈ ਅਤੇ ਖਰੀਦੇ ਝੋਨੇ ਬਦਲੇ ਕਿਸਾਨਾਂ ਨੂੰ 8 ਕਰੋੜ 46 ਲੱਖ ਰੁਪਏ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ। ਡਿਪਟੀ ਕਮਿਸ਼ਨਰ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਸੁੱਕਾ ਝੋਨਾ ਹੀ ਮੰਡੀਆਂ ਵਿੱਚ ਲੈ ਕੇ ਆਉਣ ਤਾਂ ਜੋ ਉਨ੍ਹਾਂ ਨੂੰ ਫਸਲ ਵੇਚਣ ਵਿਚ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਅੱਗੇ ਕਿਹਾ ਕਿ ਮੰਡੀਆਂ ਵਿੱਚ ਕਿਸਾਨਾਂ ਦੀ ਸਹੂਲਤ ਲਈ ਸੁਚਾਰੂ ਢੰਗ ਨਾਲ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਅਪੀਲ ਕੀਤੀ ਕਿ ਝੋਨੇ ਦੀ ਫਸਲ ਕੱਟਣ ਉਪਰੰਤ ਪਰਾਲੀ ਨਾ ਸਾੜੀ ਜਾਵੇ ਅਤੇ ਪਰਾਲੀ ਪ੍ਰਬੰਧਨ ਲਈ ਖੇਤੀ ਮਸ਼ੀਨਰੀ ਵਰਤੀ ਜਾਵੇ। ਉਨ੍ਹਾਂ ਦੱਸਿਆ ਕਿ ਪਨਗਰੇਨ ਵਲੋਂ 3128 ਮੀਟਰਕ ਟਨ, ਮਾਰਕਫੈੱਡ ਵਲੋਂ 2661 ਮੀਟਰਕ ਟਨ, ਪਨਸਪ ਵਲੋਂ 2141 ਮੀਟਰਕ ਟਨ , ਪੰਜਾਬ ਸਟੇਟ ਵੇਅਰ ਹਾਊਸ ਕਾਰਪੋਰੇਸ਼ਨ ਵਲੋਂ 1434 ਮੀਟਰਕ ਟਨ ਝੋਨੇ ਦੀ ਖਰੀਦ ਕੀਤੀ ਗਈ। ਜ਼ਿਲ੍ਹੇ ਭਰ ਦੀਆਂ ਮੰਡੀਆਂ ਵਿੱਚ ਬੀਤੀ ਦੇਰ ਸ਼ਾਮ ਤੱਕ ਸਰਕਾਰੀ ਖਰੀਦ ਏਜੰਸੀਆਂ ਵਲੋਂ 9364 ਮੀਟਰਕ ਟਨ ਝੋਨੇ ਦੀ ਖਰੀਦ ਕੀਤੀ ਜਾ ਚੁੱਕੀ ਹੈ।

# ਸੰਗਤਾਂ ਨੂੰ ਮੰਦਰ ਮਾਤਾ ਚਿੰਤਪੁਰਨੀ, ਮੰਦਰ ਬਾਬਾ ਬਾਲਕ ਨਾਥ ਦੇ ਕਰਵਾਏ ਦਰਸ਼ਨ



ਅੰਮ੍ਰਿਤਸਰ (ਜਗਦੀਸ਼ ਕਮਲੇਸ਼)- ਏਕਨੂਰ ਸੇਵਾ ਟਰੱਸਟ (ਰਜਿ.) ਦੀ ਚੇਅਰਪਰਸਨ ਪੂਨਮ ਸ਼ਰਮਾ ਅਤੇ ਪਰਵਾਰਕ ਮੈਂਬਰਾਂ ਰੋਹਿਤ ਸ਼ਰਮਾ, ਰੀਟਾ ਸ਼ਰਮਾ, ਨਿਤਿਨ ਸ਼ਰਮਾ ਨੇ ਮੰਦਰ ਮਾਤਾ ਚਿੰਤਪੁਰਨੀ ਅਤੇ ਮੰਦਰ ਬਾਬਾ ਬਾਲਕ ਨਾਥ ਜੀ (ਹਿਮਾਚਲ ਪ੍ਰਦੇਸ਼) ਦੀ ਸਾਲਾਨਾ ਮੁਫ਼ਤ ਬੱਸ ਯਾਤਰਾ ਵਿੱਚ ਸ਼ਮੂਲੀਅਤ ਕੀਤੀ। ਇਸ ਦੌਰਾਨ ਸੰਗਤਾਂ ਨੂੰ ਦਰਸ਼ਨ ਦਿੱਤੇ ਗਏ। ਦੋ ਬੱਸਾਂ ਦਾ ਤਿੰਨ ਦਿਨਾ ਸਫ਼ਰ ਸਨਿਚਰਵਾਰ ਸਵੇਰੇ ਮਜੀਠਾ ਰੋਡ ਤੋਂ ਤਾੜੀਆਂ ਨਾਲ ਰਵਾਨਾ ਹੋਇਆ। ਸ਼ਨੀਵਾਰ ਨੂੰ ਮਾਤਾ ਚਿੰਤਪੁਰਨੀ ਦੇ ਮੰਦਰ ਦੇ ਦਰਸ਼ਨ ਕਰਨ ਉਪਰੰਤ ਸ਼ਾਹ ਤਲਾਈਆਂ ਸਥਿਤ ਇੱਕ ਨਿੱਜੀ ਹੋਟਲ ਵਿਖੇ ਬਾਬਾ ਬਾਲਕ ਨਾਥ ਜੀ ਦੇ ਨਾਮ 'ਤੇ ਮਿੰਨੀ ਜਾਗਰਣ ਕਰਵਾਇਆ ਗਿਆ। ਜਿੱਥੇ ਹਿਮਾਚਲੀ ਦੇ ਗਾਇਕ ਅੰਮ੍ਰਿਤ ਕੁਮਾਰ ਅਤੇ ਨਿਸ਼ਾ ਸ਼ਰਮਾ ਨੇ ਬਾਬਾ ਜੀ ਦਾ ਗੁਣਗਾਨ ਕੀਤਾ ਅਤੇ ਸੰਗਤਾਂ ਨੂੰ ਪ੍ਰਭੂ ਦੀ ਭਗਤੀ ਵਿੱਚ ਨੱਚਣ ਲਈ ਮਜਬੂਰ ਕਰ ਦਿੱਤਾ। ਐਤਵਾਰ ਸਵੇਰੇ ਮੰਦਰ ਸ੍ਰੀ ਦਰੋਣਾਚਾਰੀਆ ਅਤੇ ਮੰਦਰ ਮਾਂ ਰਤਨੋ ਜੀ ਸ਼ਾਹ ਤਲਾਈਆਂ ਵਿਖੇ ਸ਼ਰਧਾਲੂਆਂ ਨੂੰ ਬਾਬਾ ਜੀ ਦੇ ਝੰਡੇ ਦੀ ਛਤਰ ਛਾਇਆ ਹੇਠ ਨਤਮਸਤਕ ਹੋਏ ਅਤੇ ਢੋਲ ਦੀ ਗੜਗੜਾਹਟ ਕਰਦਿਆਂ ਬਾਬਾ ਜੀ ਦਾ ਗੁਣਗਾਨ ਕੀਤਾ ਗਿਆ। ਦਿਨ-ਰਾਤ ਲੰਗਰ ਭੰਡਾਰੇ ਦੌਰਾਨ ਸੰਗਤਾਂ ਨੂੰ ਵੱਖ-ਵੱਖ ਸੁਆਦੀ ਭੋਜਨ ਪਦਾਰਥਾਂ ਦਾ ਅਟੁੱਟ ਲੰਗਰ ਵਰਤਾਇਆ ਗਿਆ। ਸ਼ਰਧਾਲੂਆਂ ਨੇ ਗੁਫਾ ਮੰਦਰ ਬਾਬਾ ਬਾਲਕ ਨਾਥ ਦੇ ਦਰਸ਼ਨ ਕੀਤੇ ਅਤੇ ਬਾਬਾ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ।ਪ੍ਰਬੰਧਕ ਰੋਹਿਤ ਸ਼ਰਮਾ ਅਤੇ ਪੂਨਮ ਸ਼ਰਮਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਬਾਬਾ ਜੀ ਦੀ ਇੱਛਾ ਅਤੇ ਆਸ਼ੀਰਵਾਦ ਨਾਲ ਇਹ ਸਾਲਾਨਾ ਯਾਤਰਾ ਨਿਰੰਤਰ ਜਾਰੀ ਰਹੇਗੀ। ਉਨ੍ਹਾਂ ਸ਼ਰਧਾਲੂਆਂ ਵੱਲੋਂ ਯਾਤਰਾ ਵਿੱਚ ਸਹਿਯੋਗ ਦੇਣ ਲਈ ਧੰਨਵਾਦ ਕੀਤਾ ਅਤੇ ਉਨ੍ਹਾਂ ਨੂੰ ਰੋਟੀ ਅਤੇ ਫਲਾਂ ਦਾ ਪ੍ਰਸ਼ਾਦ ਵੀ ਦਿੱਤਾ। ਟਰੱਸਟ ਦੇ ਪ੍ਰਧਾਨ ਅਰਵਿੰਦਰ ਵੜੈਚ ਨੇ ਕਿਹਾ ਕਿ ਗੁਰੂ ਦੇ ਦਰਸ਼ਨਾਂ ਲਈ ਆਪਣਾ ਕੀਮਤੀ ਸਮਾਂ ਕੱਢਣਾ ਸ਼ਲਾਘਾਯੋਗ ਕਾਰਜ ਹੈ। ਪ੍ਰਮਾਤਮਾ ਸਫ਼ਰ ਕਰਨ ਵਾਲੇ ਪਰਵਾਰਾਂ ਨੂੰ ਹਮੇਸ਼ਾ ਚੜ੍ਹਦੀ ਕਲਾ ਵਿੱਚ ਰੱਖੇ। ਸੰਗਤਾਂ ਦੀ ਸੇਵਾ ਭਾਵਨਾ ਦਾ ਹਰ ਤਰ੍ਹਾਂ ਨਾਲ ਖਿਆਲ ਰੱਖਣ ਅਤੇ ਖੁੱਲ੍ਹੇ ਦਰਸ਼ਨ ਦੀਦਾਰੇ ਕਰਨ ਲਈ ਪਰਵਾਰ ਵਧਾਈ ਦਾ ਪਾਤਰ ਹੈ। ਇਸ ਮੌਕੇ ਵਿਨੋਦ ਕੁਮਾਰ, ਜਗਜੀਤ ਸਿੰਘ, ਸੂਬਾ ਸਿੰਘ, ਮਨੀਸ਼ ਸ਼ਰਮਾ, ਅੰਜਲੀ ਦਾਨਿਸ਼, ਅਵੀ ਸ਼ਰਮਾ, ਠਾਕੁਰ ਪ੍ਰਭ ਦਿਆਲ, ਰਣਜੀਤ ਕੁਮਾਰ, ਸੋਨੂੰ ਸ਼ਰਮਾ, ਪੂਜਾ ਸ਼ਰਮਾ, ਰਾਹੁਲ, ਦਾਨਿਸ਼ ਸਰਪਾਲ, ਰਿੰਕੂ, ਸੰਨੀ ਸ਼ਰਮਾ, ਬਾਵਾ ਰਾਮ, ਪ੍ਰਦੀਪ ਕੁਮਾਰ, ਡਾ. ਯਾਤਰਾ ਦੌਰਾਨ ਕਮਲ ਸ਼ਰਮਾ, ਸੁਭਾਸ਼ ਸਾਨਿਆਲ, ਸ਼ੈਲੀ ਸ਼ਰਮਾ, ਰਾਜਜੀ, ਜਾਨਵੀ, ਸ਼ਿਖਾ, ਸ਼ਿਬੂ ਸ਼ਰਮਾ ਅਤੇ ਹੋਰ ਸ਼ਰਧਾਲੂਆਂ ਨੇ ਆਪਣੀਆਂ ਸੇਵਾਵਾਂ ਦਿੱਤੀਆਂ।

# ਬੱਲ 'ਚ ਸਰਪੰਚੀ ਦੀ ਚੋਣ ਨੂੰ ਲੈ ਕੇ ਚੱਲੀ ਗੋਲੀ, 8 ਵਿਅਕਤੀਆਂ ਵਿਰੁੱਧ ਕੇਸ ਦਰਜ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)- ਥਾਣਾ ਧਾਰੀਵਾਲ ਦੀ ਪੁਲਸ ਨੇ ਪਿੰਡ ਬੱਲ ਵਿੱਚ ਸਰਪੰਚ ਦੀ ਚੋਣ ਨੂੰ ਲੈ ਕੇ ਚੱਲੀ ਗੋਲੀ ਅਤੇ ਦਸਤੀ ਰਵਾਇਤੀ ਹਥਿਆਰਾਂ ਨਾਲ ਹਮਲਾ ਕਰਕੇ ਉਮੀਦਵਾਰ ਨੂੰ ਜ਼ਖ਼ਮੀ ਕਰ ਦੇਣ ਵਾਲੇ 8 ਵਿਅਕਤੀਆਂ ਵਿਰੁੱਧ ਮੁੱਕਦਮਾ ਦਰਜ ਕਰਕੇ ਇਕ ਨੂੰ ਗ੍ਰਿਫਤਾਰ ਕਰ ਲਿਆ ਹੈ। ਇਸ ਸਬੰਧੀ ਡੀ ਐਸ ਪੀ ਕੁਲਵੰਤ ਸਿੰਘ ਮਾਨ ਅਤੇ ਥਾਣਾ ਧਾਰੀਵਾਲ ਦੇ ਮੁਖੀ ਇਸਪੈਕਟਰ ਬਲਜੀਤ ਕੌਰ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਸਾਬਕਾ ਫੌਜੀ ਅੰਮ੍ਰਿਤਪਾਲ ਸਿੰਘ ਪੁੱਤਰ ਸੁਖਜਿੰਦਰ ਸਿੰਘ ਵਾਸੀ ਬੱਲ ਨੇ ਪੁਲਸ ਨੂੰ ਦੱਸਿਆ ਕਿ ਉਹ ਪੰਚਾਇਤੀ ਇਲੈਕਸ਼ਨ ਵਿੱਚ ਸਰਪੰਚੀ ਦਾ ਉਮੀਦਵਾਰ ਖੜ੍ਹਾ ਹੋਣ ਕਰਕੇ 14 ਅਕਤੂਬਰ ਨੂੰ ਰਾਤ ਕਰੀਬ 10.30 ਵਜੇ ਉਹ ਸਤਵਿੰਦਰ ਸਿੰਘ ਪੁੱਤਰ ਕਸ਼ਮੀਰ ਸਿੰਘ ਦੇ ਘਰੋਂ ਇਲੈਕਸ਼ਨ ਸਬੰਧੀ ਸਲਾਹ ਮਸ਼ਵਰਾ ਕਰਕੇ ਸਮੇਤ ਸੇਵਾ ਸਿੰਘ, ਹਰਪ੍ਰੀਤ ਸਿੰਘ, ਰਾਜਬੀਰ ਸਿੰਘ, ਸਤਿੰਦਰਪਾਲ ਸਿੰਘ ਪੁੱਤਰ ਪ੍ਰੀਤਮ ਸਿੰਘ ਨਾਲ ਆਪਣੇ ਘਰਾਂ ਨੂੰ ਜਾਂਦੇ ਸਮੇਂ ਜਦੋਂ ਪਿੰਡ ਦੇ ਮਾਤਾ ਰਾਣੀ ਦੇ ਮੰਦਰ ਕੋਲ ਪੁੱਜੇ ਤਾਂ ਉਥੇ ਗਲੀ ਵਿੱਚ ਖੜ੍ਹੇ ਹਮਲਾਵਰਾਂ ਨੇ ਲਲਕਾਰਾ ਮਾਰਿਆ ਕਿ ਸਾਡੇ ਸਾਹਮਣੇ ਚੋਣ ਲੜਨ ਦਾ ਤੈਨੂੰ ਮਜ਼ਾ ਦੱਸ ਦੇਈਏ ਤਾਂ ਲਵਪ੍ਰੀਤ ਸਿੰਘ ਪੁੱਤਰ ਦਲਜੀਤ ਸਿੰਘ ਵਾਸੀ ਪਿੰਡ ਬੱਲ ਨੇ ਮਾਰ ਦੇਣ ਦੀ ਨੀਅਤ ਨਾਲ ਪਿਸਟਲ ਦੇ ਫਾਇਰ ਕੀਤੇ, ਤਾਂ ਉਹ ਸਾਈਡ ਨੂੰ ਹੋ ਕੇ ਬਚਿਆ ਤਾਂ ਰਜਿੰਦਰ ਸਿੰਘ ਪੁੱਤਰ ਇਕਬਾਲ ਸਿੰਘ, ਕੁਲਜੀਤ ਸਿੰਘ ਪੁੱਤਰ ਜੈਮਲ ਸਿੰਘ, ਸਤਿੰਦਰ ਸਿੰਘ ਪੁੱਤਰ ਦਿਲਬਾਗ ਸਿੰਘ, ਜਗਜੀਤ ਸਿੰਘ ਪੁੱਤਰ ਜਸਵਿੰਦਰ ਸਿੰਘ ਵਾਸੀਆਨ ਪਿੰਡ ਬੱਲ ਨੇ ਦਸਤੀ ਰਵਾਇਤੀ ਹਥਿਆਰਾਂ ਨਾਲ ਹਮਲਾ ਕਰਕੇ ਉਸ ਨੂੰ ਜ਼ਖ਼ਮੀ ਕਰ ਦਿੱਤਾ ਅਤੇ ਇਨ੍ਹਾਂ ਤੋਂ ਇਲਾਵਾ ਸੁਖਵਿੰਦਰ ਸਿੰਘ ਪੁੱਤਰ ਤਿਲਕ ਰਾਜ, ਵਿੱਕੀ ਪੁੱਤਰ ਪ੍ਰੇਮ ਮਸੀਹ ਅਤੇ ਰਵਿੰਦਰ ਸਿੰਘ ਪੁੱਤਰ ਮੁਖਤਿਆਰ ਸਿੰਘ ਵਾਸੀਆਨ ਬੱਲ ਨੇ ਠੁੱਡ ਮਾਰੇ। ਮੇਰੇ ਵਲੋਂ ਰੌਲਾ ਪਾਉਣ 'ਤੇ ਹਮਲਾਵਰ ਆਪਣੇ ਹਥਿਆਰਾਂ ਸਮੇਤ ਮੌਕੇ ਤੋਂ ਭੱਜ ਗਏ। ਜ਼ਖ਼ਮੀ ਹਾਲਤ ਵਿੱਚ ਉਸ ਨੂੰ ਸੇਵਾ ਸਿੰਘ, ਹਰਪ੍ਰੀਤ ਸਿੰਘ, ਸਤਵਿੰਦਰ ਸਿੰਘ, ਰਾਜਬੀਰ ਸਿੰਘ ਅਤੇ ਸਤਿੰਦਰ ਪਾਲ ਸਿੰਘ ਪੁੱਤਰ ਪ੍ਰੀਤਮ ਸਿੰਘ ਵਾਸੀਆਨ ਬੱਲ ਨੇ ਇਲਾਜ ਲਈ ਹਸਪਤਾਲ ਭਰਤੀ ਕਰਵਾਇਆ। ਥਾਣਾ ਧਾਰੀਵਾਲ ਦੇ ਮੁਖੀ ਇੰਸਪੈਕਟਰ ਬਲਜੀਤ ਕੌਰ ਨੇ ਦੱਸਿਆ ਏ ਐਸ ਆਈ ਬਲਬੀਰ ਸਿੰਘ ਨੇ ਅੰਮ੍ਰਿਤਪਾਲ ਸਿੰਘ ਦੇ ਬਿਆਨਾਂ ਅਨੁਸਾਰ ਲਵਪ੍ਰੀਤ ਸਿੰਘ, ਰਜਿੰਦਰ ਸਿੰਘ, ਕੁਲਜੀਤ ਸਿੰਘ, ਸਤਿੰਦਰ ਸਿੰਘ, ਜਗਜੀਤ ਸਿੰਘ, ਸੁਖਵਿੰਦਰ ਸਿੰਘ, ਵਿੱਕੀ ਅਤੇ ਰਵਿੰਦਰ ਸਿੰਘ ਵਿਰੁੱਧ ਆਰਮਜ਼ ਐਕਟ ਅਤੇ ਹੋਰ ਧਾਰਾਵਾਂ ਤਹਿਤ ਮੁਕੱਦਮਾ ਦਰਜ ਕਰਕੇ ਸੁਖਵਿੰਦਰ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਹੈ ਅਤੇ ਬਾਕੀਆਂ ਨੂੰ ਗ੍ਰਿਫਤਾਰ ਕਰਨ ਲਈ ਛਾਪਾਮਾਰੀ ਕੀਤੀ ਜਾ ਰਹੀ ਹੈ।

# ਤਾਲਿਬਪੁਰ ਤੋਂ ਸਰਪੰਚ ਉਮੀਦਵਾਰ ਕਪਿਲ ਕੁਮਾਰ ਨੇ ਵੱਡੀ ਗਿਣਤੀ ਨਾਲ ਕੀਤੀ ਜਿੱਤ ਹਾਸਲ



ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਗ੍ਰਾਮ ਪੰਚਾਇਤ ਪਿੰਡ ਤਾਲਿਬਪੁਰ ਤੋਂ ਸਰਪੰਚ ਉਮੀਦਵਾਰ ਕਪਿਲ ਕੁਮਾਰ ਸਣੇ, ਪੰਚਾਇਤ ਮੈਂਬਰ ਅਨਿਲ ਕੁਮਾਰ, ਵਿਨੋਦ ਕੁਮਾਰ, ਨੀਲਮ ਦੇਵੀ, ਜੋਤੀ ਸ਼ਰਮਾ ਅਤੇ ਸ੍ਰੀਮਤੀ ਕਿਰਨ ਸ਼ਰਮਾ ਨੇ ਵੱਡੀ ਗਿਣਤੀ ਨਾਲ ਜਿੱਤ ਹਾਸਲ ਕੀਤੀ।ਇਸ ਮੌਕੇ ਨਵੇਂ ਚੁਣੇ ਗਏ ਸਰਪੰਚ ਕਪਿਲ ਕੁਮਾਰ ਸਣੇ ਪੰਚਾਇਤ ਮੈਂਬਰਾਂ ਨੇ ਆਪਣੀ ਜਿੱਤ ਨੂੰ ਲੈ ਕੇ ਆਪਣੇ ਸਮੂਹ ਵੋਟਰਾਂ, ਸਪੋਰਟਰਾਂ ਅਤੇ ਪਿੰਡ ਵਾਸੀਆਂ ਦਾ ਕੀਤਾ ਧੰਨਵਾਦ। ਇਸ ਮੌਕੇ ਸਾਬਕਾ ਸਰਪੰਚ ਅਤੇ ਪ੍ਰਸਿੱਧ ਸਮਾਜ ਸੇਵੀ ਰਵਿੰਦਰ ਮਹਾਜਨ ਨੇ ਨਵੇਂ ਚੁਣੇ ਸਰਪੰਚ ਕਪਿਲ ਕੁਮਾਰ ਅਤੇ ਪੰਚਾਇਤ ਮੈਂਬਰਾਂ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ ਅਤੇ ਉਹਨਾਂ ਨੂੰ ਹਾਰ ਪਾ ਕੇ ਸਨਮਾਨਤ ਕੀਤਾ। ਇਸ ਮੌਕੇ ਵੱਡੀ ਗਿਣਤੀ ਵਿੱਚ ਪਿੰਡ ਦੇ ਪਤਵੰਤੇ ਲੋਕ ਹਾਜ਼ਰ ਸਨ।

17-Oct-PAGE-12.qxd 10/16/2024 10:23 PM Page 1



# ਪੰਚਾਇਤੀ ਚੋਣਾਂ 'ਚ ਉਤਸ਼ਾਹ ਨਾਲ ਭਾਗ ਲੈਣ ਲਈ 'ਆਪ' ਨੇ ਕੀਤਾ ਲੋਕਾਂ ਦਾ ਧੰਨਵਾਦ




**ਚੰਡੀਗੜ੍ਹ, (ਗੁਰਜੀਤ ਬਿੱਲਾ)** ਆਮ ਆਦਮੀ ਪਾਰਟੀ (ਆਪ) ਨੇ ਪੰਚਾਇਤੀ ਚੋਣਾਂ ਵਿੱਚ ਵੱਡੀ ਗਿਣਤੀ ਵਿੱਚ ਅਤੇ ਉਤਸ਼ਾਹ ਨਾਲ ਭਾਗ ਲੈਣ ਲਈ ਪੰਜਾਬ ਦੇ ਲੋਕਾਂ ਦਾ ਧੰਨਵਾਦ ਕੀਤਾ ਹੈ।ਪਾਰਟੀ ਨੇ ਚੋਣਾਂ ਨੂੰ ਸਫਲਤਾਪੂਰਵਕ ਅਤੇ ਸ਼ਾਂਤੀਪੂਰਵਕ ਕਰਵਾਉਣ ਲਈ ਸਾਰੇ ਜ਼ਿਲ੍ਹਾ ਪ੍ਰਸ਼ਾਸਨ ਅਤੇ ਰਾਜ ਚੋਣ ਕਮਿਸ਼ਨ ਦੀ ਵੀ ਸ਼ਲਾਘਾ ਕੀਤੀ।ਪਾਰਟੀ ਦਫਤਰ ਤੋਂ ਬੁੱਧਵਾਰ ਨੂੰ ਜਾਰੀ ਬਿਆਨ 'ਚ 'ਆਪ' ਪੰਜਾਬ ਦੇ ਸੀਨੀਅਰ ਆਗੂ ਅਤੇ ਬੁਲਾਰੇ ਨੀਲ ਗਰਗ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪੰਚਾਇਤੀ ਚੋਣਾਂ ਦੌਰਾਨ ਲੋਕਾਂ ਨੂੰ ਕੀਤੀ ਅਪੀਲ ਦਾ ਕਾਫੀ ਅਸਰ ਪਿਆ ਹੈ। ਸੂਬੇ ਦੀਆਂ ਕੁੱਲ 13237 ਪੰਚਾਇਤਾਂ ਵਿੱਚੋਂ 3800 ਦੇ ਕਰੀਬ ਸਰਪੰਚ ਸਰਬਸੰਮਤੀ ਨਾਲ ਚੁਣੇ ਗਏ।48 ਹਜ਼ਾਰ ਤੋਂ ਵੱਧ ਪੰਚ ਨਿਰਵਿਰੋਧ ਚੁਣੇ ਗਏ। ਇਹ ਪੰਜਾਬ ਵਿੱਚ ਆਮ ਆਦਮੀ ਪਾਰਟੀ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਲੋਕਪ੍ਰਿਅਤਾ ਨੂੰ ਦਰਸਾਉਂਦਾ ਹੈ।ਨੀਲ ਗਰਗ ਨੇ ਕਿਹਾ ਕਿ ਪੰਚਾਇਤਾਂ ਪੰਜਾਬ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹਨ।ਸੂਬੇ ਦੇ ਵਿਕਾਸ ਵਿੱਚ ਪੰਚਾਇਤਾਂ ਦੀ ਭੂਮਿਕਾ ਅਹਿਮ ਰਹੀ ਹੈ। ਇਸੇ ਕਰਕੇ ਮਾਨ ਸਰਕਾਰ ਨੇ ਪੰਚਾਇਤੀ ਚੋਣਾਂ ਨੂੰ ਪਾਰਟੀ ਅਧਾਰਤ ਨਾ ਕਰਾਉਣ ਦਾ ਫੈਸਲਾ ਕੀਤਾ।ਮੁੱਖ ਮੰਤਰੀ ਨੇ ਇਹ ਵੀ ਕਿਹਾ ਸੀ ਕਿ ਸਰਪੰਚ ਪਿੰਡ ਦਾ ਹੋਣਾ ਚਾਹੀਦਾ ਹੈ ਨਾ ਕਿ ਕਿਸੇ ਪਾਰਟੀ ਦਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦੇ ਐਲਾਨ ਅਨੁਸਾਰ ਸਰਬਸੰਮਤੀ ਨਾਲ ਸਰਪੰਚ ਚੁਣੀਆਂ ਗਈਆਂ ਪੰਚਾਇਤਾਂ ਨੂੰ ਸਰਕਾਰ ਵੱਲੋਂ 5 ਲੱਖ ਰੁਪਏ ਦੀ ਵਿਸ਼ੇਸ਼ ਗਰਾਂਟ ਦਿੱਤੀ ਜਾਵੇਗੀ।ਇਸ ਨਾਲ ਪਿੰਡ ਦੇ ਵਿਕਾਸ ਵਿੱਚ ਤੇਜ਼ੀ ਆਵੇਗੀ ਅਤੇ ਮਦਦ ਮਿਲੇਗੀ।ਪੰਚਾਇਤੀ ਚੋਣਾਂ ਦੇ ਸ਼ਾਂਤਮਈ ਅਤੇ ਨਿਰਪੱਖ ਹੋਣ ਦੇ ਕਾਰਨ ਰਾਜ ਦੀ ਲੋਕਤੰਤਰ ਪ੍ਰਣਾਲੀ ਨੂੰ ਵੀ ਮਜ਼ਬੂਤੀ ਮਿਲੀ ਹੈ।

# ਰਾਹੋਂ ਦੇ ਇਤਿਹਾਸਕ ਰੇਲਵੇ ਸਟੇਸ਼ਨ 'ਤੇ ਕਦੋਂ ਆਵੇਗੀ ਰੇਲ, ਯਾਤਰੀ ਪਰੇਸ਼ਾਨ



**ਰਾਹੋਂ (ਕੁਲਵਿੰਦਰ ਸਿੰਘ ਰਾਹੋਂ)** 1914 ਵਿੱਚ ਧਨਾਢ ਸਮਾਜ ਸੇਵਕ ਮੁਸਲਮਾਨ ਅਬਦੁਲ ਰਹਿਮਾਨ, ਜੋ ਰਾਹੋਂ ਨਗਰ ਕੌਂਸਲ ਦੇ ਪ੍ਰਧਾਨ ਵੀ ਰਹਿ ਚੁੱਕੇ ਸਨ, ਨੇ ਨਵਾਂਸ਼ਹਿਰ ਤੋਂ ਰਾਹੋਂ ਤੱਕ ਰੇਲਵੇ ਸਟੇਸ਼ਨ ਦੀ ਲਾਈਨ ਅਤੇ ਰੇਲਵੇ ਸਟੇਸ਼ਨ ਵਾਸਤੇ 25 ਖੇਤ ਖੁਦ ਆਪ ਖਰੀਦ ਕੇ ਰਾਹੋਂ ਰੇਲਵੇ ਸਟੇਸ਼ਨ ਨੂੰ ਦਿੱਤੇ ਸਨ। ਉਨ੍ਹਾਂ ਦੀ ਇੱਕੋ ਸ਼ਰਤ ਸੀ ਕਿ ਗੱਡੀ ਲਗਾਤਾਰ ਰਾਹੋਂ ਤੋਂ ਜਲੰਧਰ ਤੋਂ ਰਾਹੋਂ ਨੂੰ ਆਉਂਦੀ-ਜਾਂਦੀ ਰਹੇ। ਲੋਕਾਂ ਦਾ ਵਪਾਰ ਚੱਲਦਾ ਰਹੇ ਅਤੇ ਯਾਤਰੀਆਂ ਨੂੰ ਕੋਈ ਸਮੱਸਿਆ ਨਾ ਹੋਵੇ। ਇਸ ਮੌਕੇ ਸਮਾਜ ਸੇਵਕ ਸ਼ਿਗਾਰਾ ਰਾਮ ਦਾ ਕਹਿਣਾ ਹੈ ਕਿ ਪੁਰਾਣੇ ਸਮੇਂ ਵਿਚ ਜਲੰਧਰ ਤੋਂ ਰਾਹੋਂ ਤੱਕ ਮਾਲ ਗੱਡੀਆਂ ਅਤੇ ਪੈਸੰਜਰ ਗੱਡੀਆਂ ਆਉਂਦੀਆਂ ਸਨ, ਜਿਨ੍ਹਾਂ ਵਿਚ ਪਟਸਨ, ਡਾਇਆ, ਜਿਪਸਮ ਖਾਦਾਂ, ਬੱਜਰੀ, ਲੁਕ, ਸੀਮੈਂਟ ਤੇ ਕੱਪੜਿਆਂ ਦਾ ਵਪਾਰ ਹੁੰਦਾ ਸੀ। ਰੋਜ਼ਾਨਾ 12 ਗੱਡੀਆਂ ਆਉਂਦੀਆਂ-ਜਾਂਦੀਆਂ ਸਨ। ਕੋਰੋਨਾ ਕਾਲ ਤੋਂ ਬਾਅਦ ਤਿੰਨ ਸਾਲ ਕੋਈ ਗੱਡੀ ਨਹੀਂ ਆਈ। ਨਵਾਂਸ਼ਹਿਰ ਤੋਂ ਰਾਹੋਂ ਤੱਕ ਬਿਜਲੀ ਨਾਲ ਚੱਲਣ ਵਾਲੀ ਗੱਡੀ ਦੀਆਂ ਤਾਰਾਂ ਤੇ ਖੰਭੇ ਲਗਾ ਕੇ ਨਵਾਂਸ਼ਹਿਰ ਤੱਕ ਕੰਪਲੀਟ ਹੋ ਚੁੱਕੇ ਹਨ ਅਤੇ ਗੱਡੀਆਂ ਦੀ ਟ੍ਰਾਇਲ ਇੰਸਪੈਕਸ਼ਨ ਵੀ ਹੋ ਚੁੱਕੀ ਹੈ। ਉਨ੍ਹਾਂ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਰਾਹੋਂ ਦੇ ਇਤਿਹਾਸਕ ਰੇਲਵੇ ਸਟੇਸ਼ਨ ਦੀ ਇਮਾਰਤ ਨੂੰ ਜਲਦੀ ਤੋਂ ਜਲਦੀ ਬਣਾਇਆ ਜਾਵੇ ਅਤੇ ਰਾਹੋਂ ਗੱਡੀਆਂ ਚਾਲੂ ਕੀਤੀਆਂ ਜਾਣ। ਰੇਲਵੇ ਸਟੇਸ਼ਨ ਦੀ ਜ਼ਮੀਨ ਤੋਂ ਕੂੜੇ ਦੇ ਡੰਪ ਹਟਾਏ ਜਾਣ। ਕਬਜ਼ਿਆਂ ਦੀ ਭਰਮਾਰ ਹੋ ਚੁੱਕੀ ਹੈ। ਰੇਲਵੇ ਸਟੇਸ਼ਨ ਦੀ ਜਗ੍ਹਾ ਖਾਲੀ ਕਰਾਈ ਜਾਵੇ ਤੇ ਜੋ ਧਾਰਮਿਕ ਕਬਜ਼ੇ ਹੋ ਚੁੱਕੇ ਹਨ, ਉਨ੍ਹਾਂ ਨੂੰ ਵੀ ਤੁਰੰਤ ਖਾਲੀ ਕਰਵਾਇਆ ਜਾਵੇ।

# ਜ਼ੋਨਲ ਯੂਥ 'ਵਰਸਿਟੀ 'ਚ ਭੰਗੜੇ ਤੇ ਝੂਮਰ ਦੀ ਜੇਤੂ ਟੀਮ ਦਾ ਸਵਾਗਤ



**ਮਾਹਿਲਪੁਰ, (ਸਫ਼ਰੀ)** ਜਿਲ੍ਹਾ ਹੁਸ਼ਿਆਰਪੁਰ ਵਿੱਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਜੋਨ ਏ ਅਧੀਨ ਪੈਂਦੇ ਵੱਖ ਵੱਖ ਕਾਲਜਾਂ ਦੇ ਵਿਦਿਆਰਥੀਆਂ ਦੀਆਂ ਸਾਹਿਤਕ ਅਤੇ ਕਲਾਤਮਿਕ ਗਤੀਵਿਧੀਆਂ ਦੇ ਮੁਕਾਬਲਿਆਂ ਤਹਿਤ ਪਿਛਲੇ ਦਿਨੀਂ ਜੀਟੀਵੀ ਕਾਲਜ ਦਸੂਹਾ ਵਿਖੇ ਆਯੋਜਿਤ ਸਾਲਾਨਾ ਪੰਜਾਬ ਯੂਨੀਵਰਸਿਟੀ ਜੋਨਲ ਯੂਥ ਐਂਡ ਹੈਰੀਟੇਜ ਫੈਸਟੀਵਲ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ।ਇਸ ਮੁਕਾਬਲੇ ਵਿੱਚ ਕਾਲਜ ਦੀ ਝੂਮਰ ਟੀਮ ਨੇ ਜੋਨ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ ਅਤੇ ਭੰਗੜਾ ਟੀਮ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਅੱਜ ਉਕਤ ਟੀਮ ਦੇ ਵਿਦਿਆਰਥੀਆਂ ਦਾ ਕਾਲਜ ਪੁੱਜਣ ਤੇ ਪ੍ਰਿੰਸੀਪਲ ਡਾ ਪਰਵਿੰਦਰ ਸਿੰਘ ਅਤੇ ਭੰਗੜਾ ਟੀਮ ਦੇ ਇੰਚਾਰਜ ਪ੍ਰੋਫੈਸਰ ਮਨਪ੍ਰੀਤ ਸੇਠੀ ਦੀ ਅਗਵਾਈ ਹੇਠ ਸਵਾਗਤ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਪਰਵਿੰਦਰ ਸਿੰਘ ਨੇ ਟੀਮ ਦੇ ਸਮੂਹ ਮੈਂਬਰਾਂ ਨੂੰ ਇਸ ਸ਼ਾਨਦਾਰ ਪ੍ਰਾਪਤੀ ਤੇ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਇਸ ਪ੍ਰਾਪਤੀ ਦਾ ਸਿਹਰਾ ਟੀਮ ਦੀ ਸਖ਼ਤ ਮਿਹਨਤ ਸਿਰ ਬੰਨਿਆ।ਇਸ ਮੌਕੇ ਟੀਮ ਇੰਚਾਰਜ ਪ੍ਰੋ ਮਨਪ੍ਰੀਤ ਸੇਠੀ ਨੇ ਕਿਹਾ ਕਿ ਵਿਦਿਆਰਥੀਆਂ ਦੀ ਸਟੇਜ ਪੇਸ਼ਕਾਰੀ ਬਹੁਤ ਚੰਗੀ ਰਹੀ ਹੈ ਜਿਸ ਨਾਲ ਟੀਮ ਨੇ ਜੋਨ ਵਿਚ ਇਹ ਸ਼ਾਨਦਾਰ ਪ੍ਰਾਪਤੀ ਹਾਸਲ ਕੀਤੀ ਹੈ।ਇਸ ਮੌਕੇ ਟੀਮ ਦੇ ਸਹਿਯੋਗੀਆਂ ਵਿੱਚ ਕਾਲਜ ਦੇ ਪੁਰਾਣੇ ਵਿਦਿਆਰਥੀ ਖੁਸ਼ਵੰਤ ਸਿੰਘ ਬੈਂਸ, ਯੁੱਧਵੀਰ ਸਿੰਘ, ਹਰਨੀਲ ਸਿੰਘ ਰਾਏ ਅਤੇ ਉਸਤਾਦ ਰਜਿੰਦਰ ਕੁਮਾਰ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

# ਲੋਹਗੜ੍ਹ ਤੋਂ ਅਮਨਦੀਪ ਕੌਰ ਖੰਗੂੜਾ ਬਣੇ ਸਰਪੰਚ




**ਫਿਲੌਰ (ਹਰਜਿੰਦਰ ਕੌਰ ਚਾਹਲ )**-ਫਿਲੌਰ ਦੇ ਨਜ਼ਦੀਕੀ ਪਿੰਡ ਲੋਹਗੜ੍ਹ ਤੋਂ ਅਮਨਦੀਪ ਕੌਰ ਖੰਗੂੜਾ ਪਤਨੀ ਗੁਰਜੀਤ ਸਿੰਘ 28 ਵੋਟਾਂ ਦੇ ਫ਼ਰਕ ਨਾਲ ਸਰਪੰਚ ਬਣੇ ਹਨ, ਜ਼ਿਕਰਯੋਗ ਹੈ ਕਿ ਅਮਨਦੀਪ ਕੌਰ ਖੰਗੂੜਾ ਅਤੇ ਪਰਿਵਾਰ ਨੇ ਦਿੱਲੀ ਦੇ ਕਿਸਾਨ ਮੋਰਚੇ 'ਚ ਬਹੁਤ ਯੋਗਦਾਨ ਪਾਇਆ ਸੀ , ਇਸ ਮੌਕੇ ਖੁਸ਼ੀ ਦਾ ਪ੍ਰਗਟਾਵਾ ਕਰਦੇ ਹੋਏ ਅਮਨਦੀਪ ਕੌਰ ਨੇ ਕਿਹਾ ਕਿ ਉਨ੍ਹਾਂ ਦਾ ਮੁੱਖ ਮਕਸਦ ਪਿੰਡ ਦਾ ਸਰਵਪੱਖੀ ਵਿਕਾਸ ਕਰਨਾ, ਪਿੰਡ ਵਿੱਚ ਭਾਈਚਾਰਕ ਏਕਤਾ ਬਣਾਉਣਾ ਅਤੇ ਪਿੰਡ ਦੇ ਲੋਕਾਂ ਦੀਆਂ ਮੁਸ਼ਕਿਲਾਂ ਨੂੰ ਫੌਰੀ ਤੌਰ 'ਤੇ ਹੱਲ ਕਰਨਾ ਹੈ। ਇਸ ਮੌਕੇ ਐਡਵੋਕੇਟ ਅਜੈ ਫ਼ਿਲੌਰ ਨੇ ਵੀ ਜੇਤੂ ਅਮਨਦੀਪ ਕੌਰ ਖੰਗੂੜਾ ਨੂੰ ਮੁਬਾਰਕਬਾਦ ਦਿੱਤੀ।।ਇਸ ਸਮੇਂ ਗੁਰਜੀਤ ਸਿੰਘ ਲੋਹਗੜ੍ਹ, ਸੰਦੀਪ ਸਿੰਘ, ਸ਼ਰਨਜੀਤ ਕੌਰ, ਪ੍ਰਿਥੀਪਾਲ ਸਿੰਘ ਆਦਿ ਹਾਜ਼ਰ ਸਨ।

# ਵਿਧਾਇਕ ਨੂੰ ਮਿਲਣ ਪੁੱਜੇ ਮੋਹਾਲੀ ਦੇ ਪਿੰਡਾਂ ਦੇ ਸਰਪੰਚ ਤੇ ਪੰਚ




**ਮੋਹਾਲੀ, (ਗੁਰਜੀਤ ਬਿੱਲਾ)** ਪੰਜਾਬ ਭਰ 'ਚ 15 ਅਕਤੂਬਰ 2024 ਨੂੰ ਹੋਈਆਂ ਆਮ ਪੰਚਾਇਤੀ ਚੌਣਾਂ 'ਚ ਵਿਧਾਨ ਸਭਾ ਹਲਕਾ ਐਸ.ਏ.ਐਸ. ਨਗਰ ਅਧੀਨ ਪੈਂਦੇ ਪਿੰਡਾਂ ਵਿਖੇ ਚੋਣਾਂ ਸ਼ਾਂਤੀਪੂਰਵਕ ਢੰਗ ਨਾਲ ਹੋਣ ਉਪਰੰਤ ਚੁਣੀਆਂ ਗਈਆਂ ਪੰਚਾਇਤਾਂ (ਸਰਪੰਚ ਅਤੇ ਪੰਚ) ਵੱਡੇ ਪੱਧਰ 'ਤੇ ਹਲਕਾ ਵਿਧਾਇਕ ਕੁਲਵੰਤ ਸਿੰਘ ਨੂੰ ਮਿਲਣ ਲਈ ਪਹੁੰਚ ਰਹੀਆਂ ਹਨ। ਪਿੰਡ ਮੌਲੀ ਬੈਦਵਾਣ, ਪੱਤੋਂ, ਰਾਏਪੁਰ ਕਲਾਂ, ਸਨੇਟਾ, ਲਾਂਡਰਾਂ, ਬੜਮਾਜਰਾ ਕਲੋਨੀ, ਜੁਝਾਰ ਨਗਰ, ਦੈੜੀ, ਗੁਡਾਣਾਂ, ਚਾਊ ਮਾਜਰਾ, ਮੋਟੇ ਮਾਜਰਾ, ਸੰਭਾਲਕੀ, ਸੁਖਗੜ੍ਹ ਅਤੇ ਬੈਂਗਮਪੁਰ ਦੀਆਂ ਚੁਣੀਆਂ ਪੰਚਾਇਤਾਂ ਦੇ ਮੈਂਬਰਾਂ ਅਤੇ ਇਨ੍ਹਾਂ ਪਿੰਡਾਂ ਦੇ ਵੱਡੀ ਗਿਣਤੀ 'ਚ ਲੋਕਾਂ ਵੱਲੋਂ ਹਲਕਾ ਵਿਧਾਇਕ ਕੁਲਵੰਤ ਸਿੰਘ ਨੂੰ ਮਿਲ ਕੇ ਚੋਣਾਂ ਅਮਨ ਸ਼ਾਂਤੀ ਅਤੇ ਬਿਨ੍ਹਾਂ ਕਿਸੇ ਭੇਦਭਾਵ ਦੇ ਕਰਵਾਉਣ ਲਈ ਸਰਕਾਰ ਖਾਸ ਕਰਕੇ ਹਲਕਾ ਵਿਧਾਇਕ ਦਾ ਧੰਨਵਾਦ ਕੀਤਾ ਹੈ।ਇਸ ਮੌਕੇ ਹਲਕਾ ਵਿਧਾਇਕ ਕੁਲਵੰਤ ਸਿੰਘ ਨੇ ਦੱਸਿਆ ਕਿ ਹਲਕਾ ਐਸ.ਏ.ਐਸ. ਨਗਰ ਅਧੀਨ ਪੈਂਦੇ 73 ਪਿੰਡਾਂ 'ਚੋਂ 70 ਪਿੰਡਾਂ 'ਚ ਚੋਣ ਹੋਈ। ਜਿਸ 'ਚੋਂ 11 ਪੰਚਾਇਤਾਂ ਸਰਬਸੰਮਤੀ ਨਾਲ, 4 ਪਿੰਡਾਂ 'ਚ ਸਰਪੰਚ ਸਰਬਸੰਮਤੀ ਨਾਲ ਅਤੇ 471 ਪੰਚਾਂ 'ਚੋਂ 191 ਪੰਚ ਸਰਬਸੰਮਤੀ ਨਾਲ ਚੁਣੇ ਗਏ ਹਨ, ਜੋ ਕਿ ਉਨ੍ਹਾਂ ਦੀ ਜਾਣਕਾਰੀ ਅਨੁਸਾਰ ਪਹਿਲੀ ਵਾਰ ਹੋਇਆ ਹੈ ਕਿ ਇੰਨੀ ਵੱਡੀ ਗਿਣਤੀ 'ਚ ਪੰਚ ਅਤੇ ਸਰਪੰਚ ਸਰਬਸੰਮਤੀ ਨਾਲ ਚੁਣੇ ਗਏ ਹਨ। ਉਨ੍ਹਾਂ ਕਿਹਾ ਇਹ ਗਿਣਤੀ ਹੋਰ ਵੀ ਵੱਧ ਹੋਣੀ ਸੀ ਪ੍ਰੰਤੂ ਵਿਰੋਧੀ ਪਾਰਟੀਆਂ ਦੇ ਆਗੂਆਂ ਨੇ ਸਾਜ਼ਿਸ਼ ਤਹਿਤ ਸਬੰਧਤ ਪਿੰਡਾਂ 'ਚ ਆਪਣੇ 1-1, 2-2 ਬੰਦੇ ਖੜ੍ਹੇ ਕਰ ਦਿੱਤੇ, ਜਿਸ ਕਾਰਨ ਕਾਫ਼ੀ ਪਿੰਡਾਂ 'ਚ ਸਰਬਸੰਮਤੀਆਂ ਨਹੀ ਹੋ ਸਕੀਆਂ। ਜਿਨ੍ਹਾਂ ਪਿੰਡਾਂ 'ਚ ਚੋਣਾਂ ਦੀ ਜਰੂਰਤ ਪਈ ਉੱਥੇ ਲੋਕਾਂ ਵੱਲੋਂ ਆਪਸੀ ਭਾਈਚਾਰੇ ਦਾ ਸਬੂਤ ਦਿੰਦੇ ਹੋਏ ਵੋਟਾਂ ਦਾ ਕੰਮ ਅਮਨ ਸ਼ਾਂਤੀ ਨਾਲ ਨਿਪਟਾਇਆ।ਹਲਕਾ ਵਿਧਾਇਕ ਕੁਲਵੰਤ ਸਿੰਘ ਨੇ ਜਿੱਤੇ ਹੋਏ ਉਮੀਦਵਾਰਾਂ ਨੂੰ ਵਧਾਈ ਦਿੱਤੀ, ਉੱਥੇ ਉਨ੍ਹਾਂ ਨੂੰ ਪਿੰਡਾਂ 'ਚ ਅਮਨ ਸ਼ਾਂਤੀ ਬਣਾਈ ਰੱਖਣ ਲਈ ਸਮੂਹ ਵੋਟਰਾਂ ਅਤੇ ਆਮ ਨਾਗਰਿਕਾਂ ਦਾ ਵੀ ਧੰਨਵਾਦ ਕੀਤਾ। ਕੁਲਵੰਤ ਸਿੰਘ ਨੇ ਚੌਣ ਨਤੀਜੇ ਆਉਣ ਤੋਂ ਬਾਅਦ ਉਨ੍ਹਾਂ ਦੇ ਦਫਤਰ ਪੁੱਜੇ ਵੱਡੀ ਗਿਣਤੀ ਸਰਪੰਚਾਂ ਅਤੇ ਪੰਚਾਂ ਨੂੰ ਆਪਣੇ ਪਿੰਡਾਂ ਦੇ ਵਿਕਾਸ ਨੂੰ ਤਰਜੀਹ ਦੇਣ ਲਈ ਪ੍ਰੇਰਿਆ। ਉਨ੍ਹਾਂ ਕਿਹਾ ਕਿ ਸਰਪੰਚ ਕਿਸੇ ਇੱਕ ਪਾਰਟੀ ਦਾ ਨਹੀ ਹੁੰਦਾ ਸਗੋਂ ਉਹ ਪੂਰੇ ਪਿੰਡ ਦਾ ਸਰਪੰਚ ਹੁੰਦਾ ਹੈ। ਇਸ ਲਈ ਪਾਰਦਰਸ਼ਤਾ ਦੇ ਨਾਲ ਪਿੰਡ ਵਿੱਚ ਵਿਕਾਸ ਦੇ ਨਾਲ-ਨਾਲ ਆਪਸੀ ਭਾਈਚਾਰਾ ਵੀ ਮਜ਼ਬੂਤ ਬਣਾਇਆ ਜਾਵੇ ਅਤੇ ਪਿੰਡ ਵਾਸੀਆਂ ਨੂੰ ਵੱਧ ਤੋਂ ਵੱਧ ਬੁਨਿਆਦੀ ਸਹੂਲਤਾਂ ਪ੍ਰਦਾਨ ਕਰਨ ਵੱਲ ਧਿਆਨ ਦਿੱਤਾ ਜਾਵੇ।ਕੁਲਵੰਤ ਸਿੰਘ ਨੇ ਨਵੀਆਂ ਚੁਣੀਆਂ ਗਈਆਂ ਨੂੰ ਇਹ ਭਰੋਸਾ ਦਿੱਤਾ ਕਿ ਪਿੰਡਾਂ ਦੇ ਸਰਬ ਪੱਖੀ ਵਿਕਾਸ ਲਈ ਦਿਲ ਖੋਲ ਕੇ ਗ੍ਰਾਂਟਾਂ ਦਿੱਤੀਆਂ ਜਾਣਗੀਆਂ ਅਤੇ ਮੌਜੂਦਾ ਸਮੇਂ ਵਿੱਚ ਚੱਲ ਰਹੇ ਕਾਰਜਾਂ ਨੂੰ ਮਿਥੇ ਸਮੇਂ 'ਚ ਮੁਕੰਮਲ ਕੀਤਾ ਜਾਵੇਗਾ ਅਤੇ ਨਵੇਂ ਕੰਮਾਂ ਦੇ ਐਸਟੀਮੇਟ ਤਿਆਰ ਕਰਕੇ ਲੋੜੀਂਦੇ ਫੰਡ ਜੁਟਾਉਣ ਲਈ ਸਰਕਾਰ ਨੂੰ ਰਿਪੋਰਟ ਭੇਜੀ ਜਾਵੇਗੀ।

# ਮਨਪ੍ਰੀਤ ਕੌਰ ਖੋਜਕੀਪੁਰ ਦੀ ਬਣੀ ਨਵੀਂ ਸਰਪੰਚ



**ਆਦਮਪੁਰ (ਪਰਮਜੀਤ ਸਿੰਘ):-** ਆਦਮਪੁਰ ਨਜ਼ਦੀਕੀ ਪਿੰਡ ਖੋਜਕੀਪੁਰ ਦੀ ਸਰਪੰਚੀ ਦੀ ਚੋਣ ਲਈ ਫਸਵੀਂ ਟੱਕਰ ਹੋਈ।ਤੁਲਸੀ ਰਾਮ ਹੀਰ ਪਰਿਵਾਰ ਵਲੋਂ ਲਗਾਤਾਰ ਤੀਜੀ ਵਾਰ ਸਰਪੰਚ ਦੀ ਚੋਣ ਦੀ ਜਿੱਤੀ ਹੈ।ਸਭ ਤੋਂ ਪਹਿਲਾਂ ਤੁਲਸੀ ਰਾਮ ਹੀਰ ਸਰਪੰਚ ਬਣੇ,ਦੂਸਰੀ ਵਾਰ ਉਨ੍ਹਾਂ ਦੀ ਪਤਨੀ ਗੁਰਦੇਵ ਕੌਰ ਸਰਪੰਚ ਬਣੇ ਸਨ।ਇਸ ਵਾਰ ਨਗਰ ਨਿਵਾਸੀਆਂ ਵਲੋਂ ਪੜ੍ਹੇ ਲਿਖੇ ਉਮੀਦਵਾਰ ਦੀ ਮੰਗ 'ਤੇ ਉਨ੍ਹਾਂ ਨੇ ਆਪਣੀ ਨੂੰਹ ਮਨਪ੍ਰੀਤ ਕੌਰ ਪਤਨੀ ਸੁਰਜੀਤ ਕੁਮਾਰ ਨੂੰ ਸਰਪੰਚੀ ਦੀ ਚੋਣ ਲਈ ਉਮੀਦਵਾਰ ਬਣਾਇਆ। ਮਨਪ੍ਰੀਤ ਨੇ !ਆਪਣੇ ਵਿਰੋਧੀ ਸਰਪੰਚੀ ਦੀ ਉਮੀਦਵਾਰ ਸੰਤੋਸ਼ ਕੁਮਾਰੀ ਨੂੰ 272 ਵੋਟਾਂ ਮੁਕਬਲੇ 302 ਵੋਟਾਂ ਲੈ ਕੇ ਜੇ ਜਿੱਤ ਪ੍ਰਾਪਤ ਕੀਤੀ। ਇਨ੍ਹਾਂ ਵਲੋਂ ਪਹਿਲਾਂ ਜੋ ਪਿੰਡ ਦਾ ਵਿਕਾਸ ਕੀਤਾ ਤੇ ਬਾਕੀ ਜੋ ਰਹਿੰਦਾ ਵਿਕਾਸ ਉਸ ਨੂੰ ਪੂਰਾ ਕਰਨ ਦੇ ਵਾਅਦ ਤੇ ਪਿੰਡ ਵਾਸੀਆਂ ਨੂੰ ਮੁੜ ਉਨ੍ਹਾਂ ਨੂੰ ਸਰਪੰਚੀ ਦੀਆਂ ਵੋਟਾਂ ਪਾਉਣ ਦੀ ਅਪੀਲ ਕੀਤੀ ਗਈ।ਪਿੰਡ ਦੀ ਨਵੀਂ ਬਣੀ ਸਰਪੰਚ ਮਨਪ੍ਰੀਤ ਕੌਰ ਦੇ ਪਰਿਵਾਰ ਵੱਲੋਂ ਸਮੂਹ ਨਗਰ ਨਿਵਾਸੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ।

ਇਸ ਮੌਕੇ ਪਿੰਡ ਵਾਸੀ ਬਲਜੀਤ ਸਿੰਘ, ਸਰਵਣ ਸਿੰਘ, ਸੁਰਿੰਦਰ ਸਿੰਘ ਸਿੱਧੂ, ਦੀਪਾ , ਗੁਰਦਿਆਲ ਸਿੰਘ, ਸਰਵਣ ਸਿੰਘ ਸ਼ੱਬਾ, ਸਾਬਕਾ ਸਰਪੰਚ ਤੁਲਸੀ ਰਾਮ ਹੀਰ, ਸਾਬਕਾ ਸਰਪੰਚ ਗੁਰਦੇਵ ਕੌਰ, ਪਰਮਜੀਤ ਸਿੰਘ ਹੀਰ(ਪੋਲਾ), ਸੁਰਜੀਤ ਸਿੰਘ, ਮਨਜੀਤ ਸਿੰਘ, ਬਲਵਿੰਦਰ ਸਿੰਘ ਸਾਬੀ ਆਦਿ ਹਾਜ਼ਰ ਸਨ।

# ਪਾਇਥਨ ਵੈੱਬ ਵਿਕਾਸ ਪ੍ਰੋਗਰਾਮ ਆਰ ਬੀ ਯੂ 'ਚ ਆਯੋਜਿਤ



**ਮੋਹਾਲੀ, ਕੁਰਾਲੀ (ਗੁਰਜੀਤ ਬਿੱਲਾ, ਮੋਹਨ ਅਗਰਵਾਲ)** ਰਿਆਤ ਬਾਹਰਾ ਯੂਨੀਵਰਸਿਟੀ ਦੇ ਯੂਨੀਵਰਸਿਟੀ ਸਕੂਲ ਆਫ਼ ਕੰਪਿਊਟਿੰਗ ਦੁਆਰਾ ਇਨਫੋਸਿਸ ਅਤੇ ਆਈ ਸੀ ਟੀ ਅਕੈਡਮੀ ਵੱਲੋਂ 150 ਘੰਟੇ ਦੇ ਪਾਇਥਨ ਵੈੱਬ ਵਿਕਾਸ ਸਿਖਲਾਈ ਪ੍ਰੋਗਰਾਮ ਦਾ ਸ਼ੁਰੂ ਕੀਤਾ ਗਿਆ।ਇਹ ਪ੍ਰੋਗਰਾਮ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ, ਵਾਈਸ-ਚਾਂਸਲਰ ਡਾ: ਪਰਵਿੰਦਰ ਸਿੰਘ ਅਤੇ ਡੀਨ ਡਾ. ਆਨੰਦ ਕੁਮਾਰ ਸ਼ੁਕਲਾ ਦੀ ਅਗਵਾਈ ਹੇਠ ਕਰਵਾਇਆ ਗਿਆ।ਰਿਆਤ ਬਾਹਰਾ ਯੂਨੀਵਰਸਿਟੀ ਵਿੱਚ ਹੋਏ ਉਦਘਾਟਨੀ ਸਮਾਰੋਹ ਵਿੱਚ ਭਾਵਨਾ ਤਕਨੀਕੀ ਟ੍ਰੇਨਰ ਅਤੇ ਰਵੀ ਆਈਸੀਟੀ ਅਕੈਡਮੀ ਦੇ ਮੈਂਬਰ, ਡੀਨ ਯੂ ਐਸ ਸੀ, ਫੈਕਲਟੀ ਮੈਂਬਰ ਅਤੇ ਵਿਦਿਆਰਥੀਆਂ ਸਮੇਤ ਮਹਿਮਾਨਾਂ ਨੇ ਸ਼ਿਰਕਤ ਕੀਤੀ।ਇਹ ਪਹਿਲਕਦਮੀ ਤਕਨੀਕੀ ਉਦਯੋਗ ਦੀਆਂ ਉੱਭਰਦੀਆਂ ਮੰਗਾਂ ਨੂੰ ਪੂਰਾ ਕਰਨ ਲਈ ਵਿਦਿਆਰਥੀਆਂ ਨੂੰ ਤਿਆਰ ਕਰਨ ਵਾਲੇ ਅਕਾਦਮਿਕ ਅਤੇ ਉਦਯੋਗ ਵਿਚਕਾਰ ਪਾੜੇ ਨੂੰ ਪੂਰਾ ਕਰੇਗੀ।ਇਸ ਸਹਿਯੋਗ ਰਾਹੀਂ, ਇਨਫੋਸਿਸ ਇੰਟਰਨਸ਼ਿਪ, ਖੋਜ ਦੇ ਮੌਕੇ, ਹੁਨਰ ਵਿਕਾਸ ਪ੍ਰੋਗਰਾਮਾਂ ਸਮੇਤ ਕਈ ਤਰ੍ਹਾਂ ਦੀਆਂ ਪਹਿਲਕਦਮੀਆਂ ਦੀ ਪੇਸ਼ਕਸ਼ ਕਰੇਗਾ। ਅਤੇ ਇਹਨਾਂ ਵਰਕਸ਼ਾਪਾਂ ਦਾ ਉਦੇਸ਼ ਆ ਰ ਟੀ ਫੀ ਸ਼ੀ ਅ ਲ ਇੰਟੈਲੀਜੈਂਸ, ਮਸ਼ੀਨ ਲਰਨਿੰਗ ਵਰਗੀਆਂ ਉੱਭਰਦੀਆਂ ਤਕਨੀਕਾਂ ਵਿੱਚ ਵਿਦਿਆਰਥੀਆਂ ਨੂੰ ਨਿਪੁੰਨ ਬਣਾਉਣਾ ਹੈ।ਇਹ ਪ੍ਰੋਗਰਾਮ ਵਿਦਿਆਰਥੀਆਂ ਨੂੰ ਹੈਂਡ-ਆਨ-ਐਕਸਪੀਰੀਅੰਸ, ਮੈਂਟਰਸ਼ਿਪ ਅਤੇ ਉਦਯੋਗ ਦੇ ਮਾਹਿਰਾਂ ਦੇ ਨਾਲ ਅਸਲ ਸੰਸਾਰ ਪ੍ਰੋਜੈਕਟਾਂ 'ਤੇ ਕੰਮ ਕਰਨ ਦੇ ਮੌਕੇ ਪ੍ਰਦਾਨ ਕਰੇਗਾ।

# ਮੇਜਰ ਸਿੰਘ ਨੰਬਰਦਾਰ ਬਣੇ ਓਇੰਦ ਦੇ ਸਰਪੰਚ

**ਮੋਰਿੰਡਾ (ਜੈਜ਼ੀ ਸਰਦਾਰ)**-ਗ੍ਰਾਮ ਪੰਚਾਇਤ ਪਿੰਡ ਓਇੰਦ ਦੀ ਚੋਣ ਵਿੱਚ ਮੇਜਰ ਸਿੰਘ ਨੰਬਰਦਾਰ ਨੇ ਕਾਂਗਰਸ ਪਾਰਟੀ ਅਤੇ ਚਰਨਜੀਤ ਸਿੰਘ ਚੰਨੀ ਸਾਬਕਾ ਮੁੱਖ ਮੰਤਰੀ ਦੇ ਨਜ਼ਦੀਕੀ ਪ੍ਰਿਤਪਾਲ ਸਿੰਘ ਨੂੰ 460 ਵੋਟਾਂ ਦੇ ਫਰਕ ਨਾਲ ਹਰਾ ਕੇ ਪਿੰਡ ਓਇੰਦ ਦੇ ਸਰਪੰਚ ਬਣ ਗਏ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜੇਤੂ ਸਰਪੰਚ ਮੇਜਰ ਸਿੰਘ ਨੰਬਰਦਾਰ ਨੇ ਦੱਸਿਆ ਕਿ ਪਿੰਡ ਓਇੰਦ ਵਿਖੇ 1125 ਵੋਟ ਭੁਗਤੀਆਂ। ਜਿਹਨਾਂ ਵਿੱਚੋਂ 790 ਵੋਟਾਂ ਮੇਜਰ ਸਿੰਘ ਨੂੰ ਤੇ 330ਵੋਟਾਂ ਪ੍ਰਿਤਪਾਲ ਸਿੰਘ ਨੂੰ ਤੇ 5 ਵੋਟਾਂ ਰੱਦ ਹੋਈਆਂ।ਉਹਨਾਂ ਦੇ ਨਾਲ ਹੂੰਝਾ ਫੇਰੂ ਜਿੱਤ ਦਾ ਪ੍ਰਦਰਸ਼ਨ ਕਰਦੇ ਹੋਏ ਚਾਰ ਪੰਚਾਇਤ ਮੈਂਬਰ ਵੀ ਜਿਹਨਾਂ ਦੀ ਚੋਣ ਹੋਈ ਹੈ,ਵੱਡੇ ਫ਼ਰਕ ਨਾਲ ਜਿੱਤੇ ਹਨ।

ਜਿੱਤਣ ਵਾਲੇ ਪੰਚਾਇਤ ਮੈਂਬਰਾਂ ਵਿੱਚ ਭੁਪਿੰਦਰ ਸਿੰਘ ਕੰਧੋਲਾ,ਗੁਰਜਿੰਦਰ ਸਿੰਘ ਸੋਨੀ, ਜਗਤਾਰ ਸਿੰਘ ਬਿੱਲਾ ਕੰਧੋਲਾ,ਕੁਲਦੀਪ ਕੌਰ ਖਰੌੜ, ਸੁਖਵਿੰਦਰ ਕੌਰ ਨੱਤ, ਸੁਖਵਿੰਦਰ ਕੌਰ ਪੁਆਰ ਤੇ ਜਸਪ੍ਰੀਤ ਸਿੰਘ ਸ਼ਾਮਲ ਹਨ। ਪਿੰਡ ਵਾਸੀਆਂ ਨੇ ਬੜੇ ਜੋਸ਼ੋਖਰੋਸ਼ ਨਾਲ ਚੁਣੀ ਗ੍ਰਾਮ ਪੰਚਾਇਤ ਤੇ ਜੇਤੂ ਸਰਪੰਚ ਦਾ ਸਵਾਗਤ ਕੀਤਾ ਅਤੇ ਗੁਰੂ ਘਰ ਜਾ ਕੇ ਸ਼ੁਕਰਾਨਾ ਕੀਤਾ।



# ਮੁਕਤ ਕੌਰ ਹੋਲਗੜ੍ਹ ਦੀ ਸਰਪੰਚ ਬਣੀ



**ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)** ਮੁਕਤ ਕੌਰ ਪਿੰਡ ਚੱਕ ਹੋਲਗੜ੍ਹ ਸਹੋਤਾ ਤੋਂ ਚਾਰ ਵੋਟਾਂ ਨਾਲ ਜੇਤੂ।ਸਮਾਜ ਸੇਵੀ ਹਰਤੇਗਬੀਰ ਸਿੰਘ ਤੇਗੀ ਦੀ ਧਰਮ ਪਤਨੀ ਮੁਕਤ ਕੌਰ ਚਾਰ ਵੋਟਾਂ ਨਾਲ ਜੇਤੂ ਰਹੀ। ਪਿੰਡ ਸਹੋਤਾ ਵਿਖੇ ਕੁੱਲ 627 ਵੋਟਾਂ ਸਨ, ਜਿਸ 'ਚੋਂ 450 ਵੋਟਾਂ ਪੋਲ ਹੋਈਆਂ ਤੇ ਛੇ ਵੋਟਾਂ ਕੈਂਸਲ ਹੋਈਆਂ। ਮੁਕਤ ਕੌਰ ਨੂੰ 224 ਵੋਟਾਂ ਪਈਆਂ ਤੇ ਵਿਰੋਧੀ ਧਿਰ ਦੀ ਅਨੀਤਾ ਰਾਣੀ ਨੂੰ 220 ਵੋਟਾਂ ਪਈਆਂ, ਜਿਸ ਦੇ ਨਾਲ ਚਾਰ ਵੋਟਾਂ ਦੇ ਫਰਕ ਨਾਲ ਮੁਕਤ ਕੌਰ ਜੇਤੂ ਰਹੀ। ਇਸ ਦੇ ਨਾਲ ਸ਼ਹਿਰ ਦੇ ਵਿੱਚ ਖੁਸ਼ੀ ਦੀ ਲਹਿਰ ਹੈ।

# ਸਤਬੀਰ ਸਿੰਘ ਸੱਤੀ ਆਦਮਵਾਲ ਦੇ ਸਰਪੰਚ ਚੁਣੇ ਗਏ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਪਿੰਡ ਆਦਮਾਲ ਵਿੱਚ ਠਾਕੁਰ ਸਤਬੀਰ ਸਿੰਘ ਸੱਤੀ ਦੇ ਸਰਪੰਚ ਬਣਨ 'ਤੇ ਖੱਤਰੀ ਕਰ ਕਰਨੀ ਸੇਵਾ ਪੰਜਾਬ ਦੇ ਪ੍ਰਧਾਨ ਲੱਕੀ ਠਾਕੁਰ ਦੀ ਗਵਾਈ ਵਿੱਚ ਸਰਪੰਚ ਚੁਣੇ ਜਾਣ ਤੋਂ ਬਾਅਦ ਉਹਨਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਲੱਕੀ ਠਾਕਰ ਨੇ ਕਿਹਾ ਕਿ ਸੱਤੀ ਚੌਥੀ ਵਾਰ ਆਦਮਵਾਲ ਪਿੰਡ ਦੇ ਸਰਪੰਚ ਬਣੇ ਹਨ ਜੋ ਕਿ ਬਹੁਤ ਹੀ ਮਾਣ ਵਾਲੀ ਗੱਲ ਹੈ। ਇਸ ਮੌਕੇ ਠਾਕੁਰ ਸਤਬੀਰ ਸਿੰਘ ਸੱਤੀ ਨੇ ਕਿਹਾ ਕਿ ਉਹ ਪੂਰੀ ਮਿਹਨਤ ਨਾਲ ਪਿੰਡ ਦਾ ਵਿਕਾਸ ਅਤੇ ਆਪਸੀ ਭਾਈਚਾਰਾ ਬਣਾਏ ਰੱਖਣ ਦਾ ਪੂਰਾ ਯਤਨ ਕਰਨਗੇ।ਇਸ ਮੌਕੇ ਦਵਿੰਦਰ ਸਿੰਘ, ਚੇਤਨ ਠਾਕੁਰ, ਰਾਜ ਕੁਮਾਰ, ਮਨਜੀਤ ਸਿੰਘ ਪੰਚ, ਗੁਰਪਾਲ ਰੂਬੀ, ਸਾਲੂ ਸ਼ਰਮਾ, ਚੈਰੀ ਠਾਕਰ, ਮੋਨੂ, ਸੋਨੂ ਅਤੇ ਅਨਿਲ ਥਿੰਦ ਆਦਿ ਮੌਜੂਦ ਸਨ।

## ਵਰ੍ਹੇਗੰਢ ਮੁਬਾਰਕ



ਸੂਬੇਦਾਰ ਦੀਦਾਰ ਸਿੰਘ ਸੋਖੀ ਅਤੇ ਪਰਮਜੀਤ ਕੌਰ ਵਾਸੀ ਪਿੰਡ ਖੁੰਡਾ ਨੇ ਵਿਆਹ ਦੀ 47ਵੀਂ ਵਰ੍ਹੇਗੰਢ ਮਨਾਈ।

# ਮਨਸੇਵਾਲ ਤੋਂ ਸੀਤਾ ਦੇਵੀ ਸਰਪੰਚ ਚੁਣੀ ਗਈ



**ਬਲਾਚੌਰ (ਜਸਵਿੰਦਰ ਬੈਂਸ )** ਸ਼ਹੀਦ ਭਗਤ ਸਿੰਘ ਨਗਰ ਦੀ ਤਹਿਸੀਲ ਬਲਾਚੌਰ ਦੇ ਪਿੰਡ ਮਨਸੇਵਾਲ ਦੀ ਸਰਪੰਚੀ ਚੋਣ ਵਿੱਚ ਸੀਤਾ ਦੇਵੀ ਪਤਨੀ ਰਾਮ ਕੁਮਾਰ ਜੇਤੂ ਰਹੀ। ਉਸ ਨੇ ਰਿੰਪੀ ਪਤਨੀ ਸੇਠੀ ਨੂੰ ਹਰਾਇਆ। ਜੇਤੂ ਪੰਚਾਂ ਵਿੱਚ ਵਾਰਡ ਨੰਬਰ 1ਤੋਂ ਲਵਨੀਸ਼ ਹਨੀ, 2 ਤੋਂ ਬਿਕਰਮ, 3 ਤੋਂ ਪ੍ਰੇਮ ਕੁਮਾਰ, 4ਤੋਂ ਆਸ਼ਾ ਰਾਣੀ,ਅਤੇ 5ਤੋ ਕਮਲੇਸ਼ ਜੇਤੂ ਰਹੇ।ਜੇਤੂ ਸਰਪੰਚ ਅਤੇ ਪੰਚਾਂ ਨੇ ਪਿੰਡ ਵਾਸੀਆਂ ਦਾ ਧੰਨਵਾਦ ਕੀਤਾ। ਉਹਨਾਂ ਕਿਹਾ ਕਿ ਪਿੰਡ ਵਾਸੀਆਂ ਨਾਲ ਮਿਲ ਕੇ ਵਿਕਾਸ ਵਿੱਚ ਕਿਸੇ ਤਰ੍ਹਾਂ ਦੀ ਕੋਈ ਕਮੀ ਨਹੀਂ ਆਣ ਦਿਆਂਗੇ ਅਤੇ ਪਿੰਡ ਵਿੱਚ ਆਪਸੀ ਭਾਈਚਾਰੇ ਨੂੰ ਹਮੇਸ਼ਾ ਲਈ ਬਰਕਰਾਰ ਰੱਖਾਂਗੇ।

